# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. (ਪੁਲਿਸ ਐਡਮਿਨਿਸਟਰੇਸ਼ਨ) ਸਮੈਸਟਰ ਦੂਜਾ

ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


| | | |
|---|---|---|
| 2.1 | : | ਗਵਰਨਰ |
| 2.2 | : | ਰਾਜ ਦਾ ਮੁੱਖ ਮੰਤਰੀ, ਮੁੱਖ ਸਕੱਤਰ |
| 2.3 | : | ਰਾਜ ਵਿਧਾਨ ਮੰਡਲ |
| 2.4 | : | ਰਾਜ ਨਿਆਂਪਾਲਿਕਾ - ਹਾਈ ਕੋਰਟ |
| 2.5 | : | ਲੋਕ ਪਾਲ/ ਲੋਕ ਆਯੁਕਤ |
| 2.6 | : | ਅਨੁਸੂਚਿਤ ਜਾਤੀ/ਕਬੀਲੇ ਕੇਂਦਰੀ ਆਯੋਗ |


**Department website : www.pbidde.org**

**ਪਾਠ ਨੰ: 2.1**

## ਗਵਰਨਰ (Governor)

ਸਾਡੇ ਦੇਸ਼ ਵਿਚ ਸੰਘੀ ਸ਼ਾਸਨ ਪ੍ਰਣਾਲੀ ਹੋਣ ਕਾਰਨ ਰਾਜਾਂ ਦਾ ਸ਼ਾਸਨ ਚਲਾਉਣ ਲਈ ਹਰੇਕ ਰਾਜ ਵਿਚ ਰਾਜ ਸਰਕਾਰ ਦਾ ਪ੍ਰਬੰਧ ਕੀਤਾ ਗਿਆ ਹੈ। ਭਾਰਤੀ ਸ਼ਾਸਨ-ਪ੍ਰਬੰਧ ਦੀ ਇਹ ਇਕ ਮੁੱਖ ਵਿਸ਼ੇਸ਼ਤਾ ਹੈ ਕਿ ਕੇਂਦਰ ਅਤੇ ਰਾਜਾਂ ਵਿਚ ਇਕੋ ਹੀ ਤਰ੍ਹਾਂ ਦੀ ਸੰਸਦੀ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ। ਰਾਜ ਦੀ ਕਾਰਜਪਾਲਿਕਾ ਦੇ ਮੁੱਖੀ ਦੀ ਰਾਜਪਾਲ (Governor) ਦੇ ਰੂਪ ਵਿਚ ਵਿਵਸਥਾ ਵੀ ਕੀਤੀ ਗਈ ਹੈ। ਸੰਵਿਧਾਨ ਅਨੁਸਾਰ ਹਰੇਕ ਰਾਜ ਦਾ ਇਕ ਰਾਜਪਾਲ ਹੋ ਸਕਦਾ ਹੈ, ਪਰ ਸੰਵਿਧਾਨ ਵਿਚ ਇਹ ਵਿਵਸਥਾ ਵੀ ਕੀਤੀ ਗਈ ਹੈ ਕਿ ਇਕ ਹੀ ਵਿਅਕਤੀ ਦੋ ਜਾਂ ਦੋ ਤੋਂ ਵੱਧ ਰਾਜਾਂ ਦਾ ਵੀ ਰਾਜਪਾਲ ਹੋ ਸਕਦਾ ਹੈ।1ਰਾਜਪਾਲ ਰਾਜ ਦਾ ਸੰਵਿਧਾਨਿਕ ਮੁੱਖੀ ਹੈ, ਅਤੇ ਉਸ ਦੇ ਨਾਂ ਤੇ ਹੀ ਰਾਜ ਦਾ ਸ਼ਾਸਨ ਚਲਾਇਆ ਜਾਂਦਾ ਹੈ। ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ 1935 ਦੇ ਐਕਟ ਅਧੀਨ ਗਵਰਨਰ ਨੂੰ ਅਨੇਕਾਂ ਅਧਿਕਾਰ ਪ੍ਰਾਪਤ ਸਨ ਪਰ ਮੌਜੂਦਾ ਸਮੇਂ ਉਸ ਨੂੰ ਨਾਂ ਮਾਤਰ ਰਖਿਆ ਗਿਆ ਹੈ। ਸੰਵਿਧਾਨ ਨਿਰਮਾਤਾਵਾਂ ਨੇ ਗਵਰਨਰ ਦੀ ਚੋਣ ਸਿੱਧੀ (Direct) ਰੱਖੇ ਜਾਣ ਦੀ ਤਜਵੀਜ਼ ਤੇ ਵਿਚਾਰ ਕੀਤਾ ਸੀ ਪਰ ਇਹ ਤਜਵੀਜ਼ ਰੱਦ ਕਰ ਦਿੱਤੀ ਗਈ। ਇਸ ਦਾ ਕਾਰਨ ਇਹ ਸੀ ਕਿ ਸੰਸਦੀ ਪ੍ਰਬੰਧ ਅਧੀਨ ਵਾਸਤਵਿਕ ਅਧਿਕਾਰ ਰਾਜ ਦੇ ਮੰਤਰੀ ਪਰਿਸ਼ਦ ਨੂੰ ਦਿੱਤੇ ਜਾਣੇ ਸਨ। ਸਿੱਧੀ ਚੋਣ ਨਾਲ ਦੋਹਾਂ ਵਿਚਕਾਰ ਟੱਕਰ ਦਾ ਡਰ ਸੀ। ਇਸ ਲਈ ਰਾਜਪਾਲ ਦੀ ਨਿਯੁਕਤੀ ਮੌਜੂਦਾ ਸੰਵਿਧਾਨ ਅਧੀਨ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਰਾਜਪਾਲ ਦੀ ਨਿਯੁਕਤੀ, ਸ਼ਕਤੀਆਂ ਅਤੇ ਉਸ ਦੀ ਸਥਿਤੀ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ।

**ਰਾਜਪਾਲ ਦੀ ਨਿਯੁਕਤੀ (Appointment of the Governor) :** ਰਾਜਪਲ ਦੀ ਨਿਯੁਕਤੀ ਸੰਬੰਧੀ ਸੰਵਿਧਾਨ ਸਭਾ (Constituent Assembly) ਵਿਚ ਰਾਜਪਾਲ ਨੂੰ ਜਨਤਾ ਦੁਆਰਾ ਜਾਂ ਵਿਧਾਨਪਾਲਿਕਾ ਦੁਆਰਾ ਚੁਣੇ ਜਾਣ ਦੇ ਸੁਝਾਅ ਦਿੱਤੇ ਗਏ ਸਨ, ਪ੍ਰੰਤੂ ਸੰਵਿਧਾਨ ਰਚਣਹਾਰਿਆਂ ਨੇ ਇਹਨਾਂ ਸੁਝਾਵਾਂ ਨੂੰ ਪ੍ਰਵਾਨ ਨਾ ਕੀਤਾ ਤੇ ਉਹਨਾਂ ਦੀ ਥਾਂ ਤੇ ਕੈਨੇਡਾ ਵਿਚ ਪ੍ਰਚਲਤ ਪ੍ਰਥਾ ਨੂੰ ਅਪਣਾਇਆ। ਜਿਸ ਤਰ੍ਹਾਂ ਕੈਨੇਡਾ ਵਿਚ ਗਵਰਨਰਾਂ ਦੀ ਨਿਯੁਕਤੀ ਗਵਰਨਰ-ਜਨਰਲ (Governor General) ਦੁਆਰਾ ਹੁੰਦੀ ਹੈ, ਇਸੇ ਤਰ੍ਹਾਂ ਸਾਡੇ ਦੇਸ਼ ਵਿਚ ਰਾਜਪਾਲਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਰਾਜਪਾਲਾਂ ਦੀ ਨਿਯੁਕਤੀ ਸੰਵਿਧਾਨ ਅਨੁਸਾਰ ਤਾਂ ਰਾਸ਼ਟਰਪਤੀ ਕਰਦਾ ਹੈ, ਪ੍ਰੰਤੂ ਵਿਵਹਾਰ ਵਿਚ ਰਾਜਪਾਲਾਂ ਦੀਆਂ ਨਿਯੁਕਤੀਆਂ ਪ੍ਰਧਾਨ ਮੰਤਰੀ ਦੀ ਸਲਾਹ ਤੇ ਹੀ ਕੀਤੀਆਂ ਜਾਂਦੀਆਂ ਹਨ।

**ਰਾਜਪਾਲ ਦੀ ਨਿਯੁਕਤੀ ਸੰਬੰਧੀ ਪ੍ਰੰਪਰਾਵਾਂ (Conventions relating to the appointment of Governor) :** ਭਾਰਤ ਵਿਚ ਰਾਜਪਾਲਾਂ ਦੀ ਨਿਯੁਕਤੀ ਸੰਬੰਧੀ ਪਿਛਲੇ ਕਈ ਸਾਲਾਂ ਤੋਂ ਦੋ ਪ੍ਰੰਪਰਾਵਾਂ ਪ੍ਰਚਲਿਤ ਹਨ, ਜਿਨ੍ਹਾਂ ਪ੍ਰਤੀ ਰਾਜਪਾਲਾਂ ਦੀ ਨਿਯੁਕਤੀ ਸਮੇਂ ਖਾਸ ਧਿਆਨ ਦਿੱਤਾ ਜਾਂਦਾ ਹੈ। ਇਕ ਪ੍ਰੰਪਰਾ ਅਨੁਸਾਰ ਕਿਸੇ ਅਜਿਹੇ ਵਿਅਕਤੀ ਨੂੰ3 ਰਾਜ ਦਾ ਰਾਜਪਾਲ ਨਿਯੁਕਤੀ ਕੀਤਾ ਜਾਂਦਾ ਹੈ ਜੋ ਉਸ ਰਾਜ ਦਾ ਵਾਸੀ ਨਾ ਹੋਵੇ। ਅਜਿਹੀ ਵਿਵਸਥਾ ਰਾਜਪਾਲ ਨੂੰ ਨਿਰਪੱਖ ਅਤੇ ਦਲ ਹਿੱਤਾਂ ਤੋਂ ਸੁਤੰਤਰ ਹੋ ਕੇ ਆਪਣੇ ਕਰਤੱਵਾਂ ਨੂੰ ਨਿਭਾਉਣ

1. Art. 153 "There shall be a Governor for each State provided that nothing in this Article shall prevent the appointment of the same person as Governor for two or more States."
2. Art. 155 "The Governor of a State shall be appointed by the President.

ਲਈ ਬੜੀ ਸਹਾਇਕ ਸਿੱਧ ਹੁੰਦੀ ਹੈ, ਪ੍ਰੰਤੂ ਇਸ ਰਵਾਇਤ ਦਾ ਭਾਵ ਇਹ ਨਹੀਂ ਕਿ ਕਿਸੇ ਵਿਅਕਤੀ ਨੂੰ ਉਸ ਰਾਜ ਦਾ ਰਾਜਪਾਲ ਨਿਯੁਕਤ ਕੀਤਾ ਹੀ ਨਹੀਂ ਜਾ ਸਕਦਾ, ਜਿਸ ਦਾ ਉਹ ਵਾਸੀ ਹੋਵੇ। ਕੁਝ ਉਦਾਹਰਣਾਂ ਅਜਿਹੀਆਂ ਹਨ ਜਦੋਂ ਕਿ ਕਈ ਵਿਅਕਤੀਆਂ ਨੂੰ ਆਪਣੇ ਰਾਜ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਸੀ, ਜਿਵੇਂ ਬੰਗਾਲ ਵਿਚ ਡਾਕਟਰ ਐਚ.ਸੀ. ਮੁਕਰਜੀ, (Dr. H.C. Mukerji), ਪੰਜਾਬ ਵਿਚ ਸਰਦਾਰ ਉੱਜਲ ਸਿੰਘ ਅਤੇ ਮੈਸੂਰ ਵਿਚ ਐਲ.ਐਚ. ਜੇ. ਵੂਡਿਅਰ (L.H.J. Wodyar) ਰਾਜਪਾਲ ਦੀ ਪਦਵੀ ਤੇ ਬਿਰਾਜਮਾਨ ਹੋਏ ਸਨ। ਇਹ ਤਿੰਨੇ ਵਿਅਕਤੀ ਉਹਨਾਂ ਹੀ ਰਾਜਾਂ ਦੇ ਜਮਾਂਦਰੂ ਨਿਵਾਸੀ ਸਨ ਜਿਨ੍ਹਾਂ ਵਿਚ ਇਹਨਾਂ ਨੂੰ ਰਾਜਪਾਲ ਦੀ ਪਦਵੀ ਤੇ ਨਿਯੁਕਤ ਕੀਤਾ ਗਿਆ ਸੀ।

ਦੂਸਰੀ ਰਵਾਇਤ ਇਹ ਹੈ ਕਿ ਕਿਸੇ ਰਾਜ ਵਿਚ ਰਾਜਪਾਲ ਦੀ ਨਿਯੁਕਤੀ ਕਰਨ ਤੋਂ ਪਹਿਲਾਂ ਸੰਬੰਧਿਤ ਰਾਜ ਦੇ ਮੁੱਖ ਮੰਤਰੀ ਕੋਲੋਂ ਸਲਾਹ ਲਈ ਜਾਂਦੀ ਹੈ ਅਤੇ ਅਕਸਰ ਉਸ ਵਿਅਕਤੀ ਨੂੰ ਰਾਜ ਦਾ ਰਾਜਪਾਲ ਨਿਯੁਕਤ ਨਹੀਂ ਕੀਤਾ ਜਾਂਦਾ ਜੋ ਵਿਅਕਤੀ ਸੰਬੰਧਿਤ ਰਾਜ ਦੇ ਮੁੱਖ ਮੰਤਰੀ ਨੂੰ ਪ੍ਰਵਾਨ ਨਾ ਹੋਵੇ। ਇਥੇ ਇਹ ਗੱਲ ਵਰਨਣਯੋਗ ਹੈ ਕਿ ਜਦੋਂ ਕਿਸੇ ਕਾਰਣ ਕਰਕੇ ਰਾਜਪਲ ਦੀ ਪਦਵੀ ਖਾਲੀ ਹੋਵੇ ਤਾਂ ਉਸ ਰਾਜ ਦੀ ਉੱਚ ਅਦਾਲਤ ਦੇ ਮੁੱਖ ਜੱਜ ਨੂੰ ਕਾਰਜਵਾਹਕ ਰਾਜਪਾਲ (Acting Governor) ਨਿਯੁਕਤ ਕੀਤਾ ਜਾ ਸਕਦਾ ਹੈ।

**ਯੋਗਤਾਵਾਂ (Qualifications) :** ਰਾਜਪਲ ਦੀ ਪਦਵੀ ਲਈ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ:

(i) ਉਹ ਭਾਰਤ ਦਾ ਨਾਗਰਿਕ ਹੋਵੇ।

(ii) ਉਸ ਦੀ ਉਮਰ 35 ਸਾਲ ਜਾਂ ਇਸ ਤੋਂ ਵੱਧ ਹੋਵੇ।

(iii) ਉਹ ਸੰਸਦ ਦਾ ਜਾਂ ਕਿਸੇ ਰਾਜ ਵਿਧਾਨ ਮੰਡਲ ਦਾ ਮੈਂਬਰ ਨਾ ਹੋਵੇ। ਜੇਕਰ ਵਿਧਾਨ ਮੰਡਲ ਦੇ ਕਿਸੇ ਮੈਂਬਰ ਨੂੰ ਰਾਜਪਾਲ ਦੇ ਪਦ ਤੇ ਨਿਯੁਕਤ ਕੀਤਾ ਜਾਂਦਾ ਹੈ, ਤਾਂ ਰਾਜਪਾਲ ਦਾ ਪਦ ਗ੍ਰਹਿਣ ਕਰਨ ਤੋਂ ਹੀ ਉਸ ਦਾ ਵਿਧਾਨ ਮੰਡਲ ਵਾਲਾ ਸਥਾਨ ਖਾਲੀ ਸਮਝਿਆ ਜਾਵੇਗਾ।

(iv) ਰਾਜਪਾਲ ਆਪਣੀ ਪਦਵੀ ਤੇ ਨਿਯੁਕਤੀ ਹੋਣ ਪਿਛੋਂ ਕਿਸੇ ਲਾਭਦਾਇਕ ਪਦਵੀ ਤੇ ਨਹੀਂ ਰਹਿ ਸਕਦਾ।

**ਮਿਆਦ (Term) :** ਰਾਜਪਾਲ ਆਪਣੇ ਪਦ ਤੇ ਰਾਸ਼ਟਰਪਤੀ ਦੀ ਖੁਸ਼ੀ ਤੱਕ ਕਾਇਮ ਰਹਿੰਦਾ ਹੈ।[1] ਸਾਧਾਰਣ ਤੌਰ ਤੇ ਰਾਜਪਾਲ ਨੂੰ ਪੰਜ ਸਾਲਾਂ ਲਈ ਨਿਯੁਕਤ ਕੀਤਾ ਜਾਂਦਾ ਹੈ, ਪ੍ਰੰਤੂ ਉਹ ਆਪਣੇ ਪਦ ਤੇ ਉਸ ਸਮੇਂ ਤੱਕ ਬਿਰਾਜਮਾਨ ਰਹਿੰਦਾ ਹੈ ਜਦੋਂ ਤੱਕ ਉਸ ਦੀ ਥਾਂ ਤੇ ਕੋਈ ਦੂਸਰਾ ਰਾਜਪਾਲ ਪਦ ਨੂੰ ਸੰਭਾਲ ਨ ਲਵੇ। ਉਦਾਹਰਣ ਵਜੋਂ, ਹਰਿਆਣਾ ਰਾਜ ਦੇ ਗਵਰਨਰ ਸੀ.ਬੀ.ਐਨ. ਚੱਕਰਵਰਤੀ ਪੰਜ ਸਾਲਾਂ ਦੀ ਮਿਆਦ ਖਤਮ ਹੋਣ ਮਗਰੋਂ ਵੀ ਕਾਫੀ ਲੰਬੇ ਸਮੇਂ ਤੱਕ ਆਪਣੀ ਪਦਵੀ ਤੇ ਬਿਰਾਜਮਾਨ ਰਹੇ ਸਨ। ਉਹ ਸਤੰਬਰ 1967 ਵਿਚ ਹਰਿਆਣਾ ਦੇ ਰਾਜਪਾਲ ਨਿਯੁਕਤ ਕੀਤੇ ਗਏ ਸਨ ਅਤੇ ਆਪਣੇ ਜੀਵਨ ਦੇ ਅੰਤਿਮ ਦਿਨ 26 ਮਾਰਚ, 1976 ਤੱਕ ਉਹ ਇਸ ਪਦਵੀ ਤੇ ਕਾਇਮ ਰਹੇ ਸਨ। ਰਾਜਪਾਲ ਆਪਣੀ ਪੰਜ ਸਾਲ ਦੀ ਮਿਆਦ ਸਮਾਪਤ ਹੋਣ ਤੋਂ ਪਹਿਲਾਂ ਵੀ ਰਾਸ਼ਟਰਪਤੀ ਦੁਆਰਾ ਹਟਾਇਆ ਜਾ ਸਕਦਾ ਹੈ।ਇਥੇ ਇਹ ਵਰਣਨਯੋਗ ਹੈ ਕਿ ਰਾਜਪਾਲ ਵਿਰੁੱਧ ਰਾਜ ਵਿਧਾਨ ਮੰਡਲ ਜਾਂ ਕੇਂਦਰੀ ਸੰਸਦ ਮਹਾਂਦੋਸ਼ (Impeachment) ਦਾ ਮੁਕੱਦਮਾ ਨਹੀਂ ਚਲਾ ਸਕਦੇ। ਇਥੇ ਇਹ ਵੀ ਵਰਣਨਯੋਗ ਹੈ ਕਿ ਰਾਜਪਾਲ ਦੀ ਇਕ ਤੋਂ ਦੂਜੇ ਰਾਜ ਵਿਚ ਰਾਸ਼ਟਰਪਤੀ ਦੁਆਰਾ ਤਬਦੀਲੀ ਵੀ ਕੀਤੀ ਜਾ ਸਕਦੀ ਹੈ।

**ਤਨਖਾਹ ਅਤੇ ਭੱਤੇ (Salary and Allowances) :** ਰਾਜਪਲ ਦੇ ਭੱਤੇ ਅਤੇ ਤਨਖਾਹ ਨਿਰਧਾਰਤ ਕਰਨ ਦਾ ਅਧਿਕਾਰ ਸੰਸਦ ਨੂੰ ਦਿੱਤਾ ਗਿਆ ਹੈ। ਵਰਤਮਾਨ ਸਮੇਂ ਹਰੇਕ ਰਾਜਪਾਲ ਨੂੰ 36,000 ਰੁਪਏ ਮਹੀਨਾ ਤਨਖਾਹ ਦੇ ਰੂਪ ਵਿਚ ਮਿਲਦੇ ਹਨ। ਇਸ ਤੋਂ ਇਲਾਵਾ ਰਹਿਣ ਲਈ ਮੁਫ਼ਤ ਸਰਕਾਰੀ ਕੋਠੀ ਅਤੇ ਹੋਰ

1. Art. 156 'The Governor shall hold office during the pleasure of the President."

ਅਨੇਕਾਂ ਪ੍ਰਕਾਰ ਦੇ ਭੱਤੇ ਵੀ ਦਿੱਤੇ ਜਾਂਦੇ ਹਨ। ਹਰੇਕ ਰਾਜਪਾਲ ਦੇ ਭੱਤੇ ਇਕੋ ਜਿਹੇ ਨਹੀਂ ਹਨ ਕਿਉਂਕਿ ਇਹਨਾਂ ਦਾ ਨਿਰਣਾ ਸੰਬੰਧਿਤ ਰਾਜ ਦੇ ਹਾਲਾਤ ਤੇ ਲੋੜਾਂ ਅਨੁਸਾਰ ਕੀਤਾ ਜਾਂਦਾ ਹੈ। ਰਾਜਪਾਲ ਦੀ ਤਨਖਾਹ ਅਤੇ ਭੱਤੇ ਰਾਜ ਦੀ ਸੰਚਿਤ ਨਿਧੀ ਵਿਚੋਂ ਦਿੱਤੇ ਜਾਂਦੇ ਹਨ, ਜਿਸ ਉੱਤੇ ਰਾਜ ਦੇ ਵਿਧਾਨ ਮੰਡਲ ਨੂੰ ਮਤਦਾਨ ਦਾ ਅਧਿਕਾਰ ਨਹੀਂ ਹੁੰਦਾ। ਰਾਜਪਾਲ ਦੀ ਤਨਖਾਹ ਅਤੇ ਭੱਤੇ ਉਸ ਦੇ ਕਾਰਜਕਾਲ ਸਮੇਂ ਘਟਾਏ ਨਹੀਂ ਜਾ ਸਕਦੇ।

**ਨਿਆਇਕ ਸਹੂਲਤਾਂ (Judicial Immunities) :** ਰਾਜਪਾਲ ਨੂੰ ਕੁਝ ਨਿਆਇਕ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ, ਜਿੰਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

(i) ਉਹ ਆਪਣੇ ਪਦ ਦੀਆਂ ਸ਼ਰਤਾਂ ਦੀ ਵਰਤੋਂ ਅਤੇ ਕਰਤੱਵਾਂ ਦੀ ਪਾਲਣਾ ਸੰਬੰਧੀ ਕਿਸੇ ਅਦਾਲਤ ਨੂੰ ਉੱਤਰਦਾਈ ਨਹੀਂ ਹੈ।

(ii) ਉਸ ਦੇ ਕਾਰਜ-ਕਾਲ ਵਿਚ ਉਸ ਦੇ ਵਿਰੁੱਧ ਕਿਸੇ ਕਿਸਮ ਦਾ ਫੌਜਦਾਰੀ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ।

(iii) ਉਸ ਦੇ ਕਾਰਜ-ਕਾਲ ਵਿਚ ਉਸ ਨੂੰ ਕੈਦੀ ਬਣਾਉਣ ਲਈ ਕਿਸੇ ਅਦਾਲਤ ਵਲੋਂ ਆਦੇਸ਼ ਜਾਰੀ ਨਹੀਂ ਕੀਤਾ ਜਾ ਸਕਦਾ।

(iv) ਨਿੱਜੀ ਰੂਪ ਵਿਚ ਰਾਜਪਾਲ ਦੇ ਵਿਰੁੱਧ ਦੀਵਾਨੀ ਮੁਕੱਦਮਾ ਚਲਾਇਆ ਜਾ ਸਕਦਾ ਹੈ, ਪਰੰਤੂ ਇਸ ਮੰਤਵ ਲਈ ਉਸ ਨੂੰ ਦੋ ਮਹੀਨੇ ਦੇ ਅਗੇਤਰੀ ਸੂਚਨਾ ਦੇਣੀ ਜ਼ਰੂਰੀ ਹੈ।

## ਰਾਜਪਾਲ ਦੀਆਂ ਸ਼ਕਤੀਆਂ ਅਤੇ ਕਾਰਜ
## (Powers and Functions of the Governor)

ਰਾਜਪਾਲ ਰਾਜ ਸੰਬੰਧੀ ਲਗਭਗ ਉਹ ਸਾਰੇ ਕਾਰਜਕਾਰੀ ਅਤੇ ਵਿਧਾਨਿਕ ਕੰਮ ਕਰਦਾ ਹੈ ਜੋ ਕੇਂਦਰ ਵਿਚ ਰਾਸ਼ਟਰਪਤੀ ਦੁਆਰਾ ਕੀਤੇ ਜਾਂਦੇ ਹਨ। ਰਾਜਪਾਲ ਦੀਆਂ ਸ਼ਕਤੀਆਂ ਅਤੇ ਕਾਰਜਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

### ਕਾਰਜਕਾਰੀ ਸ਼ਕਤੀਆਂ (Executive Powers)

ਰਾਜਪਾਲ ਰਾਜ ਦੀ ਕਾਰਜ-ਪਾਲਿਕਾ ਦਾ ਮੁਖੀ ਹੈ ਅਤੇ ਰਾਜ ਦਾ ਸ਼ਾਸਨ ਉਸ ਦੇ ਨਾਂ ਤੇ ਚਲਾਇਆ ਜਾਂਦਾ ਹੈ। ਰਾਜ ਦੀਆਂ ਸਮੁੱਚੀਆਂ ਸ਼ਕਤੀਆਂ ਰਾਜਪਾਲ ਨੂੰ ਸੌਂਪੀਆਂ ਗਈਆਂ ਹਨ, ਜਿਨ੍ਹਾਂ ਦੀ ਵਰਤੋਂ ਉਹ ਆਪ ਜਾਂ ਆਪਣੇ ਅਧਿਕਾਰੀਆਂ ਦੁਆਰਾ ਕਰ ਸਕਦਾ ਹੈ। ਰਾਜਪਾਲ ਦੀਆਂ ਕਾਰਜਕਾਰੀ ਸ਼ਕਤੀਆਂ ਉਹਨਾਂ ਸਾਰਿਆਂ ਵਿਸ਼ਿਆਂ ਤੇ ਲਾਗੂ ਹੋਣਗੀਆਂ, ਜਿਨ੍ਹਾਂ ਉੱਤੇ ਰਾਜ ਵਿਧਾਨ-ਪਾਲਿਕਾ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੈ।

ਰਾਜਪਾਲ ਦੀਆਂ ਮੁੱਖ ਕਾਰਜਕਾਰੀ ਸ਼ਕਤੀਆਂ ਇਸ ਪ੍ਰਕਾਰ ਹਨ :

(i) ਰਾਜ ਦੇ ਮੁੱਖ ਮੰਤਰੀ ਦੀ ਨਿਯੁਕਤੀ ਰਾਜਪਾਲ ਦੁਆਰਾ ਕੀਤੀ ਜਾਂਦੀ ਹੈ। ਮੰਤਰੀ ਪਰਿਸ਼ਦ ਦੇ ਦੂਸਰੇ ਮੰਤਰੀਆਂ ਦੀ ਨਿਯੁਕਤੀਆਂ ਵੀ ਰਾਜਪਾਲ ਮੁੱਖ ਮੰਤਰੀ ਦੀ ਸਲਾਹ ਨਾਲ ਕਰਦਾ ਹੈ। ਰਾਜਪਾਲ ਕਿਸੇ ਮੰਤਰੀ ਨੂੰ ਮੰਤਰੀ ਪ੍ਰੀਸ਼ਦ ਵਿਚੋਂ ਬਰਤਰਫ (dismiss) ਵੀ ਕਰ ਸਕਦਾ ਹੈ।

(ii) ਰਾਜ ਦੇ ਐਡਵੋਕੇਟ ਜਨਰਲ, ਰਾਜ ਲੋਕ-ਸੇਵਾ ਕਮਿਸ਼ਨ ਦੇ ਪ੍ਰਧਾਨ ਅਤੇ ਮੈਂਬਰਾਂ ਦੀ ਨਿਯੁਕਤੀ ਵੀ ਰਾਜਪਾਲ ਦੁਆਰਾ ਹੁੰਦੀ ਹੈ। ਰਾਸ਼ਰਪਤੀ ਰਾਜ ਦੀ ਉੱਚ ਅਦਾਲਤ (High Court) ਦੇ ਜੱਜਾਂ ਦੀ ਨਿਯੁਕਤੀ ਕਰਨ ਸਮੇਂ ਰਾਜਪਾਲ ਦੀ ਸਲਾਹ ਜ਼ਰੂਰ ਲੈਂਦਾ ਹੈ।

(iii) ਰਾਜਪਾਲ ਰਾਜ ਦੇ ਸ਼ਾਸਨ ਸੰਬੰਧੀ ਮੰਤਰੀ-ਪਰਿਸ਼ਦ ਕੋਲੋਂ ਕਿਸੇ ਕਿਸਮ ਦੀ ਸੂਚਨਾ ਦੀ ਮੰਗ ਕਰ ਸਕਦਾ ਹੈ। ਰਾਜ ਦੇ ਸ਼ਾਸਨ ਅਤੇ ਕਾਨੂੰਨ ਦੇ ਨਿਰਮਾਣ ਸੰਬੰਧੀ ਮੰਤਰੀ ਮੰਡਲ ਦੇ ਹਰ ਫੈਸਲੇ ਦੀ ਸੂਚਨਾ ਰਾਜਪਾਲ ਨੂੰ ਦੇਣਾ ਮੁੱਖ ਮੰਤਰੀ ਦਾ ਸੰਵਿਧਾਨਿਕ ਕਰਤੱਵ ਹੈ। ਰਾਜਪਾਲ

ਕਿਸੇ ਵਿਸ਼ੇ ਸੰਬੰਧੀ, ਜਿਸ ਉੱਤੇ ਇਕ ਮੰਤਰੀ ਨੇ ਫੈਸਲਾ ਕੀਤਾ ਹੋਵੇ, ਸਮੁੱਚੇ ਮੰਤਰੀ ਮੰਡਲ ਨੂੰ ਵਿਚਾਰ ਕਰਨ ਲਈ ਆਦੇਸ਼ ਦੇ ਸਕਦਾ ਹੈ।

(iv) ਬਿਹਾਰ, ਉੜੀਸਾ ਅਤੇ ਮੱਧ-ਪ੍ਰਦੇਸ਼ ਦੇ ਰਾਜਪਾਲਾਂ ਦੀ ਇਹ ਵਿਸ਼ੇਸ਼ ਜ਼ਿੰਮੇਵਾਰੀ ਹੈ ਕਿ ਇਹਨਾਂ ਰਾਜਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਪੱਛੜੇ ਕਬੀਲਿਆਂ ਦੀ ਭਲਾਈ ਦਾ ਵਿਭਾਗ ਇਕ ਵਿਸ਼ੇਸ਼ ਮੰਤਰੀ ਨੂੰ ਸੌਂਪਿਆ ਜਾਵੇ।

(v) ਜੇਕਰ ਰਾਜ ਵਿਚ ਅਜਿਹੀ ਸਥਿਤੀ ਪੈਦਾ ਹੋ ਗਈ ਹੋਵੇ ਜਾਂ ਹੋਣ ਦੀ ਸੰਭਾਵਨਾ ਹੋਵੇ, ਜਿਸ ਵਿਚ ਰਾਜ ਦੇ ਸ਼ਾਸਨ ਨੂੰ ਸੰਵਿਧਾਨ ਦੇ ਅਨੁਸਾਰ ਚਲਾਉਣਾ ਸੰਭਵ ਨਾ ਹੋਵੇ ਤਾਂ ਰਾਜਪਾਲ ਨੂੰ ਅਜਿਹੀ ਸਥਿਤੀ ਦੀ ਰਿਪੋਰਟ ਰਾਸ਼ਟਰਪਤੀ ਨੂੰ ਭੇਜਣ ਦਾ ਅਧਿਕਾਰ ਹੈ। ਅਜਿਹੀ ਰਿਪੋਰਟ ਪ੍ਰਾਪਤ ਹੋ ਜਾਣ ਤੇ ਰਾਸ਼ਟਰਪਤੀ ਸੰਕਟਕਾਲੀਨ ਸਥਿਤੀ ਦੀ ਘੋਸ਼ਣਾ ਕਰਕੇ ਰਾਜ ਦਾ ਸ਼ਾਸਨ ਆਪਣੇ ਹੱਥ ਵਿਚ ਲੈ ਸਕਦਾ ਹੈ। ਰਾਸ਼ਟਰਪਤੀ ਰਾਜ ਲਾਗੂ ਹੋ ਜਾਣ ਤੇ ਰਾਜਪਾਲ ਰਾਜ ਦਾ ਸੰਵਿਧਾਨਿਕ ਮੁੱਖੀ ਨਹੀਂ ਰਹਿੰਦਾ, ਸਗੋਂ ਰਾਸ਼ਟਰਪਤੀ ਦੇ ਪ੍ਰਤੀਨਿਧੀ ਦੇ ਰੂਪ ਵਿਚ ਕੰਮ ਕਰਦਾ ਹੈ। ਅਜਿਹੀ ਸਥਿਤੀ ਵਿਚ ਰਾਜਪਾਲ ਰਾਜ ਦਾ ਅਸਲੀ ਸ਼ਾਸਕ ਹੁੰਦਾ ਹੈ।

**ਵਿਧਾਨਿਕ ਸ਼ਕਤੀਆਂ (Legislative Powers)**

ਰਾਜਪਾਲ ਭਾਵੇਂ ਰਾਜ ਵਿਧਾਨ-ਪਾਲਿਕਾ ਦੇ ਕਿਸੇ ਸਦਨ ਦਾ ਮੈਂਬਰ ਨਹੀਂ ਹੁੰਦਾ, ਫਿਰ ਵੀ ਉਸ ਨੂੰ ਰਾਜ ਵਿਧਾਨ ਪਾਲਿਕਾ ਦਾ ਅੰਗ ਮੰਨਿਆ ਜਾਂਦਾ ਹੈ।

ਰਾਜਪਾਲ ਦੀਆਂ ਹੇਠ ਲਿਖੀਆਂ ਸ਼ਕਤੀਆਂ ਪ੍ਰਤੱਖ ਰੂਪ ਵਿਚ ਵਿਧਾਨਿਕ ਤਾਂ ਨਹੀਂ ਹਨ, ਪਰੰਤੂ ਰਾਜ ਵਿਧਾਨ ਮੰਡਲ ਦੀ ਵਿਧਾਨਿਕ ਸ਼ਕਤੀ ਨਾਲ ਇਹਨਾਂ ਦਾ ਬੜਾ ਨਿਕਟ ਦਾ ਸੰਬੰਧ ਹੈ। ਇਹਨਾਂ ਨੂੰ ਅਸੀ ਰਾਜਪਾਲ ਦੀਆਂ ਅਪ੍ਰਤੱਖ ਵਿਧਾਨਿਕ ਸ਼ਕਤੀਆਂ ਕਹਿ ਸਕਦੇ ਹਾਂ ਇਹ ਅਪ੍ਰਤੱਖ ਵਿਧਾਨਿਕ ਸ਼ਕਤੀਆਂ ਇਸ ਲਈ ਹਨ, ਕਿਉਂਕਿ ਇਹਨਾਂ ਦੀ ਵਰਤੋਂ ਕਰ ਕੇ ਰਾਜਪਾਲ ਪ੍ਰਤੱਖ ਰੂਪ ਵਿਚ ਕਿਸੇ ਕਾਨੂੰਨ ਦਾ ਨਿਰਮਾਣ ਨਹੀਂ ਕਰਦਾ, ਸਗੋਂ ਕਾਨੂੰਨ ਦਾ ਨਿਰਮਾਣ ਕਰਨ ਲਈ ਸਹਾਇਤਾ ਕਾਰਜ ਕਰਦਾ ਹੈ।

(i) ਰਾਜਪਾਲ ਜਦੋਂ ਅਤੇ ਜਿਥੇ ਯੋਗ ਸਮਝੇ ਰਾਜ ਵਿਧਾਨ-ਮੰਡਲ ਦਾ ਸਮਾਗਮ ਬੁਲਾ ਸਕਦਾ ਹੈ। ਰਾਜਪਾਲ ਦੀ ਇਸ ਸ਼ਕਤੀ ਤੇ ਸੰਵਿਧਾਨਿਕ ਪਾਬੰਦੀ ਇਹ ਹੈ ਕਿ ਪਹਿਲੇ ਇਜਲਾਸ ਦੀ ਆਖਰੀ ਤਾਰੀਖ ਅਤੇ ਹੋਣ ਵਾਲੇ ਇਜਲਾਸ ਦੀ ਪਹਿਲੀ ਤਰੀਕ ਵਿਚਕਾਰ ਛੇ ਮਹੀਨਿਆਂ ਤੋਂ ਵੱਧ ਸਮਾਂ ਨਾ ਬੀਤਿਆ ਹੋਵੇ।

(ii) ਰਾਜਪਾਲ ਰਾਜ ਦੀ ਵਿਧਾਨ ਪਾਲਿਕਾ ਦੇ ਦੋਹਾਂ ਸਦਨਾਂ ਨੂੰ ਜਾਂ ਇਕ ਸਦਨ ਨੂੰ ਸਥਗਿਤ (Adjourn) ਕਰ ਸਕਦਾ ਹੈ ਅਤੇ ਰਾਜ ਵਿਧਾਨ ਸਭਾ ਨੂੰ ਵੀ ਭੰਗ ਕਰ ਸਕਦਾ ਹੈ।

(iii) ਰਾਜਪਾਲ ਰਾਜ ਵਿਧਾਨ-ਮੰਡਲ ਦੇ ਕਿਸੇ ਵੀ ਸਦਨ ਵਿਚ ਜਾਂ ਦੋਹਾਂ ਸਦਨਾਂ ਦੀ ਸਾਂਝੀ ਬੈਠਕ ਵਿਚ ਭਾਸ਼ਣ ਦੇ ਸਕਦਾ ਹੈ ਅਤੇ ਇਸ ਮੰਤਵ ਲਈ ਵਿਧਾਨ-ਮੰਡਲ ਦੇ ਮੈਂਬਰਾਂ ਨੂੰ ਹਾਜ਼ਰ ਰਹਿਣ ਲਈ ਵੀ ਕਹਿ ਸਕਦਾ ਹੈ।

(iv) ਰਾਜ ਵਿਧਾਨ ਸਭਾ ਦੀਆਂ ਆਮ ਚੋਣਾਂ ਮਗਰੋਂ ਵਿਧਾਨ ਮੰਡਲ ਦੇ ਇਜਲਾਸ ਵਿਚ ਅਤੇ ਹਰੇਕ ਸਾਲ ਦੇ ਪਹਿਲੇ ਇਜਲਾਸ ਵਿਚ ਰਾਜਪਾਲ ਵਿਧਾਨ ਮੰਡਲ ਨੂੰ ਭਾਸ਼ਣ ਦਿੰਦਾ ਹੈ ਅਤੇ ਉਹ ਭਾਸ਼ਣ ਵਿਚ ਇਜਲਾਸ ਬੁਲਾਏ ਜਾਣ ਦੇ ਮੰਤਵ ਵੀ ਦੱਸਦਾ ਹੈ।

(v) ਰਾਜਪਾਲ ਵਿਧਾਨ-ਮੰਡਲ ਦੇ ਵਿਚਾਰ ਅਧੀਨ ਜਾਂ ਕਿਸੇ ਹੋਰ ਵਿਸ਼ੇ ਸੰਬੰਧੀ ਵਿਧਾਨ ਪਾਲਿਕਾ ਨੂੰ ਸੰਦੇਸ਼ ਭੇਜ ਸਕਦਾ ਹੈ। ਰਾਜ ਵਿਧਾਨ-ਮੰਡਲ ਅਜਿਹੇ ਸੰਦੇਸ਼ ਉੱਤੇ ਵਿਚਾਰ ਜ਼ਰੂਰ ਕਰਦਾ ਹੈ।

(vi) ਰਾਜਪਾਲ ਰਾਜ ਵਿਧਾਨ ਪਰਿਸ਼ਦ ਵਿਚ ਕੁਝ ਮੈਂਬਰ ਨਾਮਜ਼ਦ ਕਰਦਾ ਹੈ। ਵਿਧਾਨ ਪਰਿਸ਼ਦ ਵਿਚ ਰਾਜਪਾਲ ਵਲੋਂ ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰਾਂ ਦੀ ਗਿਣਤੀ ਸੰਵਿਧਾਨ ਵਲੋਂ ਨਿਸ਼ਚਿਤ ਨਹੀਂ ਕੀਤੀ ਗਈ, ਸਗੋਂ ਇਸ ਸੰਬੰਧੀ ਸੰਵਿਧਾਨਿਕ ਵਿਵਸਥਾ ਇਸ ਪ੍ਰਕਾਰ ਹੈ :

(a) ਵਿਧਾਨ ਪਰਿਸ਼ਦ ਦੇ ਕੁੱਲ ਮੈਂਬਰਾਂ ਦੀ ਗਿਣਤੀ ਦਾ 1/3 ਭਾਗ ਸਥਾਨਕ ਸੰਸਥਾਵਾਂ ਦੁਆਰਾ,

(b) 1/12 ਭਾਗ ਯੂਨੀਵਰਸਿਟੀ ਗਰੈਜੂਏਟਾਂ ਦੁਆਰਾ।

(c) 1/12 ਭਾਗ ਅਧਿਆਪਕਾਂ ਦੁਆਰਾ,

(d) 1/8 ਭਾਗ ਵਿਧਾਨ ਸਭਾ ਦੇ ਮੈਂਬਰਾਂ ਦੁਆਰਾ ਚੁਣਿਆ ਜਾਂਦਾ ਹੈ। ਵਿਧਾਨ ਪਰਿਸ਼ਦ ਦੇ ਬਾਕੀ ਮੈਂਬਰ ਰਾਜਪਾਲ ਦੁਆਰਾ ਨਾਮਜ਼ਦ ਕੀਤੇ ਜਾਂਦੇ ਹਨ ਭਾਵ 37% ਮੈਂਬਰ।

(vii) ਜੇਕਰ ਰਾਜਪਾਲ ਦੀ ਰਾਇ ਵਿਚ ਐਂਗਲੋਂ ਇੰਡੀਅਨ ਜਾਤੀ ਨੂੰ ਆਮ ਚੋਣਾਂ ਵਿਚ ਉਚਿਤ ਪ੍ਰਤੀਨਿਧਤਾ ਪ੍ਰਾਪਤ ਨਾ ਹੋਈ ਹੋਵੇ ਤਾਂ ਉਹ ਆਪਣੀ ਇੱਛਾ ਅਨੁਸਾਰ ਇਸ ਜਾਤੀ ਨੂੰ ਪ੍ਰਤੀਨਿਧਤਾ ਦੇਣ ਲਈ ਇਸ ਜਾਤੀ ਦਾ ਇਕ ਮੈਂਬਰ ਰਾਜ ਵਿਧਾਨ ਸਭਾ ਵਿਚ ਨਾਮਜ਼ਦ ਕਰ ਸਕਦਾ ਹੈ।

(viii) ਜਦੋਂ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦਾ ਪਦ ਖਾਲੀ ਹੋਵੇ ਤਾਂ ਰਾਜਪਾਲ ਵਿਧਾਨ ਸਭਾ ਦੇ ਕਿਸੇ ਮੈਂਬਰ ਨੂੰ ਵਿਧਾਨ ਸਭਾ ਦੀ ਪ੍ਰਧਾਨਗੀ ਕਰਨ ਲਈ ਆਰਜ਼ੀ ਤੌਰ ਤੇ ਉਸ ਸਮੇਂ ਤੱਕ ਨਿਯਤ ਕਰ ਸਕਦਾ ਹੈ ਜਦੋਂ ਤਕ ਸਦਨ ਸਪੀਕਰ ਦੀ ਚੋਣ ਨਹੀਂ ਕਰ ਲੈਂਦਾ ਹੈ।

(ix) ਜੇਕਰ ਵਿਧਾਨ ਪਰਿਸ਼ਦ ਦੇ ਪ੍ਰਧਾਨ ਅਤੇ ਉਪ ਪ੍ਰਧਾਨ ਦੀ ਪਦਵੀ ਖਾਲੀ ਹੋਵੇ ਤਾਂ ਰਾਜਪਾਲ ਸਦਨ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਨ ਲਈ ਕਿਸੇ ਮੈਂਬਰ ਨੂੰ ਉਸ ਸਮੇਂ ਤੱਕ ਪ੍ਰਧਾਨ ਨਿਯੁਕਤ ਕਰ ਸਕਦਾ ਹੈ ਜਦੋਂ ਤਕ ਵਿਧਾਨ ਪਰਿਸ਼ਦ ਆਪਣੇ ਪ੍ਰਧਾਨ ਦੀ ਚੋਣ ਨਹੀਂ ਕਰ ਲੈਂਦੀ।

**ਰਾਜਪਾਲ ਦੀਆਂ ਹੇਠ ਲਿਖੀਆਂ ਸ਼ਕਤੀਆਂ ਨੂੰ ਉਸ ਦੀਆਂ ਪ੍ਰਤੱਖ ਵਿਧਾਨਿਕ ਸ਼ਕਤੀਆਂ ਕਹਿ ਸਕਦੇ ਹਾਂ :**

(i) ਰਾਜ ਵਿਧਾਨ ਮੰਡਲ ਦੁਆਰਾ ਪਾਸ ਹੋਣ ਮਗਰੋਂ ਬਿੱਲ ਨੂੰ ਰਾਜਪਾਲ ਦੀ ਪ੍ਰਧਾਨਗੀ ਲਈ ਭੇਜਿਆ ਜਾਂਦਾ ਹੈ, ਕਿਉਂਕਿ ਰਾਜਪਾਲ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਵੀ ਬਿੱਲ ਰਾਜ ਦਾ ਕਾਨੂੰਨ ਨਹੀਂ ਬਣ ਸਕਦਾ। ਰਾਜਪਾਲ ਬਿੱਲ ਨੂੰ ਪ੍ਰਧਾਨਗੀ ਦੇ ਸਕਦਾ ਹੈ, ਜਾਂ ਸੰਦੇਸ਼ ਸਹਿਤ ਮੰਡਲ ਨੂੰ ਵਾਪਸ ਕਰ ਸਕਦਾ ਹੈ। ਜੇਕਰ ਰਾਜਪਾਲ ਵਲੋਂ ਵਾਪਸ ਕੀਤਾ ਬਿੱਲ ਰਾਜ ਵਿਧਾਨ ਮੰਡਲ ਦੁਬਾਰਾ ਪਾਸ ਕਰ ਦੇਵੇ ਤਾਂ ਰਾਜਪਾਲ ਨੂੰ ਅਜਿਹੇ ਬਿੱਲ ਨੂੰ ਪ੍ਰਵਾਨਗੀ ਦੇਣੀ ਪੈਂਦੀ ਹੈ। ਰਾਜਪਾਲ ਅਜਿਹੇ ਬਿੱਲਾਂ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵੇਂ ਵੀ ਰੱਖ ਸਕਦਾ ਹੈ, ਜੋ ਉਸ ਦੇ ਵਿਚਾਰ ਵਿਚ ਰਾਜ ਦੀ ਉੱਚ ਅਦਾਲਤ ਦੀਆਂ ਸ਼ਕਤੀਆਂ ਜਾਂ ਉਸ ਦੀ ਸੰਵਿਧਾਨਿਕ ਸਥਿਤੀ ਤੇ ਪ੍ਰਭਾਵ ਪਾਉਂਦੇ ਹੋਣ।

(ii) ਕੋਈ ਵੀ ਵਿੱਤ ਸੰਬੰਧੀ ਬਿੱਲ ਰਾਜਪਾਲ ਦੀ ਅਗੇਤਰੀ ਆਗਿਆ ਤੋਂ ਬਿਨਾਂ ਵਿਧਾਨ ਸਭਾ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ।

**(iii) ਅਧਿਆਦੇਸ਼ ਜਾਰੀ ਕਰਨ ਦੀ ਸ਼ਕਤੀ (Power of Issuing Ordinance) :** ਜਦੋਂ ਰਾਜ ਵਿਧਾਨ ਮੰਡਲ ਦਾ ਸਮਾਗਮ ਨਾ ਹੋ ਰਿਹਾ ਹੋਵੇ ਅਤੇ ਰਾਜ ਵਿਚ ਅਜਿਹੀ ਸਥਿਤੀ

ਉਤਪੰਨ ਹੋ ਜਾਵੇ ਜਿਸ ਨੂੰ ਨਜਿੱਠਣ ਲਈ ਕਿਸੇ ਵਿਸ਼ੇਸ਼ ਕਾਨੂੰਨ ਦੀ ਜ਼ਰੂਰਤ ਹੋਵੇ ਤਾਂ ਰਾਜਪਾਲ ਅਧਿਆਦੇਸ਼ (Ordinance) ਜਾਰੀ ਕਰ ਸਕਦਾ ਹੈ। ਰਾਜਪਾਲ ਦੇ ਅਜਿਹੇ ਅਧਿਆਦੇਸ਼ ਦੀ ਸ਼ਕਤੀ ਰਾਜ ਵਿਧਾਨਪਾਲਿਕਾ ਦੇ ਬਣਾਏ ਕਾਨੂੰਨ ਦੇ ਸਮਾਨ ਹੁੰਦੀ ਹੈ। ਸੰਵਿਧਾਨ ਵਿਚ ਇਹ ਵਿਵਸਥਾ ਹੈ ਕਿ ਗਵਰਨਰ ਦੁਆਰਾ ਅਧਿਆਦੇਸ਼ ਜਾਰੀ ਕਰਨ ਮਗਰੋਂ ਉਸ ਅਧਿਆਦੇਸ਼ ਨੂੰ ਰਾਜ ਵਿਧਾਨ ਮੰਡਲ ਵਿਚ ਪੇਸ਼ ਕੀਤਾ ਜਾਣਾ ਜ਼ਰੂਰੀ ਹੈ। ਅਧਿਆਦੇਸ਼ ਜਾਰੀ ਕਰਨ ਮਗਰੋਂ ਰਾਜ ਵਿਧਾਨ ਮੰਡਲ ਦਾ ਸਮਾਗਮ ਜਿਸ ਮਿਤੀ ਨੂੰ ਆਰੰਭ ਹੋਵੇਗਾ ਉਸ ਮਿਤੀ ਤੋਂ 6 ਹਫ਼ਤਿਆਂ ਮਗਰੋਂ ਅਧਿਆਦੇਸ਼ ਦੀ ਮਿਆਦ ਖਤਮ ਹੋ ਜਾਵੇਗੀ। ਇਹਨਾਂ 6 ਹਫ਼ਤਿਆਂ ਦੇ ਸਮੇਂ ਤੋਂ ਪਹਿਲਾਂ ਵੀ ਰਾਜ ਵਿਧਾਨ ਮੰਡਲ ਦੇ ਦੋਵੇਂ ਸਦਨ ਉਸ ਅਧਿਆਦੇਸ਼ ਨੂੰ ਪ੍ਰਸਤਾਵਾਂ ਦੁਆਰਾ ਰੱਦ ਕਰ ਸਕਦੇ ਹਨ। ਅਜਿਹੀ ਅਵਸਥਾ ਵਿਚ ਅਧਿਆਦੇਸ਼ ਉਸ ਮਿਤੀ ਤੋਂ ਰਦ ਸਮਝਿਆ ਜਾਵੇਗਾ ਜਿਸ ਮਿਤੀ ਨੂੰ ਇਕ ਸਦਨ ਦੁਆਰਾ ਪ੍ਰਸਤਾਵ ਪਾਸ ਹੋਣ ਮਗਰੋਂ ਦੂਜਾ ਸਦਨ ਅਜਿਹਾ ਪ੍ਰਸਤਾਵ ਪਾਸ ਕਰਦਾ ਹੈ। ਇਥੇ ਇਹ ਵਰਣਨ ਯੋਗ ਹੈ ਕਿ ਰਾਜ ਵਿਧਾਨ ਮੰਡਲ ਦੁਆਰਾ ਅਧਿਆਦੇਸ਼ ਦੀ ਪ੍ਰਵਾਨਗੀ ਸੰਬੰਧੀ ਸੰਵਿਧਾਨ ਵਿਚ ਕੋਈ ਵਿਵਸਥਾ ਨਹੀਂ ਹੈ। ਸੰਵਿਧਾਨ ਵਿਚ ਤਾਂ ਕੇਵਲ ਇਹ ਵਿਵਸਥਾ ਹੈ ਕਿ ਅਧਿਆਦੇਸ਼ ਰਾਜ ਵਿਧਾਨ ਮੰਡਲ ਦੀ ਬੈਠਕ ਦੀ ਪਹਿਲੀ ਮਿਤੀ ਤੋਂ 6 ਹਫਤੇ ਮਗਰੋਂ ਲਾਗੂ ਨਹੀਂ ਰਹੇਗਾ।

(iv) ਰਾਜ ਸਰਕਾਰ ਦੇ ਕੰਮ ਨੂੰ ਕੁਸ਼ਲਤਾ ਪੂਰਵਕ ਚਲਾਉਨ ਲਈ ਅਤੇ ਉਸ ਕੰਮ ਨੂੰ ਮੰਤਰੀਆਂ ਵਿਚ ਵੰਡਣ ਲਈ ਰਾਜਪਾਲ ਨਿਯਮਾਂ ਦਾ ਨਿਰਮਾਣ ਕਰ ਸਕਦਾ ਹੈ।

**ਵਿੱਤੀ ਸ਼ਕਤੀਆਂ (Financial Powers)**

ਵਿੱਤੀ ਸਾਲ ਦੇ ਆਰੰਭ ਹੋਣ ਤੋਂ ਪਹਿਲਾਂ ਰਾਜਪਾਲ ਆਉਣ ਵਾਲੇ ਸਾਲ ਦੇ ਅਨੁਮਾਨਿਤ ਖਰਚੇ ਅਤੇ ਆਮਦਨ ਦਾ ਵਿਵਰਣ ਰਾਜ ਵਿਧਾਨ ਸਭਾ ਵਿਚ ਪੇਸ਼ ਕਰਾਉਂਦਾ ਹੈ। ਇਹ ਵਾਰਸ਼ਿਕ ਵਿੱਤੀ ਵਿਵਰਣ (Annual Financial Statement) ਅਕਸਰ ਰਾਜ ਦੇ ਵਿੱਤ ਮੰਤਰੀ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕੋਈ ਵੀ ਧਨ ਬਿੱਲ ਰਾਜਪਾਲ ਦੀ ਆਗਿਆ ਤੋਂ ਬਿਨਾਂ ਵਿਧਾਨ ਸਭਾ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ। ਰਾਜ ਦੀ ਅਚਨਚੇਤ ਵਿਧੀ (Contingency Fund of State) ਉੱਤੇ ਰਾਜਪਾਲ ਦਾ ਅਧਿਕਾਰ ਹੁੰਦਾ ਹੈ। ਰਾਜਪਾਲ ਰਾਜ ਸਰਕਾਰ ਨੂੰ ਕਿਸੇ ਅਚਨਚੇਤ ਖਰਚੇ ਲਈ ਵਿਸ਼ੇਸ਼ ਰਕਮ ਖ਼ਰਚ ਕਰਨ ਦੀ ਆਗਿਆ ਦੇ ਸਕਦਾ ਹੈ, ਪ੍ਰੰਤੂ ਅਜਿਹੇ ਖਰਚੇ ਦੀ ਰਾਜ ਵਿਘਾਨ-ਮੰਡਲ ਪਾਸੋਂ ਮਗਰੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ।

**ਨਿਆਂਇਕ ਸ਼ਕਤੀਆਂ (Judicial Powers)**

ਰਾਜਪਾਲ ਕਿਸੇ ਦੋਸ਼ੀ ਦੀ ਸਜ਼ਾ ਮੁਆਫ ਕਰ ਸਕਦਾ ਹੈ, ਸਜ਼ਾ ਨੂੰ ਘਟਾ ਸਕਦਾ ਹੈ, ਜਾਂ ਉਸ ਨੂੰ ਮੁਲਤਵੀ ਕਰ ਸਕਦਾ ਹੈ। ਰਾਜਪਾਲ ਕੇਵਲ ਉਹਨਾਂ ਦੋਸ਼ੀਆਂ ਦੀ ਸਜ਼ਾ ਮੁਆਫ, ਘੱਟ ਜਾਂ ਮੁਲਤਵੀ ਕਰ ਸਕਦਾ ਹੈ, ਜਿਨ੍ਹਾਂ ਨੂੰ ਰਾਜ ਦੇ ਕਾਨੂੰਨ ਦੀ ਉਲੰਘਣਾ ਕਰਨ ਕਾਰਣ ਸਜ਼ਾ ਦਿੱਤੀ ਗਈ ਹੋਵੇ।

**ਰਾਜਪਾਲ ਦੀਆਂ ਸਵੈ-ਇਛੁਕ ਸ਼ਕਤੀਆਂ**

**(Discretionary Powers of the Governor)**

ਰਾਜਪਾਲ ਦੀਆਂ ਸਵੈ-ਇਛੁਕ ਸ਼ਕਤੀਆਂ ਇਸ ਤਰ੍ਹਾਂ ਹਨ :

**1. ਮੁੱਖ ਮੰਤਰੀ ਦੀ ਨਿਯੁਕਤੀ ਸੰਬੰਧੀ (n regard to the appointment of Chief Minister) :** ਆਮ ਤੌਰ ਤੇ ਰਾਜਪਾਲ ਵਿਧਾਨ ਸਭਾ ਵਿਚ ਬਹੁਮਤ ਦੇ ਨੇਤਾ ਨੂੰ ਹੀ ਮੁੱਖ ਮੰਤਰੀ ਨਿਯੁਕਤ ਕਰਦਾ ਹੈ। ਪ੍ਰੰਤੂ ਜਦੋਂ ਆਮ ਚੋਣ ਮਗਰੋਂ ਰਾਜ ਵਿਧਾਨ ਸਭਾ ਵਿਚ ਕਿਸੇ ਵੀ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਹੋਵੇ ਜਾਂ ਮੰਤਰੀ-ਮੰਡਲ ਵਿਰੁੱਧ ਅਵਿਸ਼ਵਾਸ ਦਾ ਪ੍ਰਸਤਾਵ ਪਾਸ ਹੋਣ ਕਰਕੇ ਮੰਤਰੀ ਮੰਡਲ ਤਿਆਗ ਪੱਤਰ

ਦੇ ਦੇਵੇ, ਜਾਂ ਸ਼ਾਸਕ ਦਲ ਵਿਚ ਫੁੱਟ ਪੈ ਜਾਣ ਕਾਰਨ ਮੁੱਖ ਮੰਤਰੀ ਤਿਆਗ ਪੱਤਰ ਦੇ ਦੇਵੇ ਤਾਂ ਇਹਨਾਂ ਸਾਰੀਆਂ ਸਥਿਤੀਆਂ ਵਿਚ ਰਾਜਪਾਲ ਆਪਣੀ ਇੱਛਾ ਅਨੁਸਾਰ ਕਿਸੇ ਮੈਂਬਰ ਨੂੰ ਮੁੱਖ ਮੰਤਰੀ ਨਿਯੁਕਤ ਕਰ ਸਕਦਾ ਹੈ। ਰਾਜਪਾਲ ਦੁਆਰਾ ਅਜਿਹੀ ਨਿਯੁਕਤੀ ਆਰਜ਼ੀ ਤੌਰ ਤੇ ਹੁੰਦੀ ਹੈ ਅਤੇ ਅਜਿਹਾ ਮੁੱਖ ਮੰਤਰੀ ਉਸ ਸਮੇਂ ਤੱਕ ਪਦਵੀ ਤੇ ਰਹਿੰਦਾ ਹੈ, ਜਦੋਂ ਤਕ ਵਿਧਾਨ ਸਭਾ ਵਿਚ ਬਹੁਮਤ ਦਲ ਵਾਲੇ ਆਪਣੇ ਨਵੇਂ ਨੇਤਾ ਦੀ ਚੋਣ ਨਹੀਂ ਕਰ ਲੈਂਦੇ। ਇਹ ਗੱਲ ਵਰਣਨ ਯੋਗ ਹੈ ਕਿ ਰਾਜ ਵਿਧਾਨ ਸਭਾ ਦੇ ਬਹੁਮਤ ਸਮਰਥਨ ਤੋਂ ਬਿਨਾਂ ਕੋਈ ਮੁੱਖ ਮੰਤਰੀ ਬਹੁਤਾ ਚਿਰ ਅਹੁਦੇ ਤੇ ਕਾਇਮ ਨਹੀਂ ਰਹਿ ਸਕਦਾ।

**2. ਮੰਤਰੀ ਮੰਡਲ ਦੇ ਨਿਰਮਾਣ ਸੰਬੰਧੀ (With regard to the formation of the Council of Ministers) :** ਭਾਰਤ ਵਿਚ ਰਾਜਨੀਤਿਕ ਦਲਾਂ ਦੀ ਸੰਖਿਆ ਕਾਫ਼ੀ ਜ਼ਿਆਦਾ ਹੈ। ਵਰਤਮਾਨ ਅਵਸਥਾ ਵਿਚ ਇਹ ਸੰਭਵ ਹੈ ਜਦੋਂ ਕਿਸੇ ਦਲ ਨੂੰ ਵਿਧਾਨ ਸਭਾ ਵਿਚ ਸਪੱਸ਼ਟ ਬਹੁਮਤ ਪ੍ਰਾਪਤ ਨਾ ਹੋਵੇ ਤਾਂ ਅਨੇਕਾਂ ਦਲ ਬਹੁਮਤ ਦੇ ਸਮਰਥਨ ਦਾ ਦਾਅਵਾ ਕਰ ਸਕਦੇ ਹਨ। ਅਜਿਹੀ ਸਥਿਤੀ ਵਿਚ ਕਿਸੇ ਦਲ ਦੇ ਦਾਅਵੇ ਨੂੰ ਪ੍ਰਵਾਨ ਕਰਨਾ ਰਾਜਪਾਲ ਦੀ ਇੱਛਾ ਤੇ ਨਿਰਭਰ ਹੈ। **19 ਮਈ, 1982 ਨੂੰ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਸਨ।** ਇਹਨਾਂ ਚੋਣਾਂ ਵਿਚ ਕਿਸੇ ਵੀ ਰਾਜਨੀਤਿਕ ਦਲ ਨੂੰ ਰਾਜ ਵਿਧਾਨ ਸਭਾ ਵਿਚ ਸਪੱਸ਼ਟ ਬਹੁਮਤ ਪ੍ਰਾਪਤ ਨਹੀਂ ਹੋਇਆ ਸੀ। ਹਰਿਆਣਾ ਦੇ ਰਾਜਪਾਲ ਨੇ ਆਪਣੀ ਇੱਛਕ ਸ਼ਕਤੀ ਦੀ ਵਰਤੋਂ ਕਰਦਿਆਂ ਕਾਂਗਰਸ (ਆਈ) ਵਿਧਾਨਿਕ ਦਲ ਦੇ ਨੇਤਾ ਸ੍ਰੀ ਭਜਨ ਲਾਲ ਨੂੰ ਰਾਜ ਦਾ ਮੁੱਖ ਮੰਤਰੀ ਨਿਯੁਕਤ ਕੀਤਾ ਸੀ ਅਤੇ ਇਸ ਦੇ ਨਾਲ ਹੀ ਮੁੱਖ ਮੰਤਰੀ ਨੂੰ ਕਿਹਾ ਸੀ ਕਿ ਉਹ 30 ਜੂਨ, 1987 ਤੱਕ ਵਿਧਾਨ ਸਭਾ ਵਿਚ ਆਪਣੇ ਪੱਖ ਵਿਚ ਬਹੁਮਤ ਦਾ ਸਮਰਥਨ ਕਰਨ ਲਈ ਲੋੜਂਦੀ ਕਾਰਵਾਈ ਕਰਨ। ਇਸ ਤੋਂ ਬਾਅਦ 1992 ਵਿਚ ਅਯੁਧਿਆ ਘਟਨਾਵਾਂ ਨੂੰ ਮੁੱਖ ਰਖਦੇ ਹੋਏ ਵੀ ਕੇਂਦਰ ਸਰਕਾਰ ਨੇ ਉਸੇ ਦੇ ਰਾਜਪਾਲ ਦੀ ਸਿਫਾਰਸ਼ ਤੇ ਉਥੇ ਦੀਆਂ ਸਰਕਾਰਾਂ ਨੂੰ 356 ਆਰਟੀਕਲ ਦਾ ਸਹਾਰਾ ਲੈ ਕੇ ਡਿਸਮਿਸ ਕਰ ਦਿੱਤਾ।

**3. ਸੰਵਿਧਾਨਿਕ ਮਸ਼ੀਨਰੀ ਅਸਫਲ ਹੋਣ ਸੰਬੰਧੀ (Failure of the Constitutional Machinery) :** ਰਾਜ ਵਿਚ ਸੰਵਿਧਾਨਿਕ ਮਸ਼ੀਨਰੀ ਅਸਫਲ ਹੋਣ ਸੰਬੰਧੀ ਰਾਜਪਾਲ ਦਾ ਨਿਰਣਾ ਅਕਸਰ ਨਿੱਜੀ ਹੁੰਦਾ ਹੈ। ਰਾਜਪਾਲ ਜਦੋਂ ਰਾਸ਼ਟਰਪਤੀ ਨੂੰ ਸੰਵਿਧਾਨਿਕ ਮਸ਼ੀਨਰੀ ਦੀ ਅਸਫਲਤਾ ਸੰਬੰਧੀ ਰਿਪੋਰਟ ਭੇਜਦਾ ਹੈ ਤਾਂ ਇਸ ਮਾਮਲੇ ਵਿਚ ਮੰਤਰੀ ਮੰਡਲ ਉਸਨੂੰ ਸਲਾਹ ਨਹੀਂ ਦਿੰਦਾ, ਸਗੋਂ ਮੰਤਰੀ ਅਕਸਰ ਸੰਵਿਧਾਨ ਅਨੁਸਾਰ ਸ਼ਾਸਨ ਦੇ ਸੰਚਾਲਨ ਦਾ ਦਾਅਵਾ ਕਰਦੇ ਹਨ ਕਿਉਂਕਿ ਉਹ ਆਪਣੀਆਂ ਸ਼ਾਸਨ ਗੱਦੀਆਂ ਨੂੰ ਆਪਣੇ ਹੱਥੋਂ ਜਾਣ ਨਹੀਂ ਦੇਣਾ ਚਾਹੁੰਦੇ।

**4. ਵਿਧਾਨ ਸਭਾ ਨੂੰ ਭੰਗ ਕਰਨਾ (Dissolving the Legislative Assembly):** ਆਮ ਤੌਰ ਤੇ ਵਗਰਨਰ ਕੋਲੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਵਿਧਾਨ ਸਭਾ ਨੂੰ ਮੁੱਖ ਮੰਤਰੀ ਦੀ ਸਲਾਹ ਅਨੁਸਾਰ ਹੀ ਭੰਗ ਕਰੇ, ਪਰ ਕਈ ਵਾਰੀ ਅਜਿਹੀ ਸਥਿਤੀ ਉਤਪੰਨ ਹੋ ਸਕਦੀ ਹੈ ਕਿ ਮੰਤਰੀ ਮੰਡਲ ਨੂੰ ਵਿਧਾਨ ਸਭਾ ਵਿਚ ਬਹੁਮਤ ਤਾਂ ਪ੍ਰਾਪਤ ਹੈ ਪਰੰਤੂ ਜਨਤਾ ਉਹਨਾਂ ਦੇ ਕਾਰਜਾਂ ਅਤੇ ਨੀਤੀਆਂ ਤੋਂ ਅਸੰਤੁਸ਼ਟਹੈ। ਸੰਭਵ ਹੈ ਕਿ ਅਜਿਹਾ ਮੰਡਲ ਅਤੇ ਉਹਨਾਂ ਦੇ ਵਿਧਾਨ ਸਭਾ ਦੇ ਸਾਥੀ ਮੈਂਬਰ ਨੀਤੀਆਂ ਦਾ ਨਿਰਮਾਣ ਨਿੱਜੀ ਜਾਂ ਦਲ ਹਿੱਤਾਂ ਦੀ ਪੂਰਤੀ ਲਈ ਕਰਦੇ ਹੋਣ ਅਤੇ ਰਾਜ ਦੇ ਧਨ ਦੀ ਬਰਬਾਦੀ ਕਰ ਰਹੇ ਹੋਣ ਤਾਂ ਰਾਜਪਾਲ ਜਨਤਾ ਦੀ ਰਾਇ ਲਈ ਆਪਣੀ ਸਵੈ-ਇਛੁਕ ਸ਼ਕਤੀ ਦੀ ਵਰਤੋਂ ਕਰਕੇ ਵਿਧਾਨ ਸਭਾ ਨੂੰ ਭੰਗ ਕਰ ਸਕਦਾ ਹੈ।

**5. ਮੰਤਰੀ ਮੰਡਲ ਨੂੰ ਬਰਖ਼ਾਸਤ ਕਰਨ ਸੰਬੰਧੀ (Dismissing the Ministry):** ਸੰਭਵ ਹੈ ਕਿ ਕੋਈ ਮੁੱਖ ਮੰਤਰੀ ਵਿਧਾਨ ਸਭਾ ਵਿਚ ਬਹੁਮਤ ਦਾ ਸਮਰਥਨ ਸਮਾਪਤ ਹੋ ਜਾਣ ਦੇ ਬਾਵਜੂਦ ਵੀ ਤਿਆਗ-ਪੱਤਰ ਦੇਣ ਤੋਂ ਸੰਕੋਚ ਕਰੇ ਜਾਂ ਉਹ ਆਪਣੇ ਸਮਰਥਕਾਂ ਦਾ ਬਹੁਮਤ ਸਿੱਧ ਕਰਨ ਲਈ ਵਿਧਾਨ ਸਭਾ ਦਾ ਸਮਾਗਮ ਕਰਨ ਲਈ ਤਿਆਰ ਨਾ ਹੋਵੇ ਤਾਂ ਰਾਜਪਾਲ ਅਜਿਹੇ ਮੰਤਰੀ-ਮੰਡਲ ਨੂੰ ਆਪਣੇ ਸਵੈ-ਇਛੁੱਕ ਸ਼ਕਤੀ ਦੇ ਆਧਾਰ ਤੇ ਪਦਵੀ ਤੋਂ ਹਟਾ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਜ਼ਿਆਦਾ ਦਲ-ਬਦਲੀ ਦੇ ਕਾਰਣ

ਮੰਤਰੀ ਮੰਡਲ ਦੀ ਸਥਿਤੀ ਡਾਵਾਂ-ਡੋਲ ਹੋਵੇ, ਤਾਂ ਵੀ ਗਵਰਨਰ ਆਪਣੀ ਸਵੈ-ਇੱਛਕ ਸ਼ਕਤੀ ਦੀ ਵਰਤੋਂ ਕਰਕੇ ਮੰਤਰੀ ਮੰਡਲ ਨੂੰ ਬਰਤਰਫ (Dismiss) ਕਰ ਸਕਦਾ ਹੈ। 2 ਜੁਲਾਈ, 1984 ਨੂੰ ਜੰਮੂ ਅਤ ਕਸ਼ਮੀਰ ਦੇ ਗਵਰਨਰ ਜਗਮੋਹਨ ਨੇ ਮੁੱਖ ਮੰਤਰੀ ਡਾ. ਫਾਰੂਕ ਅਬਦੁੱਲਾ ਨੂੰ ਬਰਤਰਫ ਕਰ ਦਿੱਤਾ ਸੀ ਕਿਉਂਕਿ ਉਹਨਾਂ ਦੇ ਦਲ ਦੇ 13 ਮੈਂਬਰ ਉਹਨਾਂ ਦਾ ਸਾਥ ਛੱਡ ਗਏ ਸਨ ਅਤੇ ਗਵਰਨਰ ਦੇ ਵਿਚਾਰ ਵਿਚ ਡਾ. ਅਬਦੁੱਲਾ ਵਿਧਾਨ ਸਭਾ ਵਿਚ ਬਹੁਮਤ ਦਾ ਸਮਰਥਨ ਗੁਆ ਬੈਠੇ ਸਨ।ਰਾਜਪਾਲ ਨੇ ਮਿ.ਜੀ. ਐਮ. ਸ਼ਾਹ ਨੂੰ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਅਤੇ ਉਹਨਾਂ ਨੂੰ ਇਕ ਮਹੀਨੇ ਦੇ ਅੰਦਰ ਵਿਧਾਨ ਸਭਾ ਵਿਚ ਆਪਣਾ ਬਹੁਮਤ ਸਿੱਧ ਕਰਨ ਲਈ ਆਦੇਸ਼ ਦਿੱਤਾ। ਸ੍ਰੀ. ਜੀ. ਐਮ. ਸ਼ਾਹ ਨੇ 31 ਜੁਲਾਈ, 1984 ਨੂੰ ਵਿਧਾਨ ਸਭਾ ਵਿਚ ਆਪਣਾ ਬਹੁਮਤ ਸਿੱਧ ਕਰ ਦਿੱਤਾ। ਇਸ ਤਰ੍ਹਾਂ ਦੀ ਕਾਰਵਾਈ 16 ਅਗਸਤ, 1984 ਨੂੰ ਆਂਧਰਾ ਪ੍ਰਦੇਸ਼ ਵਿਚ ਹੋਈ। ਆਂਧਰਾ ਪ੍ਰਦੇ ਸ਼ ਦੇ ਗਵਰਨਰ ਸ੍ਰੀ ਰਾਮ ਲਾਲ ਨੇ ਮੁੱਖ ਮੰਤਰੀ ਸ੍ਰੀ ਐਨ.ਟੀ.ਰਾਓ ਨੂੰ ਡਿਸਮਿਸ ਕਰ ਦਿੱਤਾ ਸੀ ਕਿਉਂਕਿ ਉਹਨਾਂ ਦੇ ਦਲ ਦੇ ਕੁਝ ਵਿਧਾਇਕਾਂ ਨੇ ਉਹਨਾਂ ਤੋਂ ਆਪਣਾ ਸਮਰਥਨ ਵਾਪਸ ਲੈ ਲਿਆ। ਰਾਜਪਾਲ ਨੇ ਸ੍ਰੀ. ਐਨ.ਵਾਸਕਰ ਰਾਓ ਨੂੰ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਗਿਆ ਤੇ ਇਹ ਆਦੇਸ਼ ਦਿਤਾ ਕਿ ਇਕ ਮਹੀਨੇ ਦੇ ਅੰਦਰ ਉਹ ਵਿਧਾਨ ਸਭਾ ਵਿਚ ਆਪਣਾ ਬਹੁਮਤ ਸਿੱਧ ਕਰਨ।

**ਰਾਜਪਾਲ ਦੀਆਂ ਉਪਰੋਕਤ ਸਵੈ-ਇਛੁਕ ਸ਼ਕਤੀਆਂ ਤੋਂ ਇਲਾਵਾ ਉਸ ਨੂੰ ਹੇਠ ਲਿਖੀਆਂ ਸਥਿਤੀਆਂ ਸੰਬੰਧੀ ਵੀ ਸਵੈ-ਇਛਕ ਸ਼ਕਤੀਆਂ ਪ੍ਰਾਪਤ ਹਨ :**

(i) ਰਾਜਪਾਲ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਗਏ ਕਿਸੇ ਵੀ ਬਿੱਲ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਰਾਖਵਾਂ ਰੱਖ ਸਕਦਾ ਹੈ। ਉਸ ਦੀ ਇਸ ਸ਼ਕਤੀ ਨੂੰ ਅਦਾਲਤ ਵਿਚ ਵੰਗਾਰਿਆ ਨਹੀਂ ਜਾ ਸਕਦਾ।

(ii) ਰਾਜਪਾਲ ਮੰਤਰੀ ਮੰਡਲ ਕੋਲੋਂ ਕਿਸੇ ਵੀ ਵਿਸ਼ੇ ਸੰਬੰਧੀ ਸੂਚਨਾ ਪ੍ਰਾਪਤ ਕਰ ਸਕਦਾ ਹੈ। ਮੁੱਖ ਮੰਤਰੀ ਦਾ ਇਹ ਸੰਵਿਧਾਨਿਕ ਕਰੱਤਵ ਹੈ ਕਿ ਮੰਤਰੀ ਮੰਡਲ ਦੇ ਫੈਸਲੇ ਸੰਬੰਧੀ ਰਾਜਪਾਲ ਨੂੰ ਸੂਚਨਾ ਦਿੰਦਾ ਰਹੇ।

(iii) ਵਿਧਾਨ ਮੰਡਲ ਦੁਆਰਾ ਪਾਸ ਕੀਤੇ ਬਿੱਲ ਨੂੰ ਰਾਜਪਾਲ ਇਕ ਵਾਰੀ ਆਪਣੀ ਇੱਛਾ ਅਨੁਸਾਰ ਰੱਦ ਕਰ ਸਕਦਾ ਹੈ।

(iv) ਰਾਜਪਾਲ ਮੁੱਖ ਮੰਤਰੀ ਨੂੰ ਕਿਸੇ ਅਜਿਹੇ ਵਿਸ਼ੇ ਨੂੰ ਸਮੁੱਚੇ ਮੰਤਰੀ ਮੰਡਲ ਦੇ ਵਿਚਾਰ ਲਈ ਪੇਸ਼ ਕਰਨ ਲਈ ਕਹਿ ਸਕਦਾ ਹੈ, ਜਿਸ ਸੰਬੰਧੀ ਕਿਸੇ ਇਕ ਮੰਤਰੀ ਨੇ ਨਿਰਣਾ ਲਿਆ ਹੋਵੇ।

ਉਪਰੋਕਤ ਸ਼ਕਤੀਆਂ ਤੋਂ ਇਲਾਵਾ ਇਹ ਵਰਨਣਯੋਗ ਹੈ ਕਿ ਰਾਜਪਾਲ ਕੇਵਲ ਰਾਜ ਦਾ ਮੁੱਖੀ ਹੀ ਨਹੀਂ ਸਗੋਂ ਕੇਂਦਰੀ ਸਰਕਾਰ ਦਾ ਪ੍ਰਤੀਨਿਧੀ ਵੀ ਹੈ। ਉਹ ਆਪਣੇ ਕੰਮਾਂ ਸੰਬੰਧੀ ਰਾਸ਼ਟਰਪਤੀ ਨੂੰ ਉੱਤਰਦਾਇ ਹੈ ਅਤੇ ਰਾਜ ਵਿਧਾਨ ਮੰਡਲ ਜਾਂ ਕੇਂਦਰੀ ਸੰਸਦ ਉਸ ਵਿਰੁੱਧ ਮਹਾਂਦੋਸ਼ ਦਾ ਮੁਕੱਦਮਾ ਨਹੀਂ ਚਲਾ ਸਕਦੇ। ਇਸ ਲਈ ਇਹ ਸੰਭਵ ਹੈ ਕਿ ਕੇਂਦਰੀ ਸਰਕਾਰ ਦੀ ਸਹਾਇਤਾ ਨਾਲ ਰਾਜਪਾਲ ਰਾਜ ਦਾ ਅਸਲੀ ਸ਼ਾਸਕ ਬਣ ਜਾਵੇ। ਮਿਸਟਰ ਟੋਪੇ ਅਨੁਸਾਰ ''ਜੇ ਰਾਜਪਾਲ ਨੂੰ ਰਾਸ਼ਟਰਪਤੀ ਦਾ ਸਮਰਥਨ ਪ੍ਰਾਪਤ ਹੋਵੇ ਤਾਂ ਉਹ ਸੰਵਿਧਾਨਿਕ ਮੁੱਖੀ ਬਹੁਤ ਦੇਰ ਨਹੀਂ ਰਹੇਗਾ, ਸਗੋਂ ਰਾਜ ਦਾ ਅਸਲੀ ਹਾਕਮ ਬਣ ਸਕਦਾ ਹੈ।'' ਰਾਜਪਾਲ ਦੀ ਸਥਿਤੀ ਇਸ ਪ੍ਰਕਾਰ

---

1. The Governor of a State if supported by the President of India can become a ruler of the State in the real sense of the term. He may no longer be a Constitutional Head.
-T.K. Torpey

2. 'The powers of the Governor will be so limited, so nominal, his position so ornamental that, Governor has no function which he is required to perform in his discretion or in his individual judgement."
-Dr. Ambedkar

ਦੀ ਹੈ ਕਿ ਨਾਂ ਤਾਂ ਉਹ ਪੂਰਨ ਰੂਪ ਵਿਚ ਸੰਵਿਧਾਨਿਕ ਮੁੱਖੀ ਹੈ ਅਤੇ ਨਾ ਹੀ ਅਸਲੀ ਸ਼ਾਸਕ ਹੈ। ਸਾਧਾਰਣ ਸਥਿਤੀ ਵਿਚ ਉਹ ਸੰਸਦੀ ਪ੍ਰਣਾਲੀ ਦੀਆਂ ਪਰੰਪਰਾਵਾਂ ਅਨੁਸਾਰ ਵੀ ਸੰਵਧਾਨਿਕ ਮੁੱਖੀ ਦੇ ਰੂਪ ਵਿਚ ਕੰਮ ਕਰਦਾ ਹੈ, ਪਰੰਤੂ ਕੁਝ ਵਿਸ਼ੇਸ਼ ਸਥਿਤੀਆਂ ਵਿਚ ਉਹ ਅਸਲੀ ਕਾਰਜਪਾਲਿਕਾ ਦੇ ਰੂਪ ਵਿਚ ਵੀ ਕੰਮ ਕਰਦਾ ਹੈ।

**ਰਾਜਪਾਲ ਦੀ ਸਥਿਤੀ (Position of the Governor)**

**ਇਕ ਸ਼ਕਤੀਸ਼ਾਲੀ ਕਾਰਜਕਾਰੀ ਮੁੱਖੀ (A Powerful Executive Head) :** ਰਾਜਪਾਲ ਦੀ ਸਥਿਤੀ ਸੰਬੰਧੀ ਜੇਕਰ ਸੰਵਿਧਾਨ ਦੇ ਵੱਖ ਵੱਖ ਉਪਬੰਧ ਦਾ ਨਿਰੀਖਣ ਕਰੀਏ ਤਾਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਸੰਵਿਧਾਨਿਕ ਰਚਣਹਾਰਿਆਂ ਨੇ ਰਾਜ ਦੇ ਪ੍ਰਸ਼ਾਸਨ ਸੰਬੰਧੀ ਮਹੱਤਵਪੂਰਨ ਸ਼ਕਤੀਆਂ ਰਾਜਪਾਲ ਨੂੰ ਸੌਪੀਆਂ ਹਨ। ਰਾਜ ਦਾ ਸ਼ਾਸਨ ਰਾਜਪਾਲ ਦੇ ਨਾਂ ਤੇ ਹੀ ਚਲਾਇਆ ਜਾਂਦਾ ਹੈ ਅਤੇ ਰਾਜ ਦੇ ਮਹੱਤਵਪੂਰਨ ਅਧਿਕਾਰੀਆਂ ਦੀ ਨਿਯੁਕਤੀ ਰਾਜਪਾਲ ਦੁਆਰਾ ਹੀ ਕੀਤੀ ਜਾਂਦੀ। ਰਾਜਪਾਲ ਰਾਜ ਵਿਧਾਨ ਮੰਡਲ ਦਾ ਸਮਾਗਮ ਬੁਲਾਉਂਦਾ ਹੈ ਅਤੇ ਵਿਧਾਨ ਸਭਾ ਨਿਸ਼ਚਿਤ ਕਾਰਜਕਾਲ ਦੀ ਸਮਾਪਤੀ ਤੋਂ ਪਹਿਲਾਂ ਵੀ ਭੰਗ ਕਰ ਸਕਦਾ ਹੈ। ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤਾ ਗਿਆ ਕੋਈ ਵੀ ਬਿੱਲ ਰਾਜਪਾਲ ਦੀ ਪ੍ਰਵਾਨਗੀ ਤੋਂ ਬਿਨਾਂ ਕਾਨੂੰਨ ਦਾ ਰੂਪ ਧਾਰਨ ਨਹੀਂ ਕਰ ਸਕਦਾ। ਜਦੋਂ ਰਾਜ ਵਿਧਾਨ ਮੰਡਲ ਦਾ ਸਮਾਗਮ ਨਾ ਹੋ ਰਿਹਾ ਹੋਵੇ ਤਾਂ ਰਾਜਪਾਲ ਅਧਿਆਦੇਸ਼ ਵੀ ਜਾਰੀ ਕਰ ਸਕਦਾ ਹੈ। ਧਨ ਬਿੱਲ ਰਾਜਪਾਲ ਦੀ ਅਗੇਤਰੀ ਪ੍ਰਵਾਨਗੀ ਤੋਂ ਬਿਨਾਂ ਰਾਜ ਵਿਧਾਨ ਮੰਡਲ ਵਿਚ ਪੇਸ਼ ਨਹੀਂ ਕੀਤੇ ਜਾ ਸਕਦੇ। ਸੰਵਿਧਾਨ ਦੇ ਅਨੁਛੇਦ 163 ਵਿਚ ਜਿਹੜੀ ਮੰਤਰੀ ਪਰਿਸ਼ਦ ਦੀ ਵਿਵਸਥਾ ਕੀਤੀ ਗਈ ਹੈ ਉਹ ਮੰਤਰੀ ਪਰਿਸ਼ਦ ਵੀ ਸੰਵਿਧਾਨ ਦੇ ਇਸ ਅਨੁਛੇਦ ਤੋਂ ਇਕ ਸਲਾਹਕਾਰੀ ਸੰਸਥਾ ਹੀ ਪ੍ਰਤੀਤ ਹੁੰਦੀ ਹੈ। ਕਹਿਣ ਦਾ ਭਾਵ ਇਹ ਹੈ ਕਿ ਸੰਵਿਧਾਨ ਦੇ ਉਪਬੰਧਾਂ ਅਨੁਸਾਰ ਰਾਜ ਦੇ ਪ੍ਰਸ਼ਾਸਨ ਸੰਬੰਧੀ ਰਾਜਪਾਲ ਨੂੰ ਕਾਰਜਕਾਰੀ, ਵਿਧਾਨਿਕ, ਨਿਆਂਇਕ ਅਤੇ ਵਿੱਤੀ ਖੇਤਰ ਵਿਚ ਬਹੁਤ ਹੀ ਮਹੱਤਵਪੂਰਨ ਸ਼ਕਤੀਆਂ ਪ੍ਰਾਪਤ ਹਨ।

**ਇਕ ਸੰਵਿਧਾਨਿਕ ਮੁੱਖੀ (A Constitutional Head) :** ਰਾਜਪਾਲ ਦੀ ਉਪਰੋਕਤ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਸਥਿਤੀ ਸੰਵਿਧਾਨ ਦੇ ਉਪਬੰਧਾ ਦੇ ਸ਼ਬਦੀ ਅਰਥਾਂ ਦੇ ਅਨੁਸਾਰ ਹੈ, ਪਰ ਰਾਜ ਦੇ ਪ੍ਰਸ਼ਾਸਨ ਵਿਚ ਰਾਜਪਾਲ ਦੀ ਅਸਲੀ ਸਥਿਤੀ ਤਾਂ ਉਹ ਹੀ ਹੈ ਜੋ ਕੇਂਦਰ ਵਿਚ ਰਾਸ਼ਟਰਪਤੀ ਦੀ ਹੈ। ਸੰਵਿਧਾਨ ਅਨੁਸਾਰ ਰਾਜਪਾਲ ਨੂੰ ਬੇਅੰਤ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ ਅਤੇ ਉਸ ਦੀ ਸਲਾਹ ਲਈ ਵੀ ਇਕ ਪਰਿਸ਼ਦ ਦੀ ਵਿਵਸਥਾ ਕੀਤੀ ਗਈ ਹੈ। ਸਾਡੇ ਸੰਵਿਧਾਨ ਵਿਚ ਰਾਜਪਾਲ ਲਈ ਮੰਤਰੀ ਪਰਿਸ਼ਦ ਦੀ ਸਲਾਹ ਮੰਨਣ ਸੰਬੰਧੀ ਕੋਈ ਵਿਸ਼ੇਸ਼ ਧਾਰਾ ਅੰਕਿਤ ਨਹੀਂ ਕੀਤੀ ਗਈ, ਪਰੰਤੂ ਕੇਂਦਰ ਦੀ ਤਰ੍ਹਾਂ ਰਾਜਾਂ ਵਿਚ ਸੰਸਦੀ ਪ੍ਰਣਾਲੀ ਹੋਣ ਕਾਰਣ ਉਹਨਾਂ ਸਭ ਪ੍ਰੰਪਰਾਵਾਂ ਤੇ ਅਮਲ ਕਰਨਾ ਲਾਜ਼ਮੀ ਹੈ, ਜੋ ਪ੍ਰੰਪਰਾਵਾਂ ਇੰਗਲੈਂਡ ਵਿਚ ਪ੍ਰਚੱਲਤ ਹਨ ਕਿਉਂਕਿ ਸੰਸਦੀ ਸ਼ਾਸਨ ਪ੍ਰਣਾਲੀ ਦਾ ਆਦਰਸ਼ ਅਸੀਂ ਇੰਗਲੈਂਡ ਦੀ ਰਾਜ ਬਣਤਰ ਤੋਂ ਲਿਆ ਹੈ। ਰਾਜਪਾਲ ਸਭ ਸ਼ਕਤੀਆਂ ਦੀ ਵਰਤੋਂ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਹੀ ਕਰਦਾ ਹੈ। ਕਿਉਂਕਿ ਰਾਜਪਾਲ ਰਾਜ ਦਾ ਅਸਲੀ ਸ਼ਾਸਕ ਨਹੀਂ, ਸਗੋਂ ਉਹ ਇਕ ਸੰਵਿਧਾਨਿਕ ਮੁੱਖੀ ਹੈ। ਸਾਡੇ ਸੰਵਿਧਾਨ ਰਚਣਹਾਰਿਆਂ ਨੇ ਸੰਵਿਧਾਨ ਸਭਾ ਵਿਚ ਰਾਜਪਾਲ ਦੀ ਨਿਯੁਕਤੀ ਸੰਬੰਧੀ ਜਨਤਾ ਦੁਆਰਾ ਜਾਂ ਵਿਧਾਨ-ਪਾਲਿਕਾ ਦੁਆਰਾ ਚੋਣ ਦੇ ਸੁਝਾਵਾਂ ਨੂੰ ਰੱਦ ਕਰਕੇ ਆਸਟਰੇਲੀਆ ਅਤੇ ਕੈਨੇਡਾ ਦੀ ਪ੍ਰਥਾ ਨੂੰ ਇਸੇ ਲਈ ਅਪਣਾਇਆ ਸੀ ਤਾਂ ਜੋ ਰਾਜਪਾਲ ਸੰਵਿਧਾਨਿਕ ਮੁੱਖੀ ਦੇ ਤੌਰ ਤੇ ਕੰਮ ਕਰ ਸਕੇ। **ਡਾਕਟਰ ਅੰਬੇਦਕਰ ਨੇ ਰਾਜਪਾਲ ਦੀ ਸਥਿਤੀ ਦਾ ਵਰਣਨ ਕਰਦਿਆਂ ਸੰਵਿਧਾਨ ਸਭਾ ਵਿਚ ਕਿਹਾ ਸੀ ਕਿ** ''ਰਾਜਪਾਲ ਦੀਆਂ ਸ਼ਕਤੀਆਂ ਬੜੀਆਂ ਸੀਮਿਤ ਤੇ ਨਾ ਮਾਤਰ ਹਨ ਅਤੇ ਉਸ ਦੀ ਸਥਿਤੀ ਬੜੀ ਦਿਖਾਵੇ ਵਾਲੀ ਹੋਵੇਗੀ। ਉਹ ਕੋਈ ਵੀ ਕਾਰਜ ਆਪਣੀ ਇੱਛਾ ਜਾਂ ਨਿਰਣੇ ਦੇ

---

1. "When a Cabinet composed of popular Minsiters collectively responsible to the Legislature is there to aid and advise the Governor in the discharge of his functions, occasions are almost non-existent for him to overrule the act in manner contrary to their advice."

-M.V. Pylee

ਅਨੁਸਾਰ ਨਹੀਂ ਕਰ ਸਕੇਗਾ।'' ਇਸ ਵਿਚਾਰ ਨੂੰ **ਮਿਸਟਰ ਐਮ. ਵੀ. ਪਾਇਲੀ (Mr. M.V. Pylee)** ਨੇ ਇਹਨਾਂ ਸ਼ਬਦਾ ਵਿਚ ਦਰਸਾਇਆ ਹੈ, ਜਦੋਂ ਤਕ ਵਿਧਾਨ ਮੰਡਲ ਪ੍ਰਤੀ ਸਮੂਹਿਕ ਰੂਪ ਵਿਚ ਉੱਤਰਦਾਈ ਮੰਤਰੀ ਮੰਡਲ ਰਾਜਪਾਲ ਨੂੰ ਉਸ ਦੇ ਕੰਮਾਂ ਵਿਚ ਸਲਾਹ ਅਤੇ ਸਹਾਇਤਾ ਦੇਣ ਲਈ ਹੈ, ਉਦੋਂ ਤਕ ਰਾਜਪਾਲ ਲਈ ਅਜਿਹੇ ਮੌਕੇ ਆਉਣ ਦੀ ਬਹੁਤ ਘੱਟ ਸੰਭਾਵਨਾ ਹੈ ਜੋ ਕਿ ਉਹਨਾਂ ਦੀ ਸਲਾਹ ਦੇ ਵਿਰੁੱਧ ਕੋਈ ਕੰਮ ਕਰ ਸਕੇ।

ਰਾਜਪਾਲ ਦੇ ਸੰਵਿਧਾਨਿਕ ਮੁੱਖੀ ਹੋਣ ਦਾ ਅਰਥ ਇਹ ਨਹੀਂ ਹੈ ਕਿ ਉਸਦਾ ਪਦ ਬਿਲਕੁਲ ਮਹੱਤਵਹੀਣ ਹੈ। ਭਾਵੇਂ ਉਹ ਸ਼ਕਤੀਆਂ ਦੀ ਵਰਤੋਂ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਕਰਦਾ ਹੈ, ਪਰ ਫਿਰ ਵੀ ਰਾਜਪਾਲ ਰਾਜ ਦੇ ਸ਼ਾਸਨ ਦਾ ਮਹੱਤਵਪੂਰਨ ਅਧਿਕਾਰੀ ਹੈ ਰਾਜਪਾਲ ਨੂੰ ਕੁਝ ਵਿਸ਼ੇਸ਼ ਸਥਿਤੀਆਂ ਵਿਚ ਆਪਣੀਆਂ ਸ਼ਕਤੀਆਂ ਦੀ ਵਰਤੋਂ ਮੰਤਰੀ ਮੰਡਲ ਦੀ ਸਲਾਹ ਤੋਂ ਬਿਨਾਂ ਆਪਣੀ ਇੱਛਾ ਅਨੁਸਾਰ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਅਜਿਹੀਆਂ ਸ਼ਕਤੀਆਂ ਨੂੰ ਰਾਜਪਾਲ ਦੀਆਂ ਸਵੈ-ਇੱਛਕ ਸ਼ਕਤੀਆਂ (Discretionary Powers) ਕਹਿੰਦੇ ਹਨ।

**ਕੇਂਦਰੀ ਸਰਕਾਰ ਦੇ ਪ੍ਰਤੀਨਿਧੀ ਦੇ ਰੂਪ ਵਿਚ (As a Representative of Central Government)**

ਰਾਜਪਾਲ ਕੇਂਦਰ ਸਰਕਾਰ ਦੇ ਪ੍ਰਤੀਨਿਧ ਦੇ ਰੂਪ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਾਡੇ ਦੇਸ਼ ਵਿਚ ਸਹਿਯੋਗ ਸੰਘਵਾਦ (Co-operative Federalism) ਸਥਾਪਤ ਕੀਤਾ ਗਿਆ ਹੈ। ਰਾਜਪਾਲ ਦੀ ਪਦਵੀ ਹੀ ਇਕ ਅਜਿਹੀ ਕੜੀ ਹੈ ਜੋ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵਿਚ ਨਿਰੰਤਰ ਸੰਪਰਕ ਬਣਾਈ ਰਖਦੀ ਹੈ। ਸੰਵਿਧਾਨ ਦੇ ਅਨੁਛੇਦ 355 ਵਿਚ ਇਹ ਵਿਵਸਥਾ ਹੈ ਕਿ ਹਰੇਕ ਰਾਜ ਨੂੰ ਬਾਹਰਲੇ ਹਮਲੇ ਅਤੇ ਅੰਦਰੂਨੀ ਗੜਬੜ ਤੋਂ ਬਚਾਉਣਾ ਅਤੇ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਹਰੇਕ ਰਾਜ ਦੀ ਸਰਕਾਰ ਸੰਵਿਧਾਨ ਦੀਆਂ ਵਿਵਸਥਾਵਾਂ ਅਨੁਸਾਰ ਚਲਾਈ ਜਾ ਰਹੀ ਹੈ, ਸੰਘ ਸਰਕਾਰ ਦਾ ਕਰਤਵ ਹੈ।[2] ਕੇਂਦਰ ਸਰਕਾਰ ਸੰਵਿਧਾਨ ਦੀ ਇਸ ਵਿਵਸਥਾ ਨੂੰ ਰਾਜਪਾਲ ਦੀ ਸੰਸਥਾ, ਦੇ ਰਾਹੀਂ ਹੀ ਲਾਗੂ ਕਰ ਸਕਦੀ ਹੈ ਕਿਉਂਕਿ ਰਾਜ ਸਕਰਾਰ ਸੰਬੰਧੀ ਹਰ ਤਰ੍ਹਾਂ ਦੀ ਸੂਚਨਾ ਕੇਂਦਰ ਸਰਕਾਰ ਨੂੰ ਰਾਜਪਾਲ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ। ਰਾਜਪਾਲ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੇਂਦਰ ਸਰਕਾਰ ਦੀ ਸਲਾਹ ਅਨੁਸਾਰ ਹੁੰਦੀ ਹੈ ਅਤੇ ਕੇਂਦਰ ਸਰਕਾਰ ਦੀ ਸਲਾਹ ਤੇ ਹੀ ਰਾਜਪਾਲ ਨੂੰ ਰਾਸ਼ਟਰਪਤੀ ਦੁਆਰਾ ਪਦਵੀ ਤੋਂ ਹਟਾਇਆ ਜਾ ਸਕਦਾ ਹੈ। ਕੇਂਦਰ ਸਰਕਾਰ ਦੀ ਸਲਾਹ ਤੇ ਰਾਜਪਾਲ ਨੂੰ ਕਿਸੇ ਦੂਜੇ ਰਾਜ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਇਨ੍ਹਾਂ ਮਾਮਲਿਆਂ ਵਿਚ ਸਰਕਾਰ ਜਾਂ ਰਾਜ ਵਿਧਾਨ-ਮੰਡਲ ਦਾ ਕੋਈ ਵੀ ਹੱਥ ਨਹੀਂ ਹੁੰਦਾ ਜਦੋਂ ਰਾਜਪਾਲ ਦੀ ਨਿਯੁਕਤੀ ਅਤੇ ਪਦਵੀ ਉੱਤੇ ਕਾਇਮ ਰਹਿਣਾ ਕੇਂਦਰ ਸਰਕਾਰ ਦੀ ਕ੍ਰਿਪਾ ਦ੍ਰਿਸ਼ਟੀ ਤੇ ਨਿਰਭਰ ਕਰਦਾ ਹੋਵੇ ਤਾਂ ਰਾਜਪਾਲ ਵਧੇਰੇ ਕਰਕੇ ਕੇਂਦਰ ਸਰਕਾਰ ਦੇ ਪ੍ਰਤੀਨਿਧੀ ਦੇ ਤੌਰ ਤੇ ਹੀ ਕੰਮ ਕਰਦੇ ਹਨ। ਕਿਸੇ ਰਾਜ ਦੀ ਸੰਵਿਧਾਨਿਕ ਵਿਵਸਥਾ ਦੀ ਅਸਫਲਤਾ ਸੰਬੰਧੀ ਨਿਰਣਾ ਰਾਜਪਾਲ ਨੇ ਭਾਵੇਂ ਆਪਣੀ ਇੱਛਾ ਅਨੁਸਾਰ ਲੈਣਾ ਹੁੰਦਾ ਹੈ, ਪਰ ਵਾਸਤਵ ਵਿਚ ਅਜਿਹਾ ਨਿਰਣਾ ਕੇਂਦਰ ਸਰਕਾਰ ਦੇ ਇਸ਼ਾਰੇ ਉਪਰ ਹੀ ਲਿਆ ਜਾਂਦਾ ਹੈ। ਜਦੋਂ ਕਿਸੇ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਾਂਦਾਹੈ ਤਾਂ ਰਾਜਪਾਲ ਕੇਂਦਰ ਸਰਕਾਰ ਦੇ ਪ੍ਰਤੀਨਿਧੀ ਦੇ ਤੌਰ ਤੇ ਉਸ ਰਾਜ ਦੇ ਸ਼ਾਸਨ ਦਾ ਸੰਚਾਲਨ ਕਰਦਾ ਹੈ । ਅਜਿਹੀ ਸਥਿਤੀ ਵਿਚ ਰਾਜਪਾਲ ਰਾਜ ਦਾ ਅਸਲੀ ਸ਼ਾਸਕ ਹੁੰਦਾ ਹੈ ਅਤੇ ਉਸ ਦੁਆਰਾ ਸ਼ਾਸਨ ਦਾ ਸੰਚਾਲਨ ਕੇਂਦਰੀ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਕੀਤਾ ਜਾਂਦਾ ਹੈ।

**ਰਾਜਪਾਲ ਦੀ ਭੂਮਿਕਾ ਦਾ ਮੁਲਅੰਕਣ (Evaluation of the role of Governor)**

---

It shall be the duty of the Union to protect every state against external aggression and internal disturbance and ensure that the Goverance of every state is carried on in accorddance with the provisions of the constitution." -Article 355

ਰਾਜਪਾਲ ਦੀ ਭੂਮਿਕਾ ਸੰਬੰਧੀ ਸਥਿਤੀ ਕਾਫੀ ਨਿਰਾਸ਼ਾਜਨਕ ਹੈ। 1967 ਦੀਆਂ ਚੋਣਾਂ ਦੇ ਫਲਸਰੂਪ ਕਈ ਰਾਜਾਂ ਵਿਚ ਵਿਰੋਧੀ ਦਲਾਂ ਦੀਆਂ ਮਿਲੀਆਂ ਜੁਲੀਆਂ ਸਰਕਾਰਾਂ ਦਾ ਨਿਰਮਾਣ ਕੀਤਾ ਗਿਆ ਸੀ। ਉਨ੍ਹਾਂ ਦਿਨਾਂ ਵਿਚ ਦਲ-ਬਦਲੀ ਵੀ ਪੂਰੇ ਜ਼ੋਰਾਂ ਉੱਤੇ ਸੀ ਅਤੇ ਇਸ ਕਾਰਨ ਮਿਲੀਆਂ ਜੁਲੀਆਂ ਸਰਕਾਰਾਂ ਦੀ ਸਥਿਰਤਾ ਨੂੰ ਹਰ ਸਮੇਂ ਖਤਰਾ ਹੀ ਹੁੰਦਾ ਹੈ। ਕੁਝ ਰਾਜਪਾਲਾਂ ਨੇ ਵਿਰੋਧੀ ਦਲਾਂ ਦੀਆਂ ਸਰਕਾਰਾਂ ਨੂੰ ਭੰਗ ਕਰਨ ਲਈ ਸਵੈ ਇੱਛਕ ਸ਼ਕਤੀਆਂ ਦੀ ਵਰਤੋਂ ਅਜਿਹੇ ਰੂਪ ਵਿਚ ਕੀਤੀ ਸੀ ਜਿਸ ਦਾ ਉਦੇਸ਼ ਕੇਂਦਰ ਵਿਚ ਸ਼ਾਸਕ ਦਲ ਦੇ ਹਿੱਤਾਂ ਦੀ ਪੂਰਤੀ ਕਰਨਾ ਜਾਪਦਾ ਸੀ। 1967 ਮਗਰੋਂ ਰਾਜਪਾਲ ਦੀ ਭੂਮਿਕਾ ਦੀ ਕਠੋਰ ਆਲੋਚਨਾ ਹੋਈ ਹੈ ਅਤੇ ਵਿਰੋਧੀ ਦਲਾਂ ਨੇ ਅਕਸਰ ਇਹ ਦੋਸ਼ ਲਗਾਇਆ ਕਿ ਰਾਜਪਾਲ ਆਪਣੀਆਂ ਸਵੈ-ਇਛੁੱਕ ਸ਼ਕਤੀਆਂ ਦੀ ਵਰਤੋਂ ਕੇਂਦਰ ਸਰਕਾਰ ਦੇ ਇਸ਼ਾਰਿਆਂ ਅਨੁਸਾਰ ਕਰਦੇ ਹਨ। ਜੇਕਰ ਵੱਖ ਵੱਖ ਰਾਜਾਂ ਦੇ ਰਾਜਪਾਲਾਂ ਦੀ ਭੂਮਿਕਾ ਦਾ ਨਰੀਖਣ ਕੀਤਾ ਜਾਵੇ ਤਾਂ ਇਹ ਗੱਲ ਸਪੱਸ਼ਟ ਹੋ ਜਾਵੇਗੀ ਕਿ ਇਕੋ ਜਿਹੀਆਂ ਪਰਸਥਿਤੀਆਂ ਵਿਚ ਵੱਖ ਵੱਖ ਰਾਜਪਾਲਾਂ ਨੇ ਭਿੰਨ ਭਿੰਨ ਤਰ੍ਹਾਂ ਦੀ ਕਾਰਵਾਈ ਕੀਤੀ ਹੈ। ਕਿਸੇ ਰਾਜ ਵਿਚ ਸ਼ਾਸਕ ਦਲ ਦੇ ਘੱਟ ਗਿਣਤੀ ਵਿਚ ਹੋ ਜਾਣ ਕਾਰਨ ਕਿਸੇ ਦੂਜੇ ਵਿਅਕਤੀ ਨੂੰ ਸਰਕਾਰ ਬਣਾਉਣ ਦਾ ਮੌਕਾ ਦਿੱਤਾ ਗਿਆ ਹੈ ਜਦੋਂ ਕਿ ਅਜਿਹੀ ਸਥਿਤੀ ਵਿਚ ਹੀ ਕਿਸੇ ਦੂਜੇ ਰਾਜ ਵਿਚ ਰਾਜਪਾਲ ਨੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਿਸ਼ ਕੀਤੀ ਹੈ। ਅਜਿਹੀਆਂ ਅਨੇਕਾਂ ਉਦਾਹਰਣਾਂ ਹਨ ਜੋ ਕੁਝ ਰਾਜਪਾਲਾਂ ਦੀ ਪੱਖਪਾਤੀ ਭੂਮਿਕਾ ਨੂੰ ਨਿਸ਼ਚਿਤ ਕਰਦੀਆਂ ਹਨ। ਵਿਰੋਧੀ ਦਲਾਂ ਦਾ ਇਹ ਦ੍ਰਿੜ ਮੱਤ ਹੈ ਕਿ ਕੇਂਦਰ ਸਰਕਾਰ ਰਾਜਪਾਲ ਕੋਲੋਂ ਆਪਣੀ ਇੱਛਾ ਅਨੁਸਾਰ ਕਿਸੇ ਵੀ ਤਰ੍ਹਾਂ ਦੀ ਰਿਪੋਰਟ ਪ੍ਰਾਪਤ ਕਰ ਲੈਂਦੀ ਹੈ ਅਤੇ ਰਾਜਪਾਲ ਦੀ ਪਦਵੀ ਨੂੰ ਕੇਂਦਰ ਵਿਚ ਸ਼ਾਸਕ ਦਲ ਦੇ ਹਿੱਤ ਦੇ ਵਿਕਾਸ ਲਈ ਵਰਤਦੀ ਹੈ। ਭਾਵ ਵਿਰੋਧੀ ਦਲਾਂ ਤੇ ਸਾਰੇ ਇਲਜ਼ਾਮ ਠੀਕ ਨਾ ਹੋਣ, ਪਰ ਇਸ ਬਾਰੇ ਕੋਈ ਸ਼ੰਕਾ ਨਹੀਂ ਹੈ ਕਿ ਬਹੁਤ ਸਾਰੇ ਰਾਜਪਾਲਾਂ ਨੇ ਆਪਣੀ ਭੂਮਿਕਾ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਅਤੇ ਆਦੇਸ਼ਾਂ ਅਨੁਸਾਰ ਹੀ ਨਿਭਾਈ ਹੈ। ਇਸੇ ਕਾਰਨ ਕੁਝ ਵਿਰੋਧੀ ਦਲ ਰਾਜਪਾਲ ਦੀ ਪਦਵੀ ਨੂੰ ਖਤਮ ਕਰਨ ਦੀ ਮੰਗ ਕਰਦੇ ਹਨ।

ਰਾਜਪਾਲ ਦੀ ਭੂਮਿਕਾ ਨੂੰ ਸੰਦੇਹ ਰਹਿਤ ਅਤੇ ਨਿਰਪੱਖ ਬਣਾਉਣ ਲਈ ਸਰਕਾਰੀਆਂ ਆਯੋਗ (Sarkaria Commission) ਨੇ ਰਾਜਪਾਲ ਦੀ ਪਦਵੀ ਸੰਬੰਧੀ ਕੁਝ ਹੇਠ ਲਿਖੀਆਂ ਸਿਫਾਰਿਸ਼ਾਂ ਕੀਤੀਆਂ ਹਨ :

(i) ਕਿਸੇ ਰਾਜ ਵਿਚ ਗਵਰਨਰ ਦੀ ਨਿਯੁਕਤੀ ਕਰਨ ਤੋਂ ਪਹਿਲਾਂ ਉਸ ਰਾਜ ਦੇ ਮੁੱਖ ਮੰਤਰੀ ਦੀ ਸਲਾਹ ਲਈ ਜਾਣੀ ਚਾਹੀਦੀ ਹੈ।

(ii) ਗਵਰਨਰ ਦੀ ਪਦਵੀ ਤੇ ਨਿਯੁਕਤ ਕੀਤਾ ਜਾਣ ਵਾਲਾ ਵਿਅਕਤੀ ਰਾਸ਼ਟਰੀ ਜੀਵਨ ਦੇ ਕਿਸੇ ਖੇਤਰ ਵਿਚ ਪ੍ਰਸਿੱਧ ਹੋਣਾ ਚਾਹੀਦਾ ਹੈ।

(iii) ਕਿਸੇ ਦੂਜੇ ਰਾਜ ਦਾ ਵਿਅਕਤੀ ਹੀ ਰਾਜਪਾਲ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ।

(iv) ਅਜਿਹਾ ਵਿਅਕਤੀ ਉਸ ਰਾਜ ਦੀ ਸਥਾਨਕ ਰਾਜਨੀਤੀ ਨਾਲ ਬਹੁਤ ਜ਼ਿਆਦਾ ਸੰਬੰਧਿਤ ਨਹੀਂ ਹੋਣਾ ਚਾਹੀਦਾ।

(v) ਅਜਿਹੇ ਵਿਅਕਤੀ ਨੇ ਆਮ ਸਿਆਸਤ ਵਿਚ ਅਤੇ ਵਿਸ਼ੇਸ਼ ਕਰਕੇ ਉਸ ਰਾਜ ਦੀ ਸਿਆਸਤ ਵਿਚ ਬਹੁਤ ਜ਼ਿਆਦਾ ਭਾਗ ਨਾ ਲਿਆ ਹੋਵੇ।

(vi) ਜਿਸ ਰਾਜ ਵਿਚ ਵਿਰੋਧੀ ਦਲਾਂ ਦੀ ਸਰਕਾਰ ਹੋਵੇ ਉੱਥੇ ਕੇਂਦਰ ਵਿਚ ਸ਼ਾਸਕ ਦਲ ਦੇ ਕਿਸੇ ਵਿਅਕਤੀ ਨੂੰ ਰਾਜਪਾਲ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ।

(vii) ਕਿਸੇ ਰਾਜ ਵਿਚ ਰਾਸ਼ਟਰਪਤੀ ਰਾਜ ਤਾਂ ਹੀ ਲਾਗੂ ਕੀਤਾ ਜਾਣਾ ਚਾਹੀਦਾ ਹੈ ਜੇਕਰ ਉਸ ਦੀ ਜ਼ਰੂਰਤ ਨੂੰ ਸਿੱਧ ਕਰਨ ਲਈ ਠੋਸ ਤੱਥ ਅਤੇ ਸਬੂਤ ਹੋਣ। ਰਾਜਪਾਲ ਨੂੰ ਅਜਿਹੇ ਸਾਰੇ ਤੱਥ ਉਸ ਰਿਪੋਰਟ ਵਿਚ ਵਰਣਨ ਕਰਨੇ ਚਾਹੀਦੇ ਹਨ ਜਿਹੜੀ ਰਿਪੋਰਟ ਉਹ ਰਾਸ਼ਟਰਪਤੀ ਰਾਜ ਲਾਗੂ ਕਰਨ ਸੰਬੰਧੀ ਰਾਸ਼ਟਰਪਤੀ

ਨੂੰ ਭੇਜਦਾ ਹੈ। ਇਹ ਠੀਕ ਹੈ ਕਿ ਕਈ ਰਾਜਾਂ ਵਿਚ ਗਵਰਨਰਾਂ ਨੇ ਪੱਖ-ਪਾਤੀ ਅਤੇ ਨਿਰਾਸ਼ਾਜਨਕ ਭੂਮਿਕਾ ਨਿਭਾਈ ਹੈ, ਪਰ ਇਸ ਸਿਧਾਂਤਿਕ ਪੱਖ ਤੋਂ ਵੀ ਖਤਮ ਨਹੀਂ ਕੀਤੀ ਜਾ ਸਕਦੀ। ਭਾਰਤੀ ਸੰਵਿਧਾਨ ਨੇ ਕੇਂਦਰ ਦੀ ਤਰ੍ਹਾਂ ਰਾਜਾਂ ਵਿਚ ਵੀ ਸੰਸਦੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਵੀ ਕੀਤੀ ਹੈ। ਅਜਿਹੀ ਪ੍ਰਣਾਲੀ ਵਿਚ ਇਕ ਸੰਵਿਧਾਨਿਕ ਮੁੱਖੀ ਦਾ ਹੋਣਾ ਜ਼ਰੂਰੀ ਹੈ। ਜੇਕਰ ਗਵਰਨਰ ਦੀ ਪਦਵੀ ਖਤਮ ਕਰ ਦਿੱਤੀ ਜਾਵੇ ਤਾਂ ਰਾਜਾਂ ਵਿਚ ਸੰਵਿਧਾਨਿਕ ਮੁੱਖੀ ਦੀ ਵਿਵਸਥਾ ਕਿਸੇ ਹੋਰ ਰੂਪ ਵਿਚ ਕਰਨੀ ਜ਼ਰੂਰੀ ਹੋਵੇਗੀ। ਜੇਕਰ ਸੰਵਧਾਨ ਮੁੱਖੀ ਦੀ ਹੋਂਦ ਜ਼ਰੂਰੀ ਹੈ ਤਾਂ ਫਿਰ ਇਸ ਦੀ ਵਿਵਸਥਾ ਕਿਸੇ ਹੋਰ ਰੂਪ ਵਿਚ ਕਰਨ ਦੀ ਬਜਾਇ ਮੌਜੂਦਾ ਗਵਰਨਰ ਦੀ ਪਦਵੀ ਨਾਲ ਸੰਬੰਧਿਤ ਦੋਸ਼ਾਂ ਨੂੰ ਦੂਰ ਕਰਕੇ ਇਸ ਪਦਵੀ ਨੂੰ ਕਾਇਮ ਰੱਖਣਾ ਉਚਿਤ ਹੋਵੇ ਗਾ। ਇਸ ਲਈ ਸਾਡਾ ਵਿਚਾਰ ਇਹ ਹੈ ਕਿ ਗਵਰਨਰ ਦੀ ਪਦਵੀ ਸਮਾਪਤ ਕਰਨ ਦੀ ਲੋੜ ਨਹੀਂ ਹੈ। ਸੰਸਦੀ ਸ਼ਾਸਨ ਪ੍ਰਣਾਲੀ ਦੇ ਸਿਧਾਂਤਾਂ ਅਨੁਸਾਰ ਇਸ ਪਦਵੀ ਨੂੰ ਕਾਇਮ ਰੱਖਣਾ ਜ਼ਰੂਰੀ ਹੈਪਰ ਇਸ ਦੇ ਨਾਲ ਇਸ ਪਦਵੀ ਸੰਬੰਧੀ ਹੇਠ ਲਿਖੇ ਸੁਧਾਰ ਕੀਤੇ ਜਾਣੇ ਜ਼ਰੂਰੀ ਹਨ :

1. **ਯੋਗ ਵਿਅਕਤੀਆਂ ਦੀ ਨਿਯੁਕਤੀ (Appointment of able person)**
2. **ਗਵਰਨਰਾਂ ਦੀ ਇੱਛੁਕ ਸ਼ਕਤੀਆਂ ਦੀ ਸਪੱਸ਼ਟ ਵਿਵਸਥਾ (Clear Provision of the Discretionary Powers of the Governor)**
3. **ਗਵਰਨਰ ਨੂੰ ਪਦਵੀ ਤੋਂ ਹਟਾਉਣ ਦੀ ਵਿਧੀ (Method for removal of the Governor) :** ਨਿਸ਼ਚਿਤ ਕਾਰਜ-ਕਾਲ ਦੀ ਸਮਾਪਤੀ ਤੋਂ ਪਹਿਲਾਂ ਕਿਸੇ ਵੀ ਰਾਸ਼ਟਰਪਤੀ ਦੁਆਰਾ ਗਵਰਨਰ ਦੀ ਪਦਵੀ ਤੋਂ ਹਟਾਉਣ ਦੀ ਮੌਜੂਦਾ ਵਿਧੀ ਖਤਮ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਵਿਧੀ ਨੇ ਗਵਰਨਰਾਂ ਨੂੰ ਕੇਂਦਰ ਸਕਰਾਰ ਦੀ ਕਠਪੁਤਲੀ ਬਣਾ ਕੇ ਰੱਖ ਦਿੱਤਾ ਹੈ। ਗਵਰਨਰਾਂ ਨੂੰ ਪਦਵੀ ਤੋਂ ਹਟਾਉਣ ਦੀ ਸ਼ਕਤੀ ਕੇਵਲ ਸੰਸਦ ਕੋਲ ਹੋਣੀ ਚਾਹੀਦੀ ਹੈ। ਇਸ ਸੰਬੰਧੀ ਇਹ ਵਿਵਸਥਾ ਹੋਣੀ ਵਧੇਰੇ ਉੱਚਿਤ ਹੋਵੇਗੀ ਕਿ ਜੇਕਰ ਸੰਸਦ ਦੇ ਦੋਵੇਂ ਸਦਨ ਆਪਣੇ-ਆਪਣੇ ਕੁਲ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਨਾਲ ਕਿਸੇ ਗਵਰਨਰ ਵਿਰੋਧ ਪ੍ਰਸਤਾਵ ਪਾਸ ਕਰ ਦੇਣ ਤਾਂ ਰਾਸ਼ਟਰਪਤੀ ਉਸ ਗਵਰਨਰ ਨੂੰ ਪਦਵੀ ਤੋਂ ਹਟਾ ਦੇਵੇਗਾ।; ਸਾਡੇ ਕਹਿਣ ਦਾ ਭਾਵ ਇਹ ਹੈ ਕਿ ਗਵਰਨਰ ਦੀ ਉੱਤਰਦਾਇਤਾ ਰਾਸ਼ਟਰਪਤੀ ਪ੍ਰਤੀ ਨਹੀਂ, ਸਗੋਂ ਸੰਸਦ ਪ੍ਰਤੀ ਹੋਣੀ ਚਾਹੀਦੀ ਹੈ।

ਜੇਕਰ ਉਪਰੋਕਤ ਸੁਝਾਵਾਂ ਨੂੰ ਲਾਗੂ ਕਰ ਦਿੱਤਾ ਜਾਵੇ ਤਾਂ ਗਵਰਨਰ ਦੀ ਪਦਵੀ ਰਾਜ ਦੇ ਪ੍ਰਸ਼ਾਸਨ ਲਈ ਜ਼ਰੂਰ ਹੀ ਲਾਭਦਾਇਕ ਸਿੱਧ ਹੋਵੇਗੀ। ਇਸ ਲਈ ਸਾਡਾ ਵਿਚਾਰ ਹੈ ਕਿ ਗਵਰਨਰ ਦੀ ਪਦਵੀ ਸਮਾਪਤ ਕਰਨ ਦੀ ਬਜਾਇ ਇਸ ਵਿਚ ਅਜਿਹੇ ਸੁਧਾਰ ਕੀਤੇ ਜਾਣ ਤਾਂ ਜੋ ਰਾਜ ਦਾ ਗਵਰਨਰ ਰਾਜ ਦੇ ਪ੍ਰਸ਼ਾਸਨ ਲਈ ਵਧੇਰੇ ਲਾਭਦਾਇਕ ਸਿੱਧ ਹੋ ਸਕੇ।

**ਪਾਠ ਨੰ: 2.2** **ਲੇਖਿਕਾ : ਰਵਨੀਤ ਕੌਰ**

# ਮੁੱਖ ਮੰਤਰੀ ਅਤੇ ਮੁੱਖ ਸਕੱਤਰ

## ਮੁੱਖ ਮੰਤਰੀ (Chief Minister)

ਸਾਡੇ ਸੰਵਿਧਾਨ ਦੇ ਅਨੁਛੇਦ 164 ਦੁਆਰਾ ਮੁੱਖ ਮੰਤਰੀ ਨੂੰ ਰਾਜ ਵਿਚ ਮੰਤਰੀ ਪਰਿਸ਼ਦ ਦਾ ਆਗੂ ਮੰਨਿਆ ਗਿਆ ਹੈ। ਮੁੱਖ ਮੰਤਰੀ ਦੀ ਨਿਯੁਕਤੀ ਦਾ ਢੰਗ ਬਿਲਕੁਲ ਉਹੋ ਹੀ ਹੈ ਜੋ ਸੰਘੀ ਸਰਕਾਰ ਵਿਚ ਪ੍ਰਧਾਨ ਮੰਤਰੀ ਦੀ ਨਿਯੁਕਤੀ ਦਾ ਹੈ। ਮੁੱਖ ਮੰਤਰੀ ਆਮ ਕਰਕੇ ਵਿਧਾਨ ਸਭਾ ਵਿਚ ਬਹੁ-ਗਿਣਤੀ ਪ੍ਰਾਪਤ ਕਰਨ ਵਾਲੇ ਦਲ ਦਾ ਨੇਤਾ ਹੁੰਦਾ ਹੈ ਜੇ ਕਿਸੇ ਵੀ ਦਲ ਨੂੰ ਪੂਰਨ ਬਹੁਮਤ ਨਾ ਹੋਵੇ ਤਾਂ ਗਵਰਨਰ ਕਿਸੇ ਅਜਿਹੇ ਵਿਅਕਤੀ ਨੂੰ ਮੁੱਖ ਮੰਤਰੀ ਨਿਯੁਕਤ ਕਰਦਾ ਹੈ ਜੋ ਗਵਰਨਰ ਦੀ ਸੂਝ ਅਨੁਸਾਰ ਰਾਜ ਵਿਚ ਸਥਾਈ ਸਰਕਾਰ ਬਣਾ ਸਕਦਾ ਹੋਵੇ। ਇਹੋ ਜਿਹੀ ਹਾਲਤ ਵਿਚ ਇਕ ਤੋਂ ਵਧੀਕ ਦਲ ਮਿਲ ਕੇ ਮਿਲੀ ਜੁਲੀ ਸਰਕਾਰ ਬਣਾ ਸਕਦੇ ਹਨ। ਇਸ ਦੀ ਉਦਾਹਰਣ ਪੰਜਾਬ ਵਿਚ ਹੀ ਮਿਲ ਜਾਂਦੀ ਹੈ। ਇਥੇ 1967 ਅਤੇ ਫਿਰ 1969 ਵਿਚ ਅਕਾਲੀ ਦਲ ਅਤੇ ਜਨਸੰਘ ਨੇ ਮਿਲ ਕੇ ਸਰਦਾਰ ਗੁਰਨਾਮ ਸਿੰਘ ਨੂੰ ਆਪਣਾ ਨੇਤਾ ਪ੍ਰਵਾਨ ਕਰ ਲਿਆ ਸੀ। ਪਰ ਗਵਰਨਰ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਰਦਾਰ ਗੁਰਨਾਮ ਸਿੰਘ ਮੁੱਖ ਮੰਤਰੀ ਦੀ ਸਲਾਹ ਨਾ ਮੰਨੀ ਅਤੇ ਸਰਦਾਰ ਲਛਮਣ ਸਿੰਘ ਗਿੱਲ ਨੂੰ ਮੰਤਰੀ ਮੰਡਲ ਬੁਲਾਉਣ ਦਾ ਸੱਦਾ ਦਿੱਤਾ। ਪੰਜਾਬ ਵਿਚ ਇਕ ਹੋਰ ਮੌਕੇ ਉਪਰ ਸਰਦਾਰ ਗੁਰਨਾਮ ਸਿੰਘ ਨੂੰ ਜਦੋਂ ਉਹ ਬਾਦਲ ਮੰਤਰੀ ਛੱਡ ਕੇ ਚਲੇ ਗਏ ਰੂਲਿੰਗ ਕਾਂਗਰਸ ਦੀ ਸਹਾਇਤਾ ਨਾਲ ਮੰਤਰੀ ਮੰਡਲ ਨਾ ਬਨਾਉਣ ਦਿੱਤਾ ਗਿਆ। ਇਸ ਤਰੀਕੇ ਨਾਲ ਗਵਰਨਰ ਨੂੰ ਆਪਣੀ ਮਰਜ਼ੀ ਤੋਂ ਕੰਮ ਲੈਣ ਦਾ ਘੱਟ ਮੌਕਾ ਮਿਲਦਾ ਹੈ। ਜੇ ਗਵਰਨਰ ਬਦੋਬਦੀ ਆਪਣੀ ਇੱਛਾ ਅਨੁਸਾਰ ਕਿਸੇ ਵਿਅਕਤੀ ਨੂੰ ਮੁੱਖ ਮੰਤਰੀ ਬਣਾ ਦੇਵੇ ਅਤੇ ਉਸ ਵਿਅਕਤੀ ਨੂੰ ਵਿਧਾਨ ਮੰਡਲ ਦਾ ਵਿਸ਼ਵਾਸ ਪ੍ਰਾਪਤ ਨਾ ਹੋਵੇ ਤਾਂ ਸਰਕਾਰ ਸਥਾਈ ਰੂਪ ਨਾਲ ਟਿਕੀ ਨਹੀਂ ਰਹਿ ਸਕਦੀ। ਹਾਂ ਜੇ ਦਲ ਨੂੰ ਬਹੁ-ਗਿਣਤੀ ਪ੍ਰਾਪਤ ਨਾ ਹੋਵੇ ਅਤੇ ਕੋਈ ਵਿਅਕਤੀ ਵੀ ਸਥਾਈ ਸਰਕਾਰ ਬਣਾ ਸਕੇ ਜਾਂ ਬਹੁ-ਗਿਣਤੀ ਪਾਰਟੀ ਵਿਚ ਗੜਬੜ ਪੈ ਜਾਵੇ ਅਤੇ ਮੰਡਲ ਸਥਾਈ ਨਾ ਰਹਿ ਸਕੇ ਤਾਂ ਗਵਰਨਰ ਅਜਿਹੀ ਹਾਲਤ ਵਿਚ ਰਾਜ ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋ ਜਾਣ ਦੀ ਸੂਚਨਾ ਰਾਸ਼ਟਰਪਤੀ ਨੂੰ ਦੇ ਸਕਦਾ ਹੈ ਅਤੇ ਰਾਸ਼ਟਰਪਤੀ ਉਸ ਰਾਜ ਵਿਚ ਆਪਣਾ ਸ਼ਾਸਨ ਸਥਾਪਿਤ ਕਰ ਦੇਵੇਗਾ। ਜਿਵੇਂ ਕਿ 1967 ਦੀਆਂ ਚੋਣਾਂ ਵਿਚੋਂ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬੰਗਾਲ ਵਿਚ ਹੋਇਆ ਅਤੇ ਇਨ੍ਹਾਂ ਰਾਜਾਂ ਵਿਚ ਮੁੜ ਚੋਣਾਂ ਕਰਵਾਈਆਂ ਗਈਆਂ ਪਰ ਕਈ ਵਾਰ ਗਵਰਨਰ ਆਪਣੀਆਂ ਵਿਵੇਕੀ ਸ਼ਕਤੀਆਂ ਦਾ ਇਨ੍ਹਾਂ ਦੁਰਪ੍ਰਯੋਗ ਕਰ ਲੈਂਦਾ ਹੈ ਕਿ ਉਚ ਚਰਚਾ ਦਾ ਵਿਸ਼ਾ ਬਣ ਜਾਂਦਾ ਹੈ। ਨਵੰਬਰ 1983 ਵਿਚ ਪੰਜਾਬ ਦੀ ਅੰਦਰੂਨੀ ਸਥਿਤੀ ਖਰਾਬ ਹੋਣ ਦੇ ਕਾਰਣ ਪੰਜਾਬ ਦੇ ਗਵਰਨਰ ਨੇ ਪੰਜਾਬ ਦੇ ਮੰਤਰੀ ਮੰਡਲ ਨੂੰ ਸਸਪੈਂਡ (Suspend) ਕਰ ਦਿੱਤਾ ਅਤੇ ਰਾਜ ਦੀਆਂ ਸਾਰੀਆਂ ਤਾਕਤਾਂ ਪੰਜਾਬ ਦੇ ਗਵਰਨਰ ਦੇ ਹੱਥ ਵਿਚ ਆ ਗਈਆਂ। ਪੰਜਾਬ ਦੇ ਗਵਰਨਰ ਸ੍ਰੀ ਐਸ.ਐਸ. ਰੇਅ ਨੇ 18 ਮਈ, 1987 ਨੂੰ ਰਾਸ਼ਟਰਪਤੀ ਨੂੰ ਰਾਜ ਵਿਚ ਲਾਅ ਐਂਡ ਆਰਡਰ ਦੀ ਮਾੜੀ ਸਥਿਤੀ ਲਈ ਉਸ ਸਮੇਂ ਦੀ ਬਹੁਮਤ ਸਰਕਾਰ (ਬਰਨਾਲਾ ਮੰਤਰੀ ਮੰਡਲ) ਬਰਖਾਸਤ ਕਰਨ ਲਈ ਰਿਪੋਰਟ ਭੇਜੀ ਤੇ ਤੁਰੰਤ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਾਇਆ। ਕੇਂਦਰ ਸਰਕਾਰ ਵਿਚ ਕਾਂਗਰਸ ਸਰਕਾਰ ਨਹੀਂ ਬਣ ਸਕੀ ਤਦ ਇਹ ਕਿਆਫੇ ਲਗਾਏ ਜਾ ਰਹੇ ਸਨ ਕਿ ਬਰਾੜ ਸਰਕਾਰ ਵੀ ਕੁਝ ਚਿਰ ਰਹੇਗੀ। ਇਸ ਨੂੰ ਭਾਰਤੀ ਸੰਵਿਧਾਨ ਦੇ ਆਰਟੀਕਲ 356 ਰਾਹੀਂ ਬਰਖਾਸਤ ਕੀਤਾ ਜਾ ਸਕਦਾ ਹੈ। ਪਰ ਕਾਂਗਰਸ ਹਾਈ ਕਮਾਂਡ ਦੁਆਰਾ ਇਕ ਇਤਿਹਾਸਕ ਫੈਸਲੇ ਰਾਹੀਂ ਸ੍ਰੀ ਬਰਾੜ ਦੀ ਥਾਂ ਸ੍ਰੀਮਤੀ ਰਾਜਿੰਦਰ ਕੌਰ

ਭੱਠਲ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ। ਪਰ ਕੁਝ ਚਿਰ ਬਾਅਦ ਪੰਜਾਬ ਅਸੈਂਬਲੀ ਚੋਣਾਂ ਦੌਰਾਨ ਸਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਾਂਝੀ ਸਰਕਾਰ ਮੁੱਖ ਮੰਤਰੀ ਸ੍ਰੀ ਬਾਦਲ ਦੀ ਸਰਪਰਸਤੀ ਅਧੀਨ ਬਣੀ।

**ਮੁੱਖ ਮੰਤਰੀ ਦੀਆਂ ਸ਼ਕਤੀਆਂ (Powers of the Chief Minister)**

ਰਾਜ ਵਿਚ ਮੁੱਖ ਮੰਤਰੀ ਦੇ ਕੰਮ ਅਤੇ ਉਸ ਦੀ ਸਥਿਤੀ ਉਹੀ ਹੈ ਜੋ ਪ੍ਰਧਾਨ ਮੰਤਰੀ ਦੀ ਸੰਘੀ ਸਰਕਾਰ ਵਿਚ ਹੈ। ਹੁਣ ਅਸੀਂ ਮੁੱਖ ਮੰਤਰੀ ਦੀਆਂ ਸ਼ਕਤੀਆਂ ਅਤੇ ਉਸ ਦੀ ਸਥਿਤੀ ਦਾ ਵੱਖ-ਵੱਖ ਪੱਖਾਂ ਤੋਂ ਅਧਿਐਨ ਕਰਦੇ ਹਾਂ :

1. ਮੰਤਰੀ ਪਰਿਸ਼ਦ ਦਾ ਨੇਤਾ ਹੋਣ ਦੇ ਰੂਪ ਵਿਚ।
2. ਵਿਧਾਨ ਮੰਡਲ ਦਾ ਨੇਤਾ ਹੋਣ ਦੇ ਰੂਪ ਵਿਚ।
3. ਆਪਣੇ ਦਲ ਦਾ ਨੇਤਾ ਹੋਣ ਦੇ ਰੂਪ ਵਿਚ।
4. ਗਵਰਨਰ ਦਾ ਮੁੱਖ ਸਲਾਹਕਾਰ ਹੋਣ ਦੇ ਰੂਪ ਵਿਚ।

**1. ਮੰਤਰੀ ਪਰਿਸ਼ਦ ਦਾ ਨੇਤਾ ਹੋਣ ਦੇ ਰੂਪ ਵਿਚ (As Leader of the Council of Ministers)**

ਜਿਵੇਂ ਕਿ ਪਹਿਲਾਂ ਦਸਿਆ ਜਾ ਚੁੱਕਾ ਹੈ ਕਿ ਸੰਵਿਧਾਨ ਦਾ ਅਨੁਛੇਦ 164 ਮੁੱਖ ਮੰਤਰੀ ਨੂੰ ਰਾਜ ਵਿਚ ਮੰਤਰੀ ਪਰਿਸ਼ਦ ਦਾ ਨੇਤਾ ਸਥਾਪਿਤ ਕਰਦਾ ਹੈ। ਉਹ ਆਪਣੇ ਸਾਥੀਆਂ ਨੂੰ ਚੁਣਦਾ ਹੈ, ਉਨ੍ਹਾਂ ਵਿਚ ਕੰਮਾਂ ਦੀ ਵੰਡ ਕਰਦਾ ਹੈ ਅਤੇ ਮੰਤਰੀ ਮੰਡਲ ਦਾ ਕੰਮ ਚਲਾਉਂਦਾ ਹੈ। ਉਹ ਮੰਤਰੀ ਮੰਡਲ ਵਿਚ ਅਦਲਾ-ਬਦਲੀ ਕਰ ਸਕਦਾ ਹੈ ਅਤੇ ਵਿਭਾਗਾਂ ਦੀ ਵੰਡ ਵੀ ਕਰ ਸਕਦਾ ਹੈ। ਉਹ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ। ਭਾਵੇਂ ਹਰ ਮੰਤਰੀ ਨੂੰ ਮੰਡਲ ਵਿਚ ਆਪਣੇ ਵਿਚਾਰ ਪ੍ਰਗਟ ਕਰਨ ਦੀ ਖੁਲ੍ਹ ਹੁੰਦੀ ਹੈ ਪਰ ਫਿਰ ਵੀ ਉਸ ਨੂੰ ਮੁੱਖ ਮੰਤਰੀ ਦੇ ਦ੍ਰਿਸ਼ਟੀਕੋਣ ਨਾਲ ਸਹਿਮਤ ਹੋਣਾ ਪੈਂਦਾ ਹੈ ਅਤੇ ਜਿਹੜਾ ਇਉਂ ਨਹੀਂ ਕਰ ਸਕਦਾ ਉਸ ਲਈ ਇਹ ਠੀਕ ਹੈ ਕਿ ਮੰਤਰੀ ਪਰਿਸ਼ਦ ਵਿਚੋਂ ਤਿਆਗ ਪੱਤਰ ਦੇ ਦੇਵੇ, ਨਹੀਂ ਤਾਂ ਮੁੱਖ ਮੰਤਰੀ ਗਵਰਨਰ ਨੂੰ ਉਸ ਮੰਤਰੀ ਨੂੰ ਹਟਾਉਣ ਦੀ ਸਲਾਹ ਦੇ ਸਕਦਾ ਹੈ। ਜੇਕਰ ਮੁੱਖ ਮੰਤਰੀ ਤਿਆਗ ਪੱਤਰ ਦੇ ਦੇਵੇ ਤਾਂ ਉਸ ਨੂੰ ਸਾਰੇ ਮੰਤਰੀ ਮੰਡਲ ਦਾ ਤਿਆਗ ਪੱਤਰ ਸਮਝਿਆ ਜਾਂਦਾ ਹੈ। ਮੁੱਖ ਮੰਤਰੀ ਹੀ ਪਰਿਸ਼ਦ ਨੂੰ ਬਣਾਉਂਦਾ ਹੈ, ਉਹੋ ਹੀ ਉਸ ਨੂੰ ਚਾਲੂ ਰੱਖਦਾ ਹੈ ਅਤੇ ਇਸ ਨੂੰ ਤੋੜ ਵੀ ਸਕਦਾ ਹੈ।

**2. ਵਿਧਾਨ ਸਭਾ ਦਾ ਨੇਤਾ ਹੋਣ ਦੇ ਰੂਪ ਵਿਚ (As a Leader of Legislative Assembly)**

ਗਵਰਨਰ ਉਸ ਵਿਅਕਤੀ ਨੂੰ ਮੁੱਖ ਮੰਤਰੀ ਦੇ ਪਦ ਤੇ ਨਿਯੁਕਤ ਕਰਦਾ ਹੈ ਜਿਸ ਨੂੰ ਰਾਜ ਦੀ ਵਿਧਾਨ ਸਭਾ ਵਿਚ ਬਹੁ-ਗਿਣਤੀ ਦਾ ਸਮਰਥਨ ਪ੍ਰਾਪਤ ਹੋਵੇਗਾ। ਇਸ ਤਰੀਕੇ ਨਾਲ ਮੁੱਖ ਮੰਤਰੀ ਵਿਧਾਨ ਮੰਡਲ ਦਾ ਵੀ ਨੇਤਾ ਹੁੰਦਾ ਹੈ। ਸਰਕਾਰ ਦੀਆਂ ਮੁੱਖ ਨੀਤੀਆਂ ਦਾ ਐਲਾਨ ਵਿਧਾਨ ਮੰਡਲ ਵਿਚ ਮੁੱਖ ਮੰਤਰੀ ਹੀ ਕਰਦਾ ਹੈ। ਉਹ ਸਪੀਕਰ ਨਾਲ ਮਿਲ ਕੇ ਵਿਧਾਨ ਸਭਾ ਦੇ ਕਾਰਜ ਨਿਸ਼ਚਿਤ ਕਰਦਾ ਹੈ ਅਤੇ ਸਭਾ ਵਿਚ ਅਨੁਸ਼ਾਸਨ ਬਣਾਈ ਰੱਖਣ ਲਈ ਸਪੀਕਰ ਦੀ ਸਹਾਇਤਾ ਕਰਦਾ ਹੈ। ਮੁੱਖ ਮੰਤਰੀ ਗਵਰਨਰ ਨੂੰ ਵਿਧਾਨ ਸਭਾ ਭੰਗ ਕਰਨ ਦੀ ਸਲਾਹ ਦੇ ਸਕਦਾ ਹੈ।

**3. ਆਪਣੇ ਦਲ ਦਾ ਨੇਤਾ ਹੋਣ ਦੇ ਰੂਪ ਵਿਚ (As a Leader of Party)**

ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਕਿ ਵਿਧਾਨ ਸਭਾ ਵਿਚ ਜਿਸ ਦੀ ਬਹੁ-ਸੰਮਤੀ ਹੁੰਦੀ ਹੈ ਉਸ ਦੇ ਨੇਤਾ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਜਾਂਦਾ ਹੈ। ਇਸ ਤਰੀਕੇ ਨਾਲ ਮੁੱਖ ਮੰਤਰੀ ਆਪਣੇ ਦਲ ਦਾ ਅਤੇ ਵਧੇਰੇ ਕਰਕੇ ਵਿਧਾਨ ਮੰਡਲ ਵਿਚ ਆਪਣੇ ਦਲ ਦੇ ਮੈਂਬਰਾਂ ਦਾ ਨੇਤਾ ਹੁੰਦਾ ਹੈ ਅਤੇ ਸਾਰੇ ਮੈਂਬਰ ਉਸ ਦੀ ਸਲਾਹ ਨਾਲ ਚਲਦੇ ਹਨ। ਉਹ ਪਾਰਟੀ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਵਿਧਾਨ ਮੰਡਲ ਉੱਤੇ ਕੋਈ ਵੀ ਕਾਨੂੰਨ

ਬਣਾਉਣ ਲਈ ਜ਼ੋਰ ਦੇ ਸਕਦਾ ਹੈ।

**4. ਗਵਰਨਰ ਦਾ ਮੁੱਖ ਸਲਾਹਕਾਰ ਹੋਣ ਦੇ ਰੂਪ ਵਿਚ**

ਰਾਜ ਵਿਚ ਮੁੱਖ ਮੰਤਰੀ ਹੀ ਗਵਰਨਰ ਦਾ ਸਲਾਹਕਾਰ ਹੈ। (1) ਕਾਨੂੰਨ ਸੰਬੰਧੀ ਅਤੇ ਰਾਜ ਦੇ ਮਾਮਲਿਆਂ ਦੇ ਪ੍ਰਬੰਧ ਨਾਲ ਸੰਬੰਧਿਤ ਮੰਤਰੀ ਪਰਿਸ਼ਦ ਦੇ ਸਭ ਫੈਸਲਿਆਂ ਦੀ ਸੂਚਨਾ ਗਵਰਨਰ ਨੂੰ ਦਿੰਦਾ ਹੈ। (2) ਗਵਰਨਰ ਦੇ ਕਹਿਣ ਤੇ ਰਾਜ ਸੰਬੰਧੀ ਹਰ ਮਾਮਲੇ ਦੀ ਸੂਚਨਾ ਦਿੰਦਾ ਹੈ। (3) ਗਵਰਨਰ ਉਸ ਦੇ ਕੰਮ ਵਿਚ ਸਲਾਹ ਦਿੰਦਾ ਹੈ, ਜਿਵੇਂ ਰਾਜ ਲੋਕ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ, ਐਡਵੋਕੇਟ ਜਨਰਲ ਦੀ ਨਿਯੁਕਤੀ, ਯੂਨੀਵਰਸਿਟੀਆਂ ਦੇ ਉਪ ਕੁਲਪਤੀਆਂ ਦੀ ਨਿਯੁਕਤੀ ਅਤੇ ਹੋਰ ਜ਼ਿਲਾ ਅਧਿਕਾਰੀਆਂ ਦੀਆਂ ਨਿਯੁਕਤੀਆਂ ਅਤੇ ਲੋਕਾਂ ਦੇ ਮਾਣ ਅਤੇ ਉਪਾਧੀਆਂ ਪ੍ਰਦਾਨ ਕਰਨ ਸੰਬੰਧੀ।

ਉਪਰਲੇ ਕੰਮਾਂ ਤੋਂ ਇਲਾਵਾ ਮੁੱਖ ਮੰਤਰੀ ਜਨਤਾ ਦਾ ਨੇਤਾ ਵੀ ਹੁੰਦਾ ਹੈ। ਸਮਾਜਿਕ ਅਤੇ ਦੂਜੇ ਸਮਾਗਮਾਂ ਵਿਚ ਉਸ ਦੀ ਤਾਂਘ ਕੀਤੀ ਜਾਂਦੀ ਹੈ। ਆਪਣੇ ਕੰਮਾਂ ਦੀ ਪੂਰਤੀ ਅਤੇ ਸਹਾਇਤਾ ਦੀ ਨਿਵਰਤੀ ਲਈ ਰਾਜ ਦੇ ਲੋਕ ਮੁੱਖ ਮੰਤਰੀ ਵਲ ਹੀ ਤਕਦੇ ਹਨ।

ਮੁੱਖ ਮੰਤਰੀ ਦੀਆਂ ਸ਼ਕਤੀਆਂ ਸੰਵਿਧਾਨ ਵਿਚ ਨਹੀਂ ਦਿੱਤੀਆਂ ਗਈਆਂ। ਉਹ ਅਸਲ ਵਿਚ ਗਵਰਨਰ ਦੀਆਂ ਸ਼ਕਤੀਆਂ ਦਾ ਹੀ ਪ੍ਰਯੋਗ ਕਰਦਾ ਹੈ ਅਤੇ ਉਸ ਦੀ ਸਥਿਤੀ ਦੋ ਗੱਲਾਂ ਉੱਤੇ ਨਿਰਭਰ ਕਰਦੀ ਹੈ। (1) ਉਸ ਦੀ ਆਪਣੀ ਸ਼ਖਸੀਅਤ ਅਤੇ ਸਾਥੀਆਂ ਦਾ ਸਹਿਯੋਗ। ਜਿਹੜਾ ਮੁੱਖ ਮੰਤਰੀ ਚੰਗੀ ਸ਼ਖਸੀਅਤ ਵਾਲਾ ਤੇ ਸਿਆਣਾ ਹੈ ਅਤੇ ਨਾਲ ਹੀ ਉਸ ਨੂੰ ਆਪਣੇ ਸਾਥੀਆਂ ਦਾ ਪੂਰਨ ਸਹਿਯੋਗ ਵੀ ਪ੍ਰਾਪਤ ਹੈ।, ਉਹ ਆਪਣੀ ਪਦਵੀ ਦੀ ਸ਼ਾਨ ਉੱਚੀ ਕਰ ਸਕਦਾ ਹੈ।

**ਗਵਰਨਰ ਤੇ ਮੁੱਖ ਮੰਤਰੀ (Governor and Chief Minister)**

ਆਸ ਹੈ ਕਿ ਤੁਸੀਂ ਮੁੱਖ ਮੰਤਰੀ ਦੀ ਨਿਯੁਕਤੀ, ਉਸ ਦੀਆਂ ਸ਼ਕਤੀਆਂ ਅਤੇ ਉਸ ਦੀ ਪਜੀਸ਼ਨ ਬਾਰੇ ਸਮਝ ਗਏ ਹੋਵੋਗੇ। ਹੁਣ ਅਸੀਂ ਇਸ ਗੱਲ ਤੇ ਵਿਚਾਰ ਕਰਾਂਗੇ ਕਿ ਮੁੱਖ ਮੰਤਰੀ ਦਾ ਗਵਰਨਰ ਨਾਲ ਕੀ ਸੰਬੰਧ ਹੈ ਇਹ ਗੱਲ ਹੁਣ ਮੁੜ ਦੁਹਰਾਉਣ ਦੀ ਲੋੜ ਨਹੀਂ ਕਿ ਮੁੱਖ ਮੰਤਰੀ ਗਵਰਨਰ ਦਾ ਮੁੱਖ ਸਲਾਹਕਾਰ ਹੁੰਦਾ ਹੈ। ਅਸਲ ਵਿਚ ਰਾਜਾਂ ਵਿਚ ਸੰਸਦੀ ਪ੍ਰਣਾਲੀ ਸਥਾਪਤ ਕੀਤੀ ਗਈ ਹੈ ਅਤੇ ਇਸ ਪ੍ਰਣਾਲੀ ਦਾ ਇਕ ਲੱਛਣ ਇਹ ਹੈ ਕਿ ਰਾਜ ਦਾ ਮੁੱਖੀ ਨਾਂ-ਮਾਤਰ ਮੁੱਖੀਆਂ ਹੁੰਦਾ ਹੈ। ਉਹ ਨਾਂ-ਮਾਤਰ ਮੁੱਖੀਆ ਸਰਕਾਰ ਦਾ ਮੁੱਖੀਆ ਨਹੀਂ ਹੁੰਦਾ। ਪਰ ਸਾਡੇ ਸੰਵਿਧਾਨ ਵਿਚ ਗਵਰਨਰਾਂ ਨੂੰ ਕੁਝ ਵਿਵੇਕੀ ਸ਼ਕਤੀਆਂ ਵੀ ਦਿੱਤੀਆਂ ਗਈਆਂ ਹਨ ਅਤੇ ਜਿਨ੍ਹਾਂ ਮਾਮਲਿਆਂ ਵਿਚ ਉਸ ਨੇ ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਕਰਨਾ ਹੁੰਦਾ ਹੈ ਉਨ੍ਹਾਂ ਵਿਚ ਉਹ ਰਾਜ ਦੇ ਮੰਤਰੀ ਮੰਡਲ ਦੀ ਸਲਾਹ ਲੈਣ ਦਾ ਪਾਬੰਦ ਨਹੀਂ। ਜਦ ਤੱਕ ਰਾਜਾਂ ਵਿਚ ਕਾਂਗਰਸ ਸਰਕਾਰਾਂ ਰਹੀਆਂ ਕਾਂਗਰਸ ਹਾਈਕਮਾਂਡ ਦੇ ਇਸ਼ਾਰਿਆਂ ਤੇ ਚਲਦੇ ਰਹੇ ਅਤੇ ਗਵਰਨਰ ਉਨ੍ਹਾਂ ਦੀ ਸਲਾਹ ਨੂੰ ਪ੍ਰਵਾਨ ਕਰਦੇ ਰਹੇ। 1967 ਦੀਆਂ ਚੋਣਾਂ ਪਿਛੋਂ ਜਦੋਂ ਕੁਝ ਰਾਜਾਂ ਵਿਚ ਕਾਂਗਰਸ ਵਿਰੋਧੀ ਸਰਕਾਰਾਂ ਸਥਾਪਿਤ ਹੋ ਗਈਆਂ ਤਾਂ ਕਈ ਰਾਜਾਂ ਵਿਚ ਮੁੱਖ ਮੰਤਰੀ ਤੇ ਗਵਰਨਰ ਵਿਚ ਚੋਖੇ ਮਤਭੇਦ ਪੈਦਾ ਹੋਣੇ ਸ਼ੁਰੂ ਹੋ ਗਏ। 1967 ਪਿਛੋਂ ਰਾਜ ਦੇ ਰਾਜਪਾਲ ਦੀ ਸਥਿਤੀ ਵਿਚ ਵੱਡੀ ਤਬਦੀਲੀ ਆਈ। ਪਹਿਲਾਂ ਇਸ ਨੂੰ 'Ornamental Cap' ਸਮਝਿਆ ਜਾਂਦਾ ਸੀ, 1967 ਤੋਂ ਪਿਛੋਂ ਸਾਰੀਆਂ ਸਰਕਾਰਾਂ ਹੋਂਦ ਵਿਚ ਆਉਣ ਕਰਕੇ ਇਸ ਦੀ ਸਥਿਤੀ ਆਲੋਚਨਾਤਮਕ ਹੋ ਗਈ : ਕਿਉਂਕਿ ਰਾਜਪਾਲ ਨੇ ਕੇਂਦਰ ਦੇ ਆਦੇਸ਼ਾਂ ਅਨੁਸਾਰ ਗਤੀਵਿਧੀਆਂ ਜਾਰੀ ਰਖੀਆ, ਇਸ ਦੀ ਸਥਿਤੀ ਇੰਨੀ ਕੇਂਦਰ ਪੱਖੀ ਹੋਣ ਲੱਗੀ ਕਿ ਬਹੁਤ ਵਿਦਵਾਨਾਂ ਨੇ ਇਸ ਦੀ ਲੋੜ ਰਹਿਣ ਤੇ ਸ਼ੰਕਾ ਪ੍ਰਗਟ ਕੀਤੀ। 1969 ਵਿਚ ਬੰਗਲ ਦੇ ਗਵਰਨਰ ਨੇ ਵਿਧਾਨ ਮੰਡਲ ਦਾ ਸਮਾਗਮ ਕਰਨ ਲਗਿਆ ਜੋ ਭਾਸ਼ਣ ਦੇਣਾ ਸੀ ਉਸ ਦੇ ਕੁਝ ਅੰਸ਼ ਨਾ ਪੜ੍ਹੇ। (ਇਹ ਭਾਸ਼ਣ ਮੰਤਰੀ ਮੰਡਲਦੁਆਰਾ ਤਿਆਰ ਕੀਤਾ ਜਾਂਦਾ ਹੈ) ਕਿਉਂ ਜੋ ਉਸ ਭਾਸ਼ਣ ਵਿਚ ਕਈ ਗੱਲਾਂ ਕੇਂਦਰੀ ਸਰਕਾਰ ਦੇ ਵਿਰੁੱਧ ਸਨ। ਐਪਰ ਪੰਜਾਬ ਦੇ ਗਵਰਨਰ ਨੇ ਉਸ ਭਾਸ਼ਣ ਵਿਚ ਜਿਸ ਵਿਚ ਪਿਛਲੀ ਸਰਕਾਰ ਦੀ ਆਲੋਚਨਾ ਕੀਤੀ ਗਈ ਸੀ। ਅੱਖਰ ਅੱਖਰ ਪੜ੍ਹ ਦਿੱਤਾ 1986 ਵਿਚ ਆਂਧਰਾ ਪ੍ਰਦੇਸ਼ ਵਿਚ

ਉਥੋਂ ਦੇ ਗਵਰਨਰ ਸ੍ਰੀ ਰਾਮ ਲਾਲ ਨੇ ਕੇਂਦਰ ਦੇ ਕਹਿਣ ਤੇ ਐਨ.ਟੀ. ਰਾਮਾ ਰਾਓ ਸਰਕਾਰ ਜੋ ਕਿ ਪੂਰੇ ਬਹੁਮਤ ਵਿਚ ਸੀ ਨੂੰ ਡਿਸਮਿਸ ਕਰ ਦਿੱਤਾ ਅਤੇ ਸ੍ਰੀ ਭਾਸ਼ਕਰ ਰਾਓ ਨੂੰ ਕੇਂਦਰ ਦੇ ਕਹਿਣ ਤੇ ਮੁੱਖ ਮੰਤਰੀ ਬਨਣ ਲਈ ਸੱਦਾ ਦਿੱਤਾ, ਪਰ ਰਾਜਪਾਲ ਆਪਣੇ ਇਸ ਰਾਜਨੀਤਿਕ ਉਦੇਸ਼ ਨੂੰ ਪੂਰਾ ਕਰਨ ਵਿਚ ਨਾਕਾਮ ਰਿਹਾ ਜਾ ਜਦੋਂ ਕਿ ਉਸਨੇ ਐਨ.ਟੀ. ਰਾਮਾ ਰਾਓ ਨੂੰ ਮੁੜ ਮੁੱਖ ਮੰਤਰੀ ਲਈ ਸੱਦਾ ਦਿੱਤਾ। ਇਸ ਤਰ੍ਹਾਂ ਕਈ ਵਾਰ ਪੰਜਾਬ ਵਿਚ ਵੀ ਵਾਪਰਿਆ। ਪਹਿਲਾਂ ਬਰਨਾਲਾ ਵਜ਼ਾਰਤ ਜੋ ਕਿ ਪੂਰੇ ਬਹੁਮਤ ਵਿਚ ਸੀ ਰਾਜਪਾਲ ਦੀ ਸਿਫਾਰਸ ਤੇ ਕੇਂਦਰ ਸਰਕਾਰ ਨੇ ਭਾਰਤੀ ਸੰਵਿਧਾਨ ਦੇ ਆਰਟੀਕਲ 356 ਦਾ ਸਹਾਰਾ ਲੈ ਕੇ ਬਰਖਾਸਤ ਕਰ ਦਿੱਤਾ ਅਤੇ ਇਸ ਤੋਂ ਬਾਅਦ ਬੇਅੰਤ ਸਿੰਘ ਦੀ ਮੌਤ ਤੋਂ ਬਾਅਦ ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਬਣੇ। ਕੁਝ ਸਮੇਂ ਬਾਅਦ ਕਿਵੇਂ ਉਹਨਾਂ ਨੂੰ ਇਸ ਅਹੁਦੇ ਤੋਂ ਵੱਖ ਕੀਤਾ ਗਿਆ ਅਤੇ ਸ੍ਰੀਮਤੀ ਰਾਜਿੰਦਰ ਕੌਰ ਭੱਠਲ ਨੂੰ ਪੰਜਾਬ ਦਾ ਨਵਾਂ ਮੁੱਖ ਮੰਤਰੀ ਬਣਾਇਆ ਗਿਆ ਆਦਿ ਵਰਨਣ ਯੋਗ ਹਨ।

ਸਾਡੇ ਸੰਵਿਧਾਨ ਦੇ ਅਨੁਛੇਦ 63 ਵਿਚ ਜਿਥੇ ਇਹ ਕਿਹਾ ਗਿਆ ਹੈ ਕਿ ਗਵਰਨਰ ਉਨ੍ਹਾਂ ਮਾਮਲਿਆਂ ਵਿਚ ਜਿਨ੍ਹਾਂ ਵਿਚ ਉਸ ਨੇ ਸੰਵਿਧਾਨ ਅਨੁਸਾਰ ਆਪਣੀ ਮਨਮਰਜ਼ੀ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਰਨਾ ਹੈ ਮੰਤਰੀ ਮੰਡਲ ਦੀ ਸਲਾਹ ਦਾ ਵਿਧਾਨ ਹੋਇਆ ਨਹੀਂ ਹੋਵੇਗਾ, ਉਥੇ ਹੀ ਇਹ ਗੱਲ ਵੀ ਕਹੀ ਗਈ ਹੈ ਕਿ ਜਿਥੇ ਮਤਭੇਦ ਪੈਦਾ ਹੋ ਜਾਵੇ ਕਿ ਕਿਸੇ ਵਿਸ਼ੇਸ਼ ਮਾਮਲੇ ਵਿਚ ਗਵਰਨਰ ਨੇ ਆਪਣੀ ਵਿਸ਼ੇਸ਼ ਸ਼ਕਤੀ ਦਾ ਪ੍ਰਯੋਗ ਕਰਨਾ ਹੈ ਕਿ ਨਹੀਂ, ਤਾਂ ਉਸ ਮਾਮਲੇ ਵਿਚ ਗਵਰਨਰ ਦਾ ਨਿਰਣਾ ਅੰਤਿਮ ਹੋਵੇਗਾ। ਇਸ ਗੱਲ ਨੂੰ ਕਾਨੂੰਨ ਦੁਆਰਾ ਨਹੀਂ ਵੰਗਾਰਿਆ ਜਾਵੇਗਾ ਕਿ ਗਵਰਨਰ ਨੂੰ ਆਪਣੇ ਮੰਤਰੀਆਂ ਦੀ ਸਲਾਹ ਲੈਣੀ ਚਾਹੀਦੀ ਸੀ ਅਤੇ ਆਪਣੀ ਸਵੈ-ਇੱਛਾ ਦਾ ਪ੍ਰਯੋਗ ਨਹੀਂ ਸੀ ਕਰਨਾ ਚਾਹੀਦਾ।

ਰਾਜ ਦਾ ਨਿਰਵਿਘਨ ਤੇ ਸੁਯੋਗ ਸ਼ਾਸਨ ਦਾ ਮੁੱਖ ਆਧਾਰ ਗਵਰਨਰ ਦੀ ਸਖਸ਼ੀਅਤ, ਉਸ ਦੀ ਯੋਗਤਾ ਅਤੇ ਉਸ ਦੇ ਮੰਤਰੀ ਪਰਿਸ਼ਦ ਨਾਲ ਸੰਬੰਧਾਂ ਵਿਚ ਇਕਾਗਰਤਾ ਅਤੇ ਸਹਿਯੋਗ ਹੈ। ਪਰ ਤਜਰਬੇ ਤੋਂ ਪਤਾ ਲਗਦਾ ਹੈ ਕਿ ਕਈ ਵਾਰ ਦੋਵੇਂ ਇਕ ਦੂਜੇ ਨਾਲ ਚੰਗੀ ਤਰ੍ਹਾਂ ਨਹੀਂ ਚਲ ਸਕਦੇ, ਖਾਸ ਕਰਕੇ ਉਦੋਂ ਜਦੋਂ ਰਾਜ ਵਿਚ ਸਤਾਧਾਰੀ ਪਾਰਟੀ ਨਾਲੋਂ ਕੇਂਦਰ ਵਿਚ ਕਿਸੇ ਵੱਖਰੀ ਪਾਰਟੀ ਦੀ ਸਰਕਾਰ ਹੋਵੇ। ਚੌਥੀ ਆਮ ਚੋਣ ਤੋਂ ਪਿਛੋਂ ਦੇ ਖਣ ਵਿਚ ਆਇਆ ਹੈ ਕਿ ਗਵਰਨਰ ਨੇ ਕੁਝ ਅਜਿਹੇ ਵਿਵੇਕੀ ਫੈਸਲੇ ਲਏ ਜੋ ਸੰਸਦੀ ਪ੍ਰਕਾਰ ਦੀ ਸਰਕਾਰ ਵਿਚ ਮੰਤਰੀ ਪਰਿਸ਼ਦ ਦੇ ਅਧਿਕਾਰ ਖੇਤਰ ਵਿਚ ਆਉਣੇ ਚਾਹੀਦੇ ਹਨ। ਇਕ ਚੁਸਤ ਅਤੇ ਸੂਝਵਾਨ ਗਵਰਨਰ ਰਾਜ ਦੇ ਪ੍ਰਸ਼ਾਸਨ ਉੱਤੇ ਅਸਿੱਧੇ ਰੂਪ ਵਿਚ ਕਾਫੀ ਅਸਰ ਪਾ ਸਕਦਾ ਹੈ ਖਾਸ ਕਰ ਜਦ ਉਸ ਨੂੰ ਮੁੱਖ ਮੰਤਰੀ ਦਾ ਅਹਿਸਾਸ ਤੇ ਆਦਰ ਪ੍ਰਾਪਤ ਹੋਵੇ। ਐਮ.ਪੀ. ਸ਼ਰਮਾ ਦੇ ਅਨੁਸਾਰ, ''ਇਕ ਅਜਿਹਾ ਖੇਤਰ ਵੀ ਹੈ ਜਿਸ ਵਿਚ ਯੋਗ ਅਤੇ ਕ੍ਰਿਆਸ਼ੀਲ ਗਵਰਨਰ ਵਿਲਖਣ ਰੋਲ ਅਦਾ ਕਰ ਸਕਦਾ ਹੈ ਅਤੇ ਆਪਣਾ ਨਾਂ ਕਮਾ ਸਕਦਾ ਹੈ, ਉਹ ਹੈ ਕਲਾ, ਸੰਸਕ੍ਰਿਤੀ, ਜਨ ਸੇਵਾ ਅਤੇ ਸਮਾਜਿਕ ਕੰਮ ਦਾ ਖੇਤਰ।'' ਇਸ ਪ੍ਰਸ਼ਾਸਨੀ ਅਤੇ ਰਾਜਨੀਤਿਕ ਖੇ ਤਰਾਂ ਵਿਚ ਮੁੱਖ ਮੰਤਰੀ ਅਤੇ ਉਸ ਦੇ ਸਾਥੀ ਮੰਤਰੀਆਂ ਦੀ ਸਰਵਉੱਚਤਾ ਨੂੰ ਹੀ ਮੰਨਿਆ ਜਾਣਾ ਚਾਹੀਦਾ ਹੈ। ਸਾਡਾ ਸੰਵਧਾਨ ਬਣਾਉਣ ਵਾਲਿਆਂ ਨੂੰ ਪੂਰਣ ਸੰਘਾਤਮਕ ਢਾਂਚੇ ਦਾ ਸੰਵਿਧਾਨ ਨਹੀਂ ਬਣਾਇਆ ਅਤੇ ਕੇਂਦਰ ਨੂੰ ਵਧੇਰੇ ਸ਼ਕਤੀਆਂ ਦਿੱਤੀਆਂ ਹਨ ਪਰ ਹੁਣ ਬਦਲੇ ਹਾਲਾਤ ਅਨੁਸਾਰ ਇਹ ਯੋਗ ਹੋਵੇਗਾ ਕਿ ਸੰਵਿਧਾਨ ਵਿਚ ਉਹਹਾਲਤਾਂ ਸਪੱਸ਼ਟ ਕਰਕੇ ਲਿਖ ਦਿੱਤੀਆਂ ਜਾਣ ਜਿਨ੍ਹਾਂ ਵਿਚ ਗਵਰਨਰ ਆਪਣੀ ਸਵੈ-ਇੱਛਾ ਦਾ ਪ੍ਰਯੋਗ ਕਰ ਸਕਦਾ ਹੈ। ਬਾਕੀ ਸਭ ਮਾਮਲਿਆਂ ਵਿਚ ਉਹ ਮੁੱਖ ਮੰਤਰੀ ਦੀ ਸਲਾਹ ਤੇ ਚਲੇ ਅਤੇ ਆਪ ਕੇਵਲ ਨਾਂ-ਮਾਤਰ ਦਾ ਮੁੱਖੀਆਂ ਹੀ ਬਣ ਕੇ ਕੰਮ ਕਰੇ।

ਰਾਜ ਵਿਚ ਸੰਸਦੀ ਪ੍ਰਕਾਰ ਦੀ ਸਰਕਾਰ ਹੋਣ ਕਰਕੇ ਮੰਤਰੀ ਮੰਡਲ ਦਾ ਢਾਂਚਾ ਤੇ ਸੰਗਠਨ ਕੇਂਦਰੀ ਮੰਡਲ ਵਾਂਗ ਹੀ ਹੈ। ਮੰਤਰੀ ਵਿਧਾਨ ਪਾਲਿਕਾ ਦੇ ਮੈਂਬਰ ਹੋਣੇ ਚਾਹੀਦੇ ਹਨ ਅਤੇ ਮੁੱਖ ਮੰਤਰੀ ਵਿਧਾਨ ਸਭਾ

ਵਿਚ ਬਹੁ-ਗਿਣਤੀ ਪਾਰਟੀ ਦਾ ਨੇਤਾ ਹੁੰਦਾ ਹੈ। ਮੰਤਰੀ ਮੰਡਲ ਵਿਧਾਨ ਸਭਾ ਪ੍ਰਤੀ ਉੱਤਰਦਾਈ ਹੁੰਦਾ ਹੈ। ਗਵਰਨਰ ਪਾਸ ਵਿਵੇਕੀ ਸ਼ਕਤੀਆਂ ਹੋਣ ਕਾਰਣ ਰਾਜ ਮੰਤਰੀ ਮੰਡਲ ਉਤਨਾ ਸ਼ਕਤੀਸ਼ਾਲੀ ਨਹੀਂ ਜਿੰਨਾ ਕੇਂਦਰੀ ਮੰਤਰੀ ਮੰਡਲ ਹੈ। ਸਾਨੂੰ ਕਈ ਮਿਸਾਲਾਂ ਮਿਲਦੀਆਂ ਹਨ ਜਦੋਂ ਰਾਜਾਂ ਦੇ ਗਵਰਨਰਾਂ ਨੇ ਮੰਤਰੀ ਮੰਡਲ ਨੂੰ ਬਰਖਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰਵਾਇਆ ਹੈ ਜਿਵੇਂ ਪੰਜਾਬ ਦੇ ਰਾਜਪਾਲ ਐਸ.ਐਸ. ਰੇਅ (S.S. Ray) ਦੀ ਸਿਫਾਰਸ਼ ਤੇ ਸਾਬਕਾ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੇ ਬਰਨਾਲਾ ਮੰਤਰੀ ਮੰਡਲ ਨੂੰ ਬਰਖਾਸਤ ਕਰ ਦਿੱਤਾ ਅਤੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਸ੍ਰੀ ਐਸ.ਐਸ. ਰੇਅ (S.S.Ray) ਨੇ ਇਹ ਸਿਫ਼ਾਰਸ ਅਤਿਵਾਦ ਦੀਆਂ ਗਤੀਵਿਧੀਆਂ ਵਧਣ ਕਾਰਨ 13 ਮਈ, 1987 ਨੂੰ ਕੀਤੀ ਸੀ, ਪ੍ਰੰਤੂ ਰਾਸ਼ਟਰਪਤੀ ਰਾਜ ਲਾਗੂ ਹੋਣ ਦੇ ਬਾਵਜੂਦ ਵੱਖ ਅਤਿਵਾਦੀਆਂ ਦੀਆਂ ਗਤੀਵਿਧੀਆਂ ਦਾ ਪੰਜਾਬ ਵਿਚ ਹੋਰ ਵਾਧਾ ਹੋਇਆ। ਪਰ ਇਹ ਇਕ ਪਰੰਪਰਾ ਹੀ ਹੈ ਕਿ ਆਮ ਕਰਕੇ ਗਵਰਨਰ ਸ਼ਾਸਨ ਦੇ ਕੰਮ ਵਿਚ ਦਖਲ ਨਹੀਂ ਦਿੰਦੇ ਅਤੇ ਮੰਤਰੀ ਮੰਡਲ ਦੀ ਰਾਏ ਅਨੁਸਾਰ ਹੀ ਕੰਮ ਕਰਦੇ ਹਨ।

**ਮੁਲਾਂਕਣ :-** ਜਿਸ ਤਰ੍ਹਾਂ ਕੇਂਦਰ ਸਰਕਾਰ ਵਿਚ ਪ੍ਰਧਾਨ ਮੰਤਰੀ ਉਸੇ ਤਰ੍ਹਾਂ ਰਾਜ ਪ੍ਰਸ਼ਾਸਨ ਵਿਚ ਮੁੱਖ ਮੰਤਰੀ ਨੂੰ ਮੁੱਖ ਸਥਾਨ ਪ੍ਰਾਪਤ ਹੈ। ਸੰਵਿਧਾਨ ਦੁਆਰਾ ਰਾਜਪਾਲ ਨੂੰ ਰਾਜ ਦਾ ਮੁੱਖ ਕਾਰਜਕਾਰੀ ਨਿਯੁਕਤ ਕੀਤਾ ਗਿਆ ਹੈ ਪਰ ਅਸਲੀ ਰੂਪ ਵਿਚ ਅਸਲ ਮੁੱਖ ਕਾਰਜਕਾਰੀ ਮੁੱਖ ਮੰਤਰੀ ਹੈ। ਰਾਜ ਦੀ ਕਾਰਜਪਾਲਿਕਾ ਦੀਆਂ ਸਾਰੀਆਂ ਸ਼ਕਤੀਆਂ ਉਸ ਦੇ ਹੱਥ ਵਿਚ ਹੁੰਦੀਆਂ ਹਨ ਅਤੇ ਉਹ ਹੀ ਉਹਨਾਂ ਦੀ ਵਰਤੋਂ ਕਰ ਸਕਦਾ ਹੈ। ਮੁੱਖ ਮੰਤਰੀ ਦੀਆਂ ਸ਼ਕਤੀਆਂ ਅਸੀਮਤ ਨਹੀਂ ਹਨ। ਉਸ ਨੂੰ ਹਮੇਸ਼ਾ ਮੰਤਰੀ ਪਰਿਸ਼ਦ ਅਤੇ ਵਿਧਾਨ ਸਭਾ ਦੀ ਇੱਛਾ ਨੂੰ ਵਿਸ਼ੇਸ਼ ਮਹੱਤਵ ਦੇਣਾ ਪੈਂਦਾ ਹੈ ਪਰ ਇਸ ਦਾ ਅਰਥ ਇਹ ਨਹੀਂ ਕਿ ਮੁੱਖ ਮੰਤਰੀ ਦੀ ਆਪਣੀ ਕੋਈ ਸੁਤੰਤਰ ਹੋਂਦ ਨਹੀਂ ਹੈ, ਉਸ ਨੂੰ ਪ੍ਰਸ਼ਾਸਨ ਵਿਚ ਹਮੇਸ਼ਾ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਦੂਜੇ ਮੰਤਰੀਆਂ ਦੇ ਬਰਾਬਰ ਹੁੰਦੇ ਹੋਏ ਵੀ ਉਹ ਉਹਨਾਂ ਦਾ ਨੇਤਾ ਹੈ ਅਤੇ ਮੰਤਰੀ ਪਰਿਸ਼ਦ ਤੇ ਉਸਦਾ ਪੂਰਾ ਕੰਟਰੋਲ ਹੁੰਦਾ ਹੈ। ਬੰਗਾਲ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਅਜੇ ਮੁਕਰਜੀ ਨੇ ਵਿਰੋਧੀਆਂ ਦੀ ਚੁਣੌਤੀਆਂ ਦਾ ਦਮਨ ਕਰਦੇ ਹੋਏ ਇਹ ਸਪਸ਼ਟ ਕਿਹਾ ਸੀ ਕਿ, 'ਤੁਹਾਡਾ ਵਿਚਾਰ ਸਰਬ ਪਾਰਟੀ ਸਮਝੌਤੇ ਦੇ ਅਨੁਸਾਰ ਮੁੱਖ ਮੰਤਰੀ ਪਰਿਸ਼ਦ ਵਿਚ ਕੇਵਲ ਦੂਜੇ ਮੰਤਰੀਆਂ ਦੇ ਸਮਾਨ ਹੈ, ਸੰਵਿਧਾਨ ਦੇ ਵਿਰੁੱਧ ਹੈ। ਹਕੀਕਤ ਇਹ ਹੈ ਕਿ ਮੁੱਖ ਮੰਤਰੀ ਦੀ ਸਥਿਤੀ ਪਾਰਟੀ ਸੰਗਠਨ ਅਤੇ ਉਸਦੀ ਵਿਅਕਤੀਗਤ ਸਖਸ਼ੀਅਤ ਉੱਤੇ ਆਧਾਰਿਤ ਹੈ। ਜਿਸ 'ਚ ਮੁੱਖ ਮੰਤਰੀ ਨੂੰ ਵਿਧਾਨ ਸਭਾ ਵਿਚ ਠੋਸ ਬਹੁਮਤ ਪ੍ਰਾਪਤ ਹੋਵੇ ਉਹ ਇਕ ਪ੍ਰਭਾਵਸ਼ਾਲੀ ਪ੍ਰਸ਼ਾਸਕ ਦੇ ਰੂਪ ਵਿਚ ਕਾਰਜ ਕਰਦਾ ਹੈ। ਉਸ ਦੀ ਸਥਿਤੀ ਰਾਜ ਪ੍ਰਸ਼ਾਸਨ ਵਿਚ ਇਕ ਧੁਰੇ ਦੇ ਸਮਾਨ ਹੁੰਦੀ ਹੈ ਜਿਸ ਦੇ ਚਾਰੇ ਪਾਸਿਓ ਸਰਕਾਰ ਰੂਪੀ ਮਸ਼ੀਨਰੀ ਚੱਕਰ ਲਗਾਉਂਦੀ ਹੈ।

## ਮੁੱਖ ਸਕੱਤਰ

ਸਕਤਰੇਤ ਪੱਧਰ ਤੇ ਹਰ ਇਕ ਰਾਜ ਵਿਚ ਮੁੱਖ ਸਕੱਤਰ ਹੁੰਦਾ ਹੈ ਜਿਸ ਦਾ ਕੰਮ ਵੱਖ ਵੱਖ ਸਕੱਤਰਾਂ ਦੇ ਕੰਮ-ਕਾਰ ਵਿਚ ਤਾਲ-ਮੇਲ ਪੈਦਾ ਕਰਨਾ ਹੁੰਦਾ ਹੈ। ਪੰਜਾਬ ਵਿਚ ਵੀ ਮੁੱਖ ਸਕੱਤਰ ਸਕਤਰੇਤ ਪੱਧਰ ਤੇ ਕਾਰਜਸ਼ੀਲ ਹੈ। ਪਰ ਮੁੱਖ ਸਕੱਤਰ ਸਿਵਲ ਸੇਵਾਵਾਂ ਦਾ ਮੁੱਖੀ ਹੈ। ਉਹ ਇਸ ਹੈਸੀਅਤ ਵਿਚ ਰਾਜਕੀ ਸਿਵਲ ਸੇਵਾਵਾਂ ਉਪਰ ਨਿਗਰਾਨੀ ਅਤੇ ਆਮ ਨਿਯੰਤਰਣ ਰੱਖਦਾ ਹੈ। ਉਸ ਦਾ ਕੰਮ ਇਹ ਹੈ ਕਿ ਜੇਕਰ ਸਿਵਲ ਸੇਵਾਵਾਂ ਦੇ ਸੰਬੰਧ ਵਿਚ ਕੋਈ ਕਮੀਆਂ ਹੋਣ ਤਾਂ ਉਹ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰੇ। ਇਸ ਸੰਬੰਧ ਵਿਚ ਉਹ ਲੋੜੀਂਦੀ ਗਸ਼ਤੀ ਪੱਤਰ ਜਾਰੀ ਕਰਨ ਦਾ ਅਧਿਕਾਰ ਰੱਖਦਾ ਹੈ ਅਤੇ ਉਹ ਸਿਵਲ ਸੇਵਾਵਾਂ ਦਾ ਮਨੋਬਲ ਕਾਇਮ ਰੱਖਣ ਦਾ ਹਰ ਯਤਨ ਕਰਦਾ ਹੈ ਤਾਂ ਜੋ ਰਾਜ ਸਰਕਾਰ ਦਾ ਪ੍ਰਬੰਧਕੀ ਢਾਂਚਾ ਠੀਕ ਤਰ੍ਹਾਂ ਨਾਲ ਕੰਮ ਰਕਦਾ ਰਹੇ ਅਤੇ ਰਾਜ ਦਾ ਵਿਕਾਸ ਠੀਕ ਢੰਗ ਨਾਲ ਹੋ ਸਕੇ।

### ਰਾਜ ਪੱਧਰ ਦੇ ਸਕੱਤਰੇਤ ਦਾ ਸੰਗਠਨ

ਸੰਗਠਨ ਹੂ-ਬ-ਹੂ ਕੇਂਦਰੀ ਸਕੱਤਰੇਤ ਵਾਂਗ ਹੀ ਹੈ। ਸਿਖਰ ਤੇ ਮੰਤਰੀ ਹੁੰਦੇ ਹਨ, ਜਿਨ੍ਹਾਂ ਵਿਚ ਕੈਬਨਿਟ

ਮੰਤਰੀ, ਰਾਜ ਮੰਤਰੀ ਅਤੇ ਉਪ-ਮੰਤਰੀ ਸ਼ਾਮਿਲ ਹੁੰਦੇ ਹਨ। ਇਨ੍ਹਾਂ ਹਰੇਕ ਕੋਲ ਵੱਖ ਵੱਖ ਮੰਤਰਾਲੇ ਹੁੰਦੇ ਹਨ। ਕੇਂਦਰ ਵਾਂਗ ਹੀ ਰਾਜ ਪੱਧਰ ਤੇ ਮੰਤਰੀਆਂ ਦੀ ਸਹਾਇਤਾ ਲਈ ਸਕੱਤਰ ਨਿਯੁਕਤ ਕੀਤੇ ਜਾਂਦੇ ਹਨ। ਰਾਜ ਵਿਚ ਵੀ ਮੰਤਰਾਲੇ ਦੀ ਸਹਾਇਤਾ ਲਈ ਬਕਾਇਦਾ ਸਕੱਤਰੇਤ ਸਥਾਪਿਤ ਕੀਤਾ ਜਾਂਦਾ ਹੈ। ਸਕੱਤਰੇਤ ਦਾ ਵਾਸਤਵਿਕ ਕੰਮ ਮੰਤਰਾਲੇ ਦੀ ਨੀਤੀ ਘੜਨ ਵਿਚ ਸਹਾਇਤਾ ਦੇਣਾ ਹੁੰਦਾ ਹੈ। ਪਰੰਤੂ ਆਮ ਤੌਰ ਤੇ ਇਹ ਵੇਖਣ ਵਿਚ ਆਉਂਦਾ ਹੈ ਕਿ ਮੰਤਰੀ ਆਪਣੇ ਵਧੇਰੇ ਮਹੱਤਵਪੂਰਣ ਕੰਮ-ਕਾਰ ਵਲ ਧਿਆਨ ਨਹੀਂ ਦੇਂਦੇ ਅਤੇ ਛੋਟੇ ਮੋਟੇ ਮਾਮਲਿਆਂ ਵਿਚ ਫਸੇ ਰਹਿੰਦੇ ਹਨ। ਸ੍ਰੀ . ਐਮ.ਆਰ.ਪਾਈ. ਅਤੇ ਸ੍. ਜੀ. ਆਰ. ਰੈਡੀ ਦੇ ਸ਼ਬਦਾਂ ਵਿਚ ''ਜੇਕਰ ਸਕੱਤਰੇਤ ਤੋਂ ਰੋਜ਼ਾਨਾ ਦੇ ਛੋਟੇ-ਮੋਟੇ ਕੰਮ-ਕਾਰ ਅਤੇ ਵਿਸਤ੍ਰਿਤ ਪ੍ਰਸ਼ਾਸਕੀ ਮਾਮਲੇ ਲੈ ਲਏ ਜਾਣ ਤਾਂ ਇਹ ਪਾਲਿਸੀ ਨਾਲ ਸਬੰਧਿਤ ਅਲਪ-ਕਾਲੀਨ ਅਤੇ ਦੀਰਘ-ਕਾਲੀਨ ਕੰਮ-ਕਾਰ ਵਲ ਧਿਆਨ ਦੇ ਸਕਦੀ ਹੈ।'' ਸਕੱਤਰੇਤ ਨੂੰ ਰੋਜ਼ਾਨਾ ਦੇ ਪ੍ਰਸ਼ਾਸਕੀ ਮਾਮਲਿਆਂ ਵਿਚ ਦਖਲ ਦੇਣ ਤੋਂ ਬਚਣਾ ਚਾਹੀਦਾ ਹੈ। ਇਸ ਨੂੰ ਉਚਿਤ ਪੱਧਰਾਂ ਤੇ ਸ਼ਕਤੀ ਦੀ ਵਰਤੋਂ ਦੀ ਆਦਤ ਪਾਉਣੀ ਚਾਹੀਦੀ ਹੈ। ਚੰਗੇ ਪ੍ਰਬੰਧ ਲਈ ਮੰਤਰੀ ਅਤੇ ਸਕੱਤਰ ਦੇ ਚੰਗੇ ਅਤੇ ਗੂੜੇ ਸੰਬੰਧ ਹੋਣੇ ਚਾਹੀਦੇ ਹਨ। ਅਜਿਹਾ ਨਾ ਹੋਣ ਦੀ ਸੂਰਤ ਵਿਚ ਪ੍ਰਬੰਧ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ।

ਵਾਸਤਵ ਵਿਚ ਸਕੱਤਰੇਤ ਨੂੰ ਸੋਚ ਵਿਚਾਰ ਕਰਨ ਵਾਲੀ ਮਸ਼ੀਨ ਜਾਂ 'ਬ੍ਰੇਨ ਟਰਸਟ' ਦੇ ਰੂਪ ਵਿਚ ਰਾਜਨੀਤਿਕ ਮੁੱਖੀ ਦੀ ਸਹਾਇਤਾ ਕਰਨੀ ਚਾਹੀਦੀ ਹੈ। ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਸਕੱਤਰੇਤ ਵਿਚ ਸੀਨੀਅਰ, ਤਜਰਬੇਕਾਰ, ਸੂਝਵਾਨ ਅਤੇ ਸੋਚ ਵਿਚਾਰ ਵਾਲੇ ਵਿਅਕਤੀ ਹੀ ਲਏ ਜਾਣ।

ਸਕੱਤਰ ਦੇ ਕੰਮ ਕਾਰ ਵਿਚ ਸਹਾਇਤਾ ਲਈ ਜੁਆਇੰਟ, ਉਪ ਅਤੇ ਸਹਾਇਕ ਸਕੱਤਰ ਹੁੰਦੇ ਹਨ। ਹੋਰ ਵੀ ਕਾਫੀ ਸਾਰਾ ਅਮਲਾ ਉਨ੍ਹਾਂ ਦੇ ਕੰਮ ਕਾਰ ਵਿਚ ਸਹਾਇਤਾ ਲਈ ਮੌਜੂਦ ਹੁੰਦਾ ਹੈ। ਉਦਾਹਰਣ ਵਜੋਂ ਆਂਧਰਾ ਪ੍ਰਦੇਸ਼ ਦੇ ਜਰਾਇਤ ਮੰਤਰਾਲੇ ਵਿਚ ਨਿਮਨ ਅਮਲਾ ਇਨਚਾਰਜ ਸਕੱਤਰ ਦੀ ਸਹਾਇਤਾ ਲਈ ਮੌਜੂਦ ਹੁੰਦਾ ਹੈ। ਪੰਜਾਬ ਵਿਚ ਵੀ ਇਹ ਅਮਲਾ ਇਸੇ ਤਰ੍ਹਾਂ ਹੀ ਹੈ। ਜਾਇੰਟ ਸਕੱਤਰ, ਉਪ ਸਕੱਤਰ, ਵਿਸ਼ੇਸ਼ ਅਫਸਰ ਅਤੇ ਆਹੁਦੇ ਕਾਰਨ ਉਪ-ਸਕੱਤਰ, ਸਹਾਇਕ ਸਕੱਤਰ, ਸੁਪਰਪੈਂਟ, ਯੂ.ਡੀ. ਸੀ।

## ਰਾਜ ਵਿਚ ਇਕ ਮੁੱਖ ਸਕੱਤਰ

ਰਾਜ ਪੱਧਰ ਤੇ ਸਾਰੇ ਸਕੱਤਰਾਂ ਉਪਰ ਇਕ ਮੁੱਖ ਸਕੱਤਰ ਹੁੰਦਾ ਹੈ। ਉਹ ਵਾਸਤਵ ਵਿਚ ਸਕੱਤਰੇਤ ਦਾ ਮੁੱਖੀ ਹੁੰਦਾ ਹੈ, ਜਿਸ ਦਾ ਕੰਮ ਸਾਰੇ ਸਕੱਤਰਾਂ ਵਿਚ ਤਾਲਮੇਲ ਰੱਖਣਾ ਹੁੰਦਾ ਹੈ। ਸਕੱਤਰੇਤ ਵਿਚ ਤਾਲ ਮੇਲ ਰੱਖਣਾ ਇਸ ਲਈ ਜ਼ਰੂਰੀ ਹੈ ਤਾਂ ਕਿ ਇਕੋ ਕੰਮ ਬਹੁਤ ਬੰਦੇ ਨਾ ਕਰਨ ਲਗ ਪੈਣਾ ਅਜਿਹਾ ਕਰਨ ਨਾਲ ਸਮਾਂ ਖਰਾਬ ਹੁੰਦਾ ਹੈ। ਇਸ ਕੰਮ ਨੂੰ ਮੁੱਖ ਸਕੱਤਰ ਹੀ ਕਰ ਸਕਦਾ ਹੈ ਜੋ ਕਿ ਕੈਬਨਿਟ ਦਾ ਸਕੱਤਰ ਵੀ ਹੁੰਦਾ ਹੈ।ਕੈਬਨਿਟ ਦਾ ਕੰਮ ਇਤਨਾ ਵਿਸ਼ਾਲ ਹੁੰਦਾ ਹੈ ਕਿ ਇਸ ਕੰਮ ਨੂੰ ਕਰਨ ਲਈ ਸਾਰੇ ਸਕੱਤਰ, ਵਿਭਾਗਾਂ ਦੇ ਮੁੱਖੀ ਅਤੇ ਰਾਜ ਦੇ ਹੋਰ ਉਚ ਅਧਿਕਾਰੀ ਸ਼ਾਮਿਲ ਕੀਤੇ ਜਾ ਸਕਦੇ ਹਨ। ਸਕੱਤਰਾਂ ਅਤੇ ਹੋਰ ਉੱਚ ਅਧਿਕਾਰੀਆਂ ਦੀਆਂ ਮੀਟਿੰਗਾਂ ਦਾ ਪ੍ਰਬੰਧ ਮੁੱਖ ਸਕੱਤਰ ਨੂੰ ਹੀ ਕਰਨਾ ਪੈਂਦਾ ਹੈ। ਇਹ ਮੀਟਿੰਗਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਪਰ ਕੰਮ ਕਰਦੇ ਸਮੇਂ ਮੁੱਖ ਸਕੱਤਰ ਇਸ ਗੱਲ ਦਾ ਜ਼ਰੂਰ ਖਿਆਲ ਰਖਦਾ ਹੈ ਕਿ ਉਹ ਸਕੱਤਰਾਂ ਜਾਂ ਹੋਰ ਉਚ ਅਧਿਕਾਰੀਆਂ ਦੇ ਅਧਿਕਾਰਾਂ ਅਤੇ ਸ਼ਕਤੀਆਂ ਵਿਚ ਦਖਲ ਨਾ ਦੇਵੇ। ਮੁੱਖ ਸਕੱਤਰ ਦੀਆਂ ਭਾਰੀ ਜ਼ਿੰਮੇਵਾਰੀਆਂ ਮੁੱਖ ਰਖਦਿਆਂ ਕੇਵਲ ਬਹੁਤ ਸੀਨੀਅਰ ਆਈ.ਏ.ਐਸ. ਅਫਸਰਾਂ ਨੂੰ ਮੁੱਖ ਸਕੱਤਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

ਆਮ ਤੌਰ ਤੇ ਪੰਜਾਬ ਸਮੇਤ ਹਰ ਰਾਜ ਵਿਚ ਆਮ ਪ੍ਰਸ਼ਾਸਕੀ ਵਿਭਾਗ ਦਾ ਚਾਰਜ ਮੁੱਖ ਸਕੱਤਰ ਨੂੰ ਸੌਂਪਿਆ ਜਾਂਦਾ ਹੈ। ਰਾਜ ਦਾ ਮੁੱਖ ਮੰਤਰੀ ਇਸ ਦਾ ਰਾਜਨੀਤਿਕ ਮੁੱਖੀ ਹੈ, ਜਦੋਂ ਕਿ ਸਥਾਈ ਮੁੱਖੀ ਮੁੱਖ ਸਕੱਤਰ ਹੀ ਹੁੰਦਾ ਹੈ। ਸ੍ਰੀ ਪਾਈ ਅਤੇ ਰੈਡੀ ਦੇ ਸ਼ਬਦਾਂ ਵਿਚ ਇਸ ਵਿਭਾਗ ਦੁਆਰਾ ਨਿਪਟਾਰਾ ਕੀਤੇ ਜਾਣ ਵਾਲੇ ਵਿਸੇ ਹਨ ਕਰਮਚਾਰੀ ਆਚਰਣ ਨਿਯਮ, ਅੰਦਰੂਨੀ ਸੁਰੱਖਿਆ, ਭ੍ਰਿਸ਼ਟਾਚਾਰ,ਸਰਕਾਰੀ ਸੇਵਾਵਾਂ, ਰਾਜਸੀ ਅਤੇ ਅਧੀਨ

ਸੇਵਾਵਾਂ ਲਈ ਸਾਧਾਰਣ ਨਿਯਮ ਜਿਵੇਂ ਕਿ ਕਰਮਚਾਰੀਆਂ ਦੀ ਭਰਤੀ, ਉਨ੍ਹਾਂ ਦੀ ਸ੍ਰੇਣੀ ਵੰਡ, ਨਿਯੰਤਰਣ ਸੰਬੰਧੀ ਆਦਿ। ਇਹ ਕੁਝ ਸੰਘੀ ਵਿਸ਼ਿਆ ਦਾ ਨਿਪਟਾਰਾ ਵੀ ਕਰਦਾ ਹੈ ਜਿਵੇਂ ਮਰਦਮ ਸੁਮਾਰੀ, ਰਸਮੀ ਉਤਸਵ, ਸੰਸਦ ਦੀਆਂ ਚੋਣਾਂ ਕਰਵਾਉਂਣੀਆਂ, ਬਦੇਸ਼ੀ ਮਾਮਲੇ ਆਦਿ। ਰਾਜ ਦੀ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਇਸ ਦਾ ਇਕ ਹਿੱਸਾ ਹੀ ਹੁੰਦਾ ਹੈ। ਭਾਰਤੀ ਅਨੁਸ਼ਾਸਨ ਅਤੇ ਸੇਵਾ ਦੀਆਂ ਸ਼ਰਤਾ ਆਦਿ ਦੇ ਮਾਮਲੇ ਵਿਚ ਹੋਰ ਜ਼ਿਆਦਾ ਆਮ ਪ੍ਰਸ਼ਾਸਨ ਵਿਭਾਗ ਤੋਂ ਸਲਾਹ ਮਸ਼ਵਰਾ ਲੈਂਦੇ ਹਨ।

ਉਪਰੋਕਤ ਸੂਚੀ ਉਪਰ ਨਜ਼ਰ ਫੇਰਨ ਤੋਂ ਇਹ ਪਤਾ ਲਗਦਾ ਹੈ ਕਿ ਰਾਜ ਦੇ ਮੁੱਖ ਸਕੱਤਰ ਨੂੰ ਭਾਰੀ ਜ਼ਿੰਮੇਵਾਰੀਆਂ ਸੰਭਾਲਣੀਆਂ ਪੈਂਦੀਆਂ ਹਨ।

1. ਸਰਵ-ਭਾਰਤੀ ਸੇਵਾਵਾਂ ਨਾਲ ਸਬੰਧਤ ਮਾਮਲਿਆਂ ਦਾ ਨਿਪਟਾਰਾ ਉਸ ਦੁਆਰਾ ਕੀਤਾ ਜਾਦਾ ਹੈ। ਉਦਾਹਰਣ ਵਜੋਂ ਜੇਕਰ ਕਿਸੇ ਮੰਤਰੀ ਅਤੇ ਸਕੱਤਰ ਵਿਚਕਾਰ ਕਿਸੇ ਪ੍ਰਕਾਰ ਦਾ ਝਗੜਾ ਹੋ ਜਾਵੇ, ਤਾਂ ਮੁੱਖ ਸਕੱਤਰ ਲਈ ਬਹੁਤ ਨਾਜ਼ੁਕ ਸਥਿਤੀ ਪੈਦਾ ਹੋ ਜਾਂਦੀ ਹੈ ਜਿਸ ਨੇ ਉਸ ਮਾਮਲੇ ਨੂੰ ਨਿਪਟਾਉਣਾ ਹੁੰਦਾ ਹੈ। ਇਸੇ ਤਰ੍ਹਾਂ ਦੀਆਂ ਹੋਰ ਵੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਜਿਹੜੀਆਂ ਕਿ ਉਚਿਤ ਰੂਪ ਵਿਚ ਹੱਲ ਕੀਤੇ ਜਾਣ ਲਈ ਸਕੱਤਰ ਤੋਂ ਬਹੁਤ ਸਿਆਣਪ ਦੀ ਮੰਗ ਕਰਦੀਆਂ ਹਨ :

2. ਜੇਕਰ ਕੇਂਦਰ ਨੇ ਆਈ. ਏ. ਐਸ. ਅਫਸਰਾਂ ਦੇ ਸੰਬੰਧ ਵਿਚ ਸੂਚਨਾ ਅਤੇ ਸਲਾਹ ਮਸ਼ਵਰਾ ਪ੍ਰਾਪਤ ਕਰਨਾ ਹੋਵੇ ਤਾਂ ਮਾਮਲਾ ਹਰ ਹਾਲਤ ਵਿਚ ਸਬੰਧਿਤ ਰਾਜ ਦੇ ਮੁੱਖ ਸਕੱਤਰ ਕੋਲ ਭੇਜਿਆ ਜਾਂਦਾ ਹੈ। ਉਸ ਦੇ ਵਿਚਾਰਾਂ ਉਪਰ ਕੇਂਦਰੀ ਸਰਕਾਰ ਬਹੁਤ ਗੰਭੀਰਤਾ ਨਾਲ ਵਿਚਾਰ ਕਰਦੀ ਹਨ।

3. ਸੰਸਦ ਅਤੇ ਵਿਧਾਨ ਮੰਡਲ ਦੀਆਂ ਚੋਣਾਂ ਨਾਲ ਸਬੰਧਤ ਕੰਮ ਮੁੱਖ ਸਕੱਤਰ ਤੇ ਕਾਫ਼ੀ ਜ਼ਿੰਮੇ ਵਾਰੀ ਠੋਸਦਾ ਹੈ ਚੋਣਾਂ ਦੇ ਦਿਨਾਂ ਵਿਚ ਉਹ ਸਭ ਤੋਂ ਮਹੱਤਵਪੂਰਣ ਵਿਅਕਤੀ ਹੁੰਦਾ ਹੈ ਕਿਉਂਕਿ ਚੋਣਾਂ ਨਾਲ ਸਬੰਧਤ ਪ੍ਰਸ਼ਾਸਕੀ ਮਾਮਲਿਆਂ ਵਿਚ ਅਧਿਕਾਰੀ ਉਸ ਨਾਲ ਹੀ ਸਲਾਹ ਮਸ਼ਵਰਾ ਕਰਦੇ ਹਨ। ਉਹੀ ਸਕੱਤਰਾਂ ਅਤੇ ਹੇਠਲੇ ਅਧਿਕਾਰੀਆਂ ਨੂੰ ਅਗਵਾਈ ਦਿੰਦਾ ਹੈ। ਐਪਰ, ਮਰਦਮ ਸੁਮਾਰੀ ਕੋਈ ਰੋਜ਼ ਦਾ ਕੰਮ ਤਾਂ ਹੈ ਨਹੀਂ। ਹਰ ਦਸ ਸਾਲ ਬਾਅਦ ਮਰਦਮ ਸ਼ੁਮਾਰੀ ਦੇਸ਼ ਵਿਚ ਹੁੰਦੀ ਹੈ। ਸੋ ਸਕੱਤਰ ਮਰਦਮ ਸ਼ੁਮਾਰੀ ਦਾ ਕੰਮ ਕੇਵਲ ਉਸ ਸਮੇਂ ਹੀ ਕਰਦਾ ਹੈ। ਵਾਸਤਵ ਵਿਚ ਮਰਦਮ ਸ਼ੁਮਾਰੀ ਦਾ ਕੰਮ ਸੋਖਾ ਨਹੀਂ। ਇਸ ਕੰਮ ਨੂੰ ਕਰਨ ਲਈ ਮੁੱਖ ਸਕੱਤਰ ਨੂੰ ਕਾਫੀ ਸੂਝ ਅਤੇ ਸਿਆਣਪ ਵਰਤਣੀ ਪੈਂਦੀ ਹੈ।

4. ਮੁੱਖ ਸਕੱਤਰ ਰਾਜ ਦੀਆਂ ਸਰਕਾਰੀ ਸੇਵਾਵਾਂ ਦਾ ਇੰਨਚਾਰਜ ਹੁੰਦਾ ਹੈ, ਉਸ ਨੂੰ ਇਸ ਸੰਬੰਧੀ ਬਹੁਤ ਕੁਝ ਕਰਨਾ ਪੈਂਦਾ ਹੈ, ਰਾਜ ਦੇ ਪ੍ਰਸ਼ਾਸਨ ਨੂੰ ਸੁਯੋਗ ਢੰਗ ਨਾਲ ਚਲਾਉਣ ਦਾ ਜ਼ਿੰਮੇਵਾਰੀ ਵੀ ਉਸੇ ਦੀ ਹੁੰਦੀ ਹੈ। ਉਸ ਨੂੰ ਸਮੇਂ ਸਮੇਂ ਰਾਜ ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਵੀ ਅਮਲਾ ਭੇਜਣ ਦੀ ਲੋੜ ਹੁੰਦੀ ਹੈ ਤਾਂ ਜੋ ਸਮੱਸਿਆਵਾਂ ਦੀ ਘੋਖ ਕਰੇ। ਅਜਿਹੇ ਅਮਲੇ ਦੀ ਰਿਪੋਰਟ ਤੇ ਹੀ ਉਹ ਇਸ ਸੰਬੰਧ ਵਿਚ ਜ਼ਰੂਰੀ ਕਾਰਵਾਈ ਕਰਦਾ ਹੈ। ਉਹ ਪ੍ਰਸ਼ਾਸਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਮੇਂ ਸਮੇਂ ਗਸ਼ਤੀ ਪੱਤਰ (ਸਰਕੂਲਰ) ਵੀ ਭੇਜਦਾ ਹੈ। ਉਦਾਹਰਣ ਵਜੋਂ ਪਿੱਛੇ ਜਿਹੇ ਹੀ ਪੰਜਾਬ ਵਿਚ ਮੁੱਖ ਸਕੱਤਰ ਦੁਆਰਾ ਇਸ ਮੰਤਵ ਦਾ ਗਸ਼ਤੀ ਪੱਤਰ ਜਾਰੀ ਕੀਤਾ ਗਿਆ ਕਿ ਸਰਕਾਰੀ ਕਰਮਚਾਰੀ 5 ਵਜੇ ਤੋਂ ਪਹਿਲਾਂ ਦਫਤਰ ਵਿਚੋਂ ਨਾ ਜਾਇਆ ਕਰਨ ਅਤੇ ਸੋਮਵਾਰ ਨੂੰ ਲੇਟ ਨਾ ਆਇਆ ਕਰਨ। ਜੇਕਰ ਵਿਭਾਗਾਂ ਦੇ ਮੁੱਖੀ ਜਾਂ ਸਬੰਧਤ ਕਰਮਚਾਰੀਆਂ ਦੁਆਰਾ ਕਿਸੇ ਤੋਂ ਸਪੱਸ਼ਟੀਕਰਣ ਮੰਗਿਆ ਜਾਵੇ ਤਾਂ ਉਸ ਨੂੰ ਇਨ੍ਹਾਂ ਸਰਕਾਰੀ ਕਰਮਚਾਰੀਆਂ ਨਾਲ ਸਬੰਧਿਤ ਮਾਮਲਿਆਂ ਦੇ ਸੰਬੰਧ ਵਿਚ ਸਪਸ਼ਟੀਕਰਣ ਵੀ ਦੇਣੇ ਪੈਂਦੇ ਹਨ। ਇਹ ਸਪੱਸ਼ਟੀਕਰਣ ਤਰੱਕੀ, ਬਦਲੀ ਦੇ ਨਿਯਮਾਂ, ਸੀਨੀਆਰਟੀ ਆਦਿ ਦੇ ਸੰਬੰਧ ਵਿਚ ਦਿਤਾ ਜਾ ਸਕਦਾ ਹੈ।

5. ਸੂਚਨਾ ਅਤੇ ਲੋਕ ਸੰਪਰਕ ਵਿਭਾਗ ਦੇ ਮੁੱਖੀ ਦੇ ਰੂਪ ਵਿਚ ਵੀ ਉਸ ਨੂੰ ਕਾਫ਼ੀ ਜ਼ਿਆਦਾ ਕੰਮ ਕਰਨਾ ਪੈਂਦਾ ਹੈ। ਉਸ ਨੇ ਇਸ ਗੱਲ ਵਲ ਵੀ ਧਿਆਨ ਦੇਣਾ ਹੁੰਦਾ ਹੈ ਕਿ ਰਾਜ ਸਰਕਾਰ ਦੀਆਂ ਪ੍ਰਾਪਤੀਆਂ ਲੋਕਾਂ ਤੱਕ ਸਮੇਂ ਸਮੇਂ ਉੱਚਿਤ ਰੂਪ ਵਿਚ ਪਹੁੰਚਾਈਆਂ ਜਾਣ, ਤਾਂ ਜੋ ਉਹ ਅਸੰਤੁਸ਼ਟ ਵਿਅਕਤੀਆਂ ਤੇ ਲੋਕਾਂ ਨੂੰ ਕੁਰਾਹੇ ਪੈਣ ਤੋਂ ਰੋਕੇ। ਉਸ ਨੂੰ ਅਜਿਹੇ ਸਾਧਨਾਂ ਅਤੇ ਢੰਗਾਂ ਦੀ ਤਲਾਸ਼ ਵੀ ਕਰਨੀ ਪੈਂਦੀ ਹੈ ਜਿਨ੍ਹਾਂ ਦੁਆਰਾ ਮਹੱਤਵਪੂਰਣ ਮਾਮਲਿਆਂ ਸੰਬੰਧੀ ਲੋਕ ਰਾਏ ਰਾਜ ਸਰਕਾਰ ਤੱਕ ਉਚਿਤ ਰੂਪ ਵਿਚ ਪਹੁੰਚਾਈ ਜਾ ਸਕੇ।

6. ਇਸ ਵਿੰਗ ਨਾਲ ਸਬੰਧਿਤ ਪ੍ਰਸ਼ਾਸਕੀ ਅਤੇ ਨਿਗਰਾਨੀ ਨਾਲ ਸਬੰਧਿਤ ਕਰਤੱਵ ਨੂੰ ਮੁੱਖ ਸਕੱਤਰ ਹੀ ਨਿਭਾਉਂਦਾ ਹੈ। ਉਸ ਦਾ ਕੰਮ ਇਹ ਵੀ ਵੇਖਣਾ ਹੁੰਦਾ ਹੈ ਕਿ ਵਿਭਾਗ ਸੁਯੋਗ ਰੂਪ ਵਿਚ ਕੰਮ ਕਰੇ ਤਾਂ ਜੋ ਸਰਕਾਰ ਦੀ ਪ੍ਰਸੰਸਾ ਹੋਵੇ।

7. ਬਹੁਤ ਵਾਰ ਰਾਜ ਦੇ ਕਿਸੇ ਵਿਸ਼ੇਸ਼ ਵਿਭਾਗ ਦੇ ਸੰਭਾਲਣ ਜਾਂ ਰਾਜ ਦੇ ਸਰਕਾਰੀ ਕਰਮਚਾਰੀਆਂ ਦੇ ਤਨਖਾਹ ਸਕੇਲ ਵਧਾਉਣ ਦੇ ਸੰਬੰਧ ਵਿਚ ਕਮਿਸ਼ਨ ਅਤੇ ਜਾਂਚ ਪੜਤਾਲ ਬੋਰਡ ਵੀ ਨਿਯੁਕਤ ਕੀਤੇ ਜਾਂਦੇ ਹਨ। ਅਜਿਹੇ ਕਮਿਸ਼ਨਾਂ ਅਤੇ ਬੋਰਡਾਂ ਦੀ ਸਥਾਪਨਾ ਵਿਚ ਯਕੀਨੀ ਤੌਰ ਤੇ ਉਸ ਦਾ ਕਾਫੀ ਹੱਥ ਹੁੰਦਾ ਹੈ। ਰਾਜ ਸਰਕਾਰ ਮੁੱਖ ਸਕੱਤਰਾ ਨੂੰ ਹੀ ਕਿਸੇ ਅਜਿਹੇ ਕਮੇਟੀ ਬੋਰਡ ਜਾਂ ਕਮਿਸ਼ਨ ਦਾ ਮੁੱਖੀ ਨਿਯੁਕਤ ਕਰ ਸਕਦੀ ਹੈ। ਤਦ ਉਸ ਵੇਲੇ ਇਹ ਉਸ ਦਾ ਇਕ ਮਹੱਤਵਪੂਰਣ ਫਰਜ਼ ਬਣਦਾ ਹੈ ਕਿ ਉਹ ਸਰਕਾਰ ਨੂੰ ਸੰਬੰਧਿਤ ਮਾਮਲੇ ਜਾਂ ਮਾਮਲਿਆਂ ਸੰਬੰਧੀ ਯੋਗ ਤੇ ਠੀਕ ਰਿਪੋਰਟ ਦੇਵੇ। ਅਜਿਹੇ ਕੰਮ ਲਈ ਉਸ ਦਾ ਇਮਾਨਦਾਰ ਹੋਣਾ ਲਾਜ਼ਮੀ ਹੈ।

8. ਸਰਕਾਰੀ ਸੇਵਾਵਾਂ ਵਿਚ ਅਨੁਸ਼ਾਸਨ ਕਾਇਮ ਰੱਖਣਾ ਵੀ ਮੁੱਖ ਸਕੱਤਰਾਂ ਦੇ ਕਾਰਜਾਂ ਵਿਚ ਸ਼ਾਮਿਲ ਹੈ। ਇਸ ਮੰਤਵ ਦੀ ਪੂਰਤੀ ਲਈ ਉਹ ਜਿਵੇਂ ਵੀ ਉਚਿਤ ਸਮਝੇ, ਸਾਕਾਰਾਤਮਕ ਜਾਂ ਨਾਕਾਰਾਤਮਕ ਕਦਮ ਚੁੱਕ ਸਕਦਾ ਹੈ। ਸਮੁੱਚੇ ਰੂਪ ਵਿਚ ਉਹ ਇਸ ਗੱਲ ਸੰਬੰਧੀ ਪੂਰੇ ਯਤਨ ਕਰਦਾ ਹੈ ਕਿ ਉਹ ਕਰਮਚਾਰੀਆਂ ਨੂੰ ਅਤੇ ਲੀਡਰ ਦੇ ਰੂਪ ਵਿਚ ਉਸ ਵਿਚ ਉਹ ਸਾਰੇ ਗੁਣ ਹੋਣੇ ਚਾਹੀਦੇ ਹਨ ਜਿਹੜੇ ਕਿ ਇਕ ਲੀਡਰ ਵਿਚ ਹੋਣੇ ਜ਼ਰੂਰੀ ਹਨ। ਅਮਰੀਕੀ ਵਿਦਾਵਨ ਡਾ. ਹਾਰਡਿਵਕ ਅਤੇ ਡਾ. ਲੈਂਡਯੂਟ (Dr. Hardwick & Dr. Landuyt) ਨੇ ਇਸ ਸੰਬੰਧ ਵਿਚ ਇਹ ਕਿਹਾ ਹੈ ਕਿ ਸੂਝ ਬੂਝ ਇਕ ਅਜਿਹਾ ਗੁਣ ਹੈ ਜਿਸ ਵਿਚ ਕਿ ਚੁਸਤੀ, ਕਲਪਨਾ, ਰਚਨਾਤਮਕ ਸੂਝ ਬੂਝ, ਨਿਰਣਾ ਅਤੇ ਹਾਲਾਤ ਅਨੁਕੂਲ ਆਪਣੇ ਆਪ ਨੂੰ ਢਾਲ ਸਕਣਾ ਆਦਿ ਸ਼ਾਮਿਲ ਹੁੰਦੇ ਹਨ। ਇਕ ਹੋਰ ਗੁਣ ਉੱਦਮ ਅਤੇ ਸਖਤ ਮਿਹਨਤ ਹੈ, ਜਿਹੜਾ ਕਿ ਚੰਗੇ ਲੀਡਰ ਵਿਚ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਸ਼ਬਦਾਂ ਵਿਚ , ''ਯਤਨ ਭਾਵੇਂ ਕਿਸੇ ਦਿਸ਼ਾਂ ਵਿਚ ਕੀਤਾ ਜਾਵੇ ਸਫਲਤਾ ਸਖਤ ਮਿਹਨਤ ਕਾਰਣ ਹੀ ਪ੍ਰਾਪਤ ਹੁੰਦੀ ਅਤੇ ਲੀਡਰ ਦੇ ਰੂਪ ਵਿਚ ਪ੍ਰਭਾਵਸ਼ਾਲੀ ਹੋਣ ਦੇ ਸੰਬੰਧ ਵਿਚ ਵੀ ਇਸ ਮਿਹਨਤ ਵੱਲ ਛੋਟ ਨਹੀਂ ਦਿੱਤੀ ਜਾ ਸਕਦੀ। ਸਾਧਾਰਨ ਤੌਰ ਤੇ ਮਿਹਨਤ ਤੋਂ ਭਾਵ ਇਹ ਹੈ ਕਿ ਵਿਅਕਤੀ ਲਗਾਤਾਰ ਅਤੇ ਜ਼ੋਰਦਾਰ ਕੋਸ਼ਿਸ਼ਾਂ ਕਰਦਾ ਰਹੇ। ਮਿਹਨਤੀ ਉਸ ਨੂੰ ਕਿਹਾ ਜਾਣਾ ਚਾਹੀਦਾ ਹੈ ਜਿਹੜਾ ਆਪਣੇ ਸਾਹਮਣੇ ਪਏ ਕੇਸ ਨੂੰ ਬਕਾਇਦਾ ਰੂਪ ਵਿਚ ਪੂਰੇ ਜੋਸ਼ ਨਾਲ ਕਰਦਾ ਹੈ।

ਇਸ ਦੇ ਨਾਲ ਹੀ ਉਸ ਦੇ ਮਨ ਵਿਚ ਨੈਤਿਕ ਕੀਮਤਾਂ ਕਦਰਾਂ ਪ੍ਰਤੀ ਆਦਰ ਸਤਿਕਾਰ ਹੋਣਾ ਚਾਹੀਦਾ ਹੈ। ਅਜਿਹਾ ਵਿਅਕਤੀ ਕਦੀ ਵੀ ਚੰਗਾ ਪ੍ਰਸ਼ਾਸਕ ਨਹੀਂ ਬਣ ਸਕਦਾ, ਜਿਹੜਾ ਨੈਤਿਕ ਕੀਮਤਾਂ ਕਦਰਾਂ ਤੋਂ ਕੋਰਾ ਹੋਵੇ। ਉਪਰਕੋਤ ਵਿਦਵਾਨਾਂ ਦੇ ਸ਼ਬਦਾਂ ਵਿਚ ''ਚੰਗੇ ਚਾਲ-ਚਲਣ ਲੀਡਰਸ਼ਿਪ ਲਈ ਜ਼ਰੂਰੀ ਹੁੰਦਾ ਹੈ।'' ਮੁੱਖ ਸਕੱਤਰ ਦੀ ਸ਼ਖਸੀਅਤ ਬਹੁਤ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ। ਉਪਰੋਕਤ ਸਾਰੇ ਗੁਣ ਯਕੀਨੀ ਉਸ ਦੀ ਸ਼ਖਸੀਅਤ ਨੂੰ ਬਹੁਤ ਉੱਚਾ ਤੇ ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਈ ਹੋ ਸਕਦੇ ਹਨ।

ਦੂਜੇ, ਮੁੱਖ ਸਕੱਤਰ ਨੂੰ ਪ੍ਰਸ਼ਾਸਨ ਦੇ ਲੋਕਤੰਤਰੀ ਢੰਗ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਹੈ। ਭਾਰਤ ਵਰਗੇ ਲੋਕਤੰਤਰੀ ਦੇਸ਼ ਵਿਚ ਕੰਮ ਅਫ਼ਸਰ-ਸ਼ਾਹੀ ਵਿਧੀ ਦੀ ਥਾਂ, ਲੋਕਤੰਤਰੀ ਢੰਗ ਨਾਲ ਕਰਨ ਦੀ ਲੋੜ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਕੱਤਰਾਂ ਨੂੰ ਗੈਰ-ਰਸਮੀ ਢੰਗ ਨਾਲ ਮਿਲੇ ਅਤੇ ਵੱਖ ਵੱਖ ਵਿਸ਼ਿਆਂ ਅਤੇ ਸਮੱਸਿਆਵਾਂ ਦੇ ਸੰਬੰਧ ਵਿਚ ਉਨ੍ਹਾਂ ਤੇ ਵਿਚਾਰ ਪ੍ਰਾਪਤ ਕਰੇ। ਉਹ ਬਹੁਤ ਸਾਰੀਆਂ ਨੀਤੀ-ਕਮੇਟੀਆਂ ਵਿਚ ਵੀ ਉਨ੍ਹਾਂ ਨੂੰ ਨਵੇ ਅਤੇ ਹੋਰ ਢੰਗ ਨਾਲ ਉਨ੍ਹਾਂ ਦਾ ਮਿਲਵਰਤਣ ਪ੍ਰਾਪਤ ਕਰਨ ਦਾ ਯਤਨ ਕਰੇ। ਵਿਕੇਂਦ੍ਰੀਕਰਣ ਵਿਚ ਉਸ ਦਾ ਵਿਸ਼ਵਾਸ ਵੀ ਉਸੇ ਨੂੰ ਇਕ ਚੰਗਾ ਪ੍ਰਬੰਧਕ ਬਨਾਉਣ ਵਿਚ ਸਹਾਈ ਹੋ ਸਕਦਾ ਹੈ।

ਤੀਜੇ, ਮੁੱਖ ਸਕੱਤਰ ਨੂੰ ਨਿਗਰਾਨੀ ਦੀ ਵਿਧੀ ਵੀ ਅਪਨਾਉਣੀ ਚਾਹੀਦੀ ਹੈ ਕਿਉਂਕਿ ਚੰਗਾ ਨਿਗਰਾਨ ਹੀ ਚੰਗਾ ਪ੍ਰਸ਼ਾਸਕ ਬਣ ਸਕਦਾ ਹੈ। ਨਿਗਰਾਨੀ ਕਰਦੇ ਸਮੇਂ ਉਸ ਨੂੰ ਮਨੁੱਖੀ ਤੱਤ ਨੂੰ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ, ਜਿਹੜਾ ਕਿ ਹੱਥਲੇ ਕੰਮ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਮਹੱਤਵਪੂਰਣ ਨਹੀਂ ਹੁੰਦਾ।

ਚੋਥੇ, ਸੰਚਾਰ ਦੀ ਵਿਧੀ ਦੇ ਸੰਬੰਧੀ ਵਿਚ ਵੀ ਮੁੱਖ ਸਕੱਤਰ ਨੂੰ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ,

ਕਿਉਂਕਿ ਉਸ ਨੂੰ ਹਰ ਪੱਧਰ ਤੇ ਸੰਚਾਰ ਦੀ ਲੋੜ ਹੈ। ਇਸ ਸੰਬੰਧ ਵਿਚ ਡਾ. ਹਾਰਡਿਕ ਅਤੇਡਾ. ਲੈਂਡਯੁਟ ਦੀ ਸਲਾਹ ਕਾਫੀ ਲਾਭਦਾਇਕ ਸਿੱਧ ਹੋ ਸਕਦੀ ਹੈ। ਪ੍ਰਸਾਸਕੀ ਸੰਚਾਰ ਦੀ ਬਹੁ-ਪੱਖੀ ਵਿਧੀ ਉਪਰ ਫ਼ਿਲਾਸਫੀਅਤ ਢੰਗ ਨਾਲ ਵਿਚਾਰ ਕਰਨ ਤੋਂ ਕਾਫੀ ਫਾਇਦਾ ਉਠਾ ਸਕਦਾ ਹੈ। ਸੰਚਾਰ ਦੁਆਰਾ ਪੂਰੇ ਹੋਣ ਵਾਲੇ ਵੱਖ ਵੱਖ ਉਦੇਸ਼ਾਂ ਦੀ ਵਧੇਰੇ ਮੁਕੰਮਲ ਸੂਝ ਹੀ ਉਸ ਦੀ ਵਰਤੋਂ ਸਬੰਧੀ ਇਕ ਵਿਸ਼ੇਸ਼ ਖੇਤਰ ਉਸ ਲਈ ਖੋਲ ਸਕਦਾ ਹੈ।

ਕੇਵਲ ਉਕਤ ਗੁਣਾਂ ਵਾਲਾ ਵਿਅਕਤੀ ਹੀ ਇਕ ਚੰਗਾ ਅਤੇ ਸੁਯੋਗ ਮੁੱਖ ਸਕੱਤਰ ਸਾਬਿਤ ਹੋ ਸਕਦਾ ਹੈ।

**ਸਿੱਟਾ :** ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਮੁੱਖ ਸਕੱਤਰ ਦਾ ਰਾਜ ਵਿਚ ਮਹੱਤਵਪੂਰਣ ਸਥਾਨ ਹੁੰਦਾ ਹੈ। ਰਾਜ ਦਾ ਸਮੁੱਚਾ ਪ੍ਰਸ਼ਾਸਨ ਉਸ ਦੇ ਦੁਆਲੇ ਘੁੰਮਦਾ ਹੈ। ਉਸਦੀ ਨਿੱਜੀ ਸੁਯੋਗਤਾ ਉਪਰ ਕਾਫੀ ਹੱਦ ਤਕ ਰਾਜ ਪ੍ਰਸ਼ਾਸਨ ਦੀ ਸੁਯੋਗਤਾ ਨਿਰਭਰ ਕਰਦੀ ਹੈ। ਕੈਬਨਿਟ ਮੰਤਰੀਆਂ ਅਤੇ ਹੋਰ ਮੰਤਰੀਆਂ ਨੂੰ ਉਸ ਦਾ ਸਲਾਹ ਮਸ਼ਵਰਾ ਰਾਜ ਵਿਚ ਠੀਕ ਕਿਸਮ ਦੀਆਂ ਨੀਤੀਆਂ ਘੜਨ ਵਿਚ ਸਹਾਈ ਹੁੰਦਾ ਹੈ ਅਤੇ ਇਸ ਪ੍ਰਕਾਰ ਸਬੰਧਤ ਰਾਜ ਦੀ ਉੱਨਤੀ ਹੁੰਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿਸੇ ਯੋਗ ਵਿਅਕਤੀ ਨੂੰ ਹੀ ਮੁੱਖ ਸਕੱਤਰ ਦੇ ਆਹੁਦੇ ਤੇ ਨਿਯੁਕਤ ਕੀਤਾ ਜਾਵੇ।

## ਹਵਾਲਾ ਪੁਸਤਕਾਂ


1. ਪਾਈ ਅਤੇ ਰੇਡੀ : ਸੈਕਟਰੀਏਟ ਐਂਡ ਹੈੱਡ ਆਫ ਡੀਪਾਰਟਮੈਂਟ
   (M.R. Pai and G.R. Reddy : Secretariat and Head of Department)
2. ਹਾਰਡਵਿਕ ਐਂਡ ਲੈਂਡਯੁਟ : ਐਡਮਨਿਸਟਰੇਟਿਵ ਸਟਰੈਟੇਜੀ ਐਂਡ ਡੀਸੀਜ਼ਨ-ਮੇਕਿੰਗ
   (Hardwick and Landiuyt : Administrative strategy and Decision-making)
3. ਮਹਿਤਾ ਬੀ. , : ਸਮ ਥਾਟਸ ਆਨ ਸਟੇਟ ਐਡਮਨਿਸਟਰੇਸ਼ਨ।
   (Mehta, B.: Some Thoughts on State Administration)
4. ਚੰਦਾ ਏ. : ਇੰਡੀਅਨ ਐਡਮਨਿਸਟਰੇਸ਼ਨ।
   (Chanda, A. : Indian Administration)
5. ਬਿਸਵਾਸ ਅਤੇ ਅਗਰਵਾਲ ਐਜੂਕੇਸ਼ਨ ਇੰਨ ਇੰਡੀਆ
   (Biswas and Aggarwal : Education in India)
6. ਪੰਜਾਬ ਸਰਕਾਰ ਪੈਂਮਫਲਟਸ।
   (Punjab Govt. Pamphlets)
7. ਸਨਸਾਰ ਸਿੰਘ ਜੰਜੂਆਂ : ਲੋਕ ਪ੍ਰਸ਼ਾਸਨ-ਦੇ ਪ੍ਰਸ਼ਾਸਕੀ ਸਿਧਾਂਤ (ਪੰਜਾਬੀ ਐਡੀਸ਼ਨ, 1968)
8. ਹਰਬੀਰ ਸਿੰਘ : ਭਾਰਤੀ ਪ੍ਰਸ਼ਾਸਨ
9. ਸਾਹਿਬ ਸਿੰਘ, ਸਵਿੰਦਰ ਸਿੰਘ : ਲੋਕ ਪ੍ਰਸ਼ਾਸਨ – ਸਿਧਾਂਤ ਅਤੇ ਵਿਵਹਾਰ
10. ਪੂਰੀ ਅਤੇ ਬਰਾਰਾ : ਲੋਕ ਪ੍ਰਸ਼ਾਸਨ ਦੇ ਤੱਤ।


## ਸੁਝਾਏ ਗਏ ਪ੍ਰਸ਼ਨ

1. ਰਾਜ ਦੇ ਮੁੱਖ-ਮੰਤਰੀ ਦੇ ਕਾਰਜਾਂ ਅਤੇ ਭੂਮਿਕਾ ਦੀ ਸਮੀਖਿਆ ਕਰੋ। ਉਸ ਨੂੰ ਪਦ-ਮੁਕਤ ਕਿਵੇਂ ਕੀਤਾ ਜਾ ਸਕਦਾ ਹੈ।
2. ਆਪਣੇ ਰਾਜ ਦੇ ਲੋਕ ਆਯੋਗ ਦੇ ਮੁੱਖ ਕਾਰਜਾਂ ਦਾ ਵਰਣਨ ਕਰੋ।
3. ਰਾਜ ਦੇ ਗਵਰਨਰ ਦੀ ਨਿਯੁਕਤੀ ਕਿਵੇਂ ਕੀਤੀ ਜਾਂਦੀ ਹੈ? ਉਸ ਦੀ ਵੱਖ-ਵੱਖ ਸ਼ਕਤੀਆਂ ਤੇ ਵਿਸਤਾਰ-ਪੂਰਵਕ ਨੋਟ ਲਿਖੋ।
4. ਰਾਜ ਦੇ ਸਕੱਤਰ ਵਿਚ ਮੁੱਖ ਸਕੱਤਰ ਦੀ ਭੂਮਿਕਾ ਤੇ ਵਿਚਾਰ ਪੇਸ਼ ਕਰੋ।

**ਪਾਠ ਨੰ: 2.3**

## ਰਾਜ ਵਿਧਾਨ-ਮੰਡਲ

ਭਾਰਤੀ ਸੰਵਿਧਾਨ ਨੇ ਸੰਘਾਤਮਕ ਸਰਕਾਰ ਸਥਾਪਿਤ ਕੀਤੀ ਹੈ। ਭਾਵ ਇਕ ਸਰਕਾਰ ਕੇਂਦਰ ਵਿਚ ਹੁੰਦੀ ਹੈ ਅਤੇ ਉਸੇ ਤਰ੍ਹਾਂ ਹਰ ਰਾਜ ਵਿਚ ਵੀ ਇਕ ਸਰਕਾਰ ਹੁੰਦੀ ਹੈ। ਕੇਂਦਰ ਅਤੇ ਰਾਜਾਂ ਵਿਚ ਸਰਕਾਰ ਦਾ ਸਰੂਪ ਸੰਸਦੀ ਹੈ। ਨਤੀਜੇ ਵਜੋਂ ਰਾਜ ਸਰਕਾਰ ਦੀ ਬਣਤਰ ਕੇਂਦਰ ਸਰਕਾਰ ਵਾਲੀ ਹੀ ਹੁੰਦੀ ਹੈ। ਜਿਵੇ ਕੇਂਦਰ ਵਿਚ ਸੰਸਦ ਅਤੇ ਰਾਸ਼ਟਰਪਤੀ ਹੁੰਦਾ ਹੈ ਉਵੇਂ ਹੀ ਰਾਜਾਂ ਵਿਚ ਰਾਜ ਵਿਧਾਨ ਮੰਡਲ ਅਤੇ ਗਵਰਨਰ ਹੁੰਦਾ ਹੈ। ਇਸ ਵਿਚ ਇਕ ਵੱਡਾ ਫਰਕ ਇਹ ਹੈ ਕਿ ਰਾਜ ਵਿਧਾਨ ਮੰਡਲ ਕੇਂਦਰੀ ਸੰਸਦ ਨਾਲੋਂ ਕਾਫੀ ਕਮਜ਼ੋਰ ਹੁੰਦੇ ਹਨ। ਉਨ੍ਹਾਂ ਵਿਚੋਂ ਕੁਝ ਤਾਂ ਦੋ-ਸਦਨੀ ਹਨ ਅਤੇ ਕੁਝ ਰਾਜਾਂ ਵਿਚ ਇਕ ਸਦਨੀ ਹਨ। ਰਾਜ ਵਿਧਾਨ-ਮੰਡਲ ਦੇ ਹੇਠਲੇ ਸਦਨ ਨੂੰ ਵਿਧਾਨ ਸਭਾ ਕਿਹਾ ਜਾਂਦਾ ਹੈ, ਵਿਧਾਨ ਸਭਾ ਹਰ ਰਾਜ ਵਿਚ ਹੁੰਦੀ ਹੈ। ਪੰਜ ਰਾਜਾਂ ਵਿਚ ਉਪਰਾਲਾ ਸਦਨ ਵੀ ਹੈ, ਜਿਸ ਨੂੰ ਵਿਧਾਨ ਪ੍ਰੀਸ਼ਦ ਕਿਹਾ ਜਾਂਦਾ ਹੈ।ਦੋ ਮੁੱਖ ਗੱਲਾ ਇਸ ਪ੍ਰਕਾਰ ਹਨ, ਪਹਿਲੀ ਇਹ ਕਿ ਰਾਜ ਵਿਧਾਨ-ਮੰਡਲ ਵਿਚ ਵਿਧਾਨ ਸਭਾ ਇਕ ਸ਼ਕਤੀਸ਼ਾਲੀ ਸਦਨ ਹੁੰਦਾ ਹੈ, ਪ੍ਰੰਤੂ ਵਿਧਾਨ ਪ੍ਰੀਸ਼ਦ ਇਕ ਸਜਾਵਟੀ ਸਦਨ ਹੁੰਦਾ ਹੈ, ਜਿਸ ਕੋਲ ਬਹੁਤ ਘੱਟ ਸ਼ਕਤੀਆਂ ਹੁੰਦੀਆਂ ਹਨ। ਦੂਸਰੇ, ਰਾਜ ਵਿਧਾਨ ਸਭਾਵਾਂ ਦਾ ਕਾਰਜ ਖੇਤਰ ਰਾਜ ਸੂਚੀ ਵਿਚ ਦਿੱਤੇ ਵਿਸ਼ਿਆ ਉਤੇ ਕਾਨੂੰਨ ਬਣਾਉਣ ਤਕ ਸੀਮਿਤ ਹੁੰਦਾ ਹੈ।

### ਵਿਧਾਨ-ਪ੍ਰੀਸ਼ਦ

ਜਿਵੇਂ ਕਿ ਉਪਰ ਦਸਿਆ ਗਿਆ ਹੈ ਕਿ ਭਾਰਤ ਦੇ ਕੇਵਲ ਪੰਜ ਰਾਜਾਂ ਵਿਚ ਵਿਧਾਨ ਮੰਡਲ ਦਾ ਉਪਰਲ ਸਦਨ ਹੈ। ਜਿਥੇ ਵਿਧਾਨ ਸਭਾ ਦੇ ਦੋ ਸਦਨ ਹੁੰਦੇ ਹਨ ਉਥੇ ਵਿਧਾਨ-ਪ੍ਰੀਸ਼ਦ ਦੇ ਕੁਲ ਮੈਂਬਰਾਂ ਦੀ ਗਿਣਤੀ ਘਟ ਤੋਂ ਘਟ 40 ਅਤੇ ਵਧ ਤੋਂ ਵਧ ਰਾਜ ਵਿਧਾਨ ਸਭਾ ਦੀ ਕੁਲ ਗਿਣਤੀ ਦਾ ਇਕ ਤਿਹਾਈ ਹੁੰਦੀ ਹੈ। ਇਹ ਸੰਸਦ ਦੀਆਂ ਵਿਧਾਨਿਕ ਸ਼ਕਤੀਆਂ ਵਿਚ ਸ਼ਾਮਿਲ ਹੁੰਦਾ ਹੈ ਕਿ ਉਹ ਵਿਧਾਨ ਪ੍ਰੀਸ਼ਦ ਸਥਾਪਿਤ ਕਰੇ ਜਾਂ ਤੋੜ ਦੇਵੇ। ਜੇਕਰ ਕਿਸੇ ਰਾਜ ਦੀ ਵਿਧਾਨ ਸਭਾ ਦੋ ਤਿਹਾਈ ਬਹੁਮਤ ਨਾਲ ਇਹ ਪ੍ਰਸਤਾਵ ਪਾਸ ਕਰਨ ਕਿ ਉਥੇ ਦੂਸਰਾ ਬਣਾਇਆ ਜਾ ਖਤਮ ਕੀਤਾ ਜਾਵੇ ਤਾਂ ਸੰਸਦ ਉਸ ਸਬੰਧੀ ਕਾਨੂੰਨ ਬਣਾਉਂਦੀ ਹੈ ਅਤੇ ਉਸ ਰਾਜ ਵਿਚ ਦੂਜਾਸਦਨ ਸਥਾਪਿਤ ਕੀਤਾ ਜਾ ਸਕਦਾ ਹੈ ਜਾਂ ਖਤਮ ਕੀਤਾ ਜਾ ਸਕਦਾ ਹੈ। ਪੰਜਾਬ ਅਤੇ ਪੱਛਮੀ ਬੰਗਾਲ ਵਿਚ ਵਿਧਾਨ ਪ੍ਰੀਸ਼ਦ ਨੂੰ ਸੰਸਦ ਕਾਨੂੰਨ ਦੁਆਰਾ ਹੀ ਖਤਮ ਕੀਤਾ ਗਿਆ ਸੀ। ਇਹ ਸਪੱਸ਼ਟ ਹੈ ਕਿ ਵਿਧਾਨ-ਪ੍ਰੀਸ਼ਦ ਦੀ ਜ਼ਿੰਦਗੀ ਸੰਸਦ ਅਤੇ ਵਿਧਾਨ ਸਭਾ ਦੇ ਹੱਥ ਵਿਚ ਹੁੰਦੀ ਹੈ।

**ਬਣਾਵਟ :** ਵਿਧਾਨ ਪ੍ਰੀਸ਼ਦ ਦੀ ਬਣਤਰ ਨਿਮਨ ਫਾਰਮੂਲੇ ਅਨੁਸਾਰ ਨਿਰਧਾਰਿਤ ਹੁੰਦੀ ਹੈ, ਜੋ ਕਿ ਅਸਿੱਧੀ ਚੋਣ ਰਾਹੀਂ ਹੁੰਦੀ ਹੈ। (ਕੁਝ ਸੀਟਾਂ ਗਵਰਨਰ ਦੇ ਹੱਥ ਛੱਡ ਕੇ, ਜੋ ਕਿ ਮਨੋਨੀਤ ਹੁੰਦੇ ਹਨ) ਬਾਕੀ ਅਨੁਪਾਤਕ ਪ੍ਰਤੀਨਿਧਤਾ ਦੇ ਆਧਾਰ ਤੇ ਚੁਣੇ ਜਾਂਦੇ ਹਨ।

(1) ਲਗਭਗ 1/3 ਮੈਂਬਰ ਵਿਧਾਨ ਸਭਾ ਚੁਣਦੀ ਹੈ, ਜਿਹੜੇ ਇਸ ਦੇ ਭਾਵ ਵਿਧਾਨ ਸਭਾ ਦੇ ਮੈਂਬਰ ਨਹੀਂ ਹੁੰਦੇ।

(2) ਲਗਭਗ 1/3 ਮੈਂਬਰ ਉਹ ਹੁੰਦੇ ਹਨ, ਜਿਹੜੇ ਨਗਰਪਾਲਿਕਾ, ਜ਼ਿਲਾ ਬੋਰਡਾਂ ਆਦਿ ਸਥਾਨਕ ਸੰਸਥਾਵਾਂ ਦੁਆਰਾ ਚੁਣੇ ਜਾਂਦੇ ਹਨ।

(3) ਲਗਭਗ 1/12 ਮੈਂਬਰ ਅਧਿਆਪਕਾਂ ਦੁਆਰਾ ਚੁਣੇ ਜਾਂਦੇ ਹਨ, ਜਿਹੜੇ ਘਟੋ-ਘਟ ਤਿੰਨ ਸਾਲ ਕਿਸੇ ਸੈਕੰਡਰੀ ਸਕੂਲ ਵਿਚ ਕੰਮ ਕਰ ਚੁੱਕੇ ਹੋਣ।

(4) ਲਗਭਗ 1/12 ਮੈਂਬਰ ਯੂਨੀਵਰਸਿਟੀ ਦੇ ਗਰੇਜੂਏਟ, ਜੋ ਰਾਜ ਵਿਚ ਤਿੰਨ ਸਾਲਾਂ ਤੋਂ ਰਹਿ ਰਹੇ ਹੋਣ, ਦੁਆਰਾ ਚੁਣੇ ਜਾਂਦੇ ਹਨ।

(5) ਲਗਭਗ 1/6 ਮੈਂਬਰ ਉਹ ਲਏ ਜਾਂਦੇ ਹਨ, ਜਿਨ੍ਹਾਂ ਨੇ ਕਲਾ, ਸਾਹਿਤ, ਵਿਗਿਆਨ ਅਤੇ ਸਹਿਕਾਰੀ ਕੰਮਾਂ ਵਿਚ ਵਧ-ਚੜ ਕੇ ਕੰਮ ਕੀਤਾ ਹੋਵੇ ਅਤੇ ਵਿਸ਼ੇਸ਼ ਕਿਸਮ ਦਾ ਗਿਆਨ ਅਤੇ ਤਜਰਬਾ ਰਖਦੇ ਹੋਣ। ਇਨ੍ਹਾਂ ਨੂੰ ਗਵਰਨਰ ਮਨੋਨੀਤ ਕਰਦਾ ਹੈ।

**ਯੋਗਤਾਵਾਂ ਅਤੇ ਸੇਵਾ-ਕਾਲ :-** ਸੰਵਿਧਾਨ ਅਨੁਸਾਰ, ਵਿਧਾਨ-ਪ੍ਰੀਸ਼ਦ ਦੇ ਮੈਂਬਰ ਕੋਲ ਤਿੰਨ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ। ਸਭ ਤੋਂ ਪਹਿਲਾਂ ਉਹ ਭਾਰਤ ਦਾ ਨਾਗਰਿਕ ਹੋਣਾ ਚਾਹੀਦਾ ਹੈ। ਦੂਜਾ, ਉਹ ਤੀਹ ਸਾਲ ਦੀ ਉਮਰ ਤੋਂ ਘੱਟ ਨਹੀਂ ਹੋਣਾ ਚਾਹੀਦਾ, ਤੀਜਾ, ਉਸ ਦੇ ਕੋਲ ਉਹ ਸਾਰੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ ਜਿਹੜੀਆਂ ਸੰਸਦ ਵਲੋਂ ਨਿਰਧਾਰਿਤ ਹੋਣ। ਕੋਈ ਆਦਮੀ ਰਾਜ ਵਿਧਾਨ ਮੰਡਲ ਦੇ ਦੋਵੇਂ ਸਦਨਾਂ ਦਾ ਇਕੋ ਵੇਲੇ ਮੈਂਬਰ ਨਹੀਂ ਹੋ ਸਕਦਾ, ਨਾ ਹੀ ਸੰਸਦ ਦਾ ਮੈਂਬਰ ਹੋ ਸਕਦਾ ਹੈ। ਇਕ ਮੈਂਬਰ ਦਾ ਸੇਵਾ-ਕਾਲ ਛੇ ਸਾਲ ਹੁੰਦਾ ਹੈ। ਇਹ ਇਕ ਸਥਾਈ ਸਦਨ ਹੁੰਦਾ ਹੈ ਅਤੇ ਇਸ ਦੇ 1/3 ਮੈਂਬਰ ਹਰ ਦੂਜੇ ਸਾਲ ਰਿਟਾਇਰ ਹੋ ਜਾਂਦੇ ਹਨ। ਉਹ ਦੁਬਾਰਾ ਵੀ ਚੁਣੇ ਜਾ ਸਕਦੇ ਹਨ।

**ਕੰਮ ਤੇ ਅਧਿਕਾਰ :** ਵਿਧਾਨ-ਪ੍ਰੀਸ਼ਦ ਕੋਲ ਅਸਰਦਾਇਕ ਸ਼ਕਤੀਆਂ ਨਹੀਂ ਹੁੰਦੀਆਂ । ਇਹ ਸਿਰਫ ਲਿਖਤ ਵਿਚ ਹੀ ਹੈ ਕਿ ਇਸ ਉਪਰਲੇ ਸਦਨ ਕੋਲ ਕੁਝ ਅਧਿਕਾਰ ਹੁੰਦੇ ਹਨ। ਧਨ ਦੇ ਮਾਮਲਿਆਂ ਵਿਚ ਇਸ ਦੇ ਕੋਲ ਕੋਈ ਅਧਿਕਾਰ ਨਹੀਂ ਹੁੰਦੇ। ਵਿਧਾਨ ਸਭਾ ਵਲੋਂ ਜਿਹੜਾ ਵੀ ਧਨ ਬਿਲ ਪਾਸ ਕੀਤਾ ਜਾਂਦਾ ਹੈ, ਉਹ ਇਸ ਦੁਆਰਾ ਵੀ ਅਪਣਾਇਆ ਜਾਣਾ ਚਾਹੀਦਾ ਹੈ ਅਤੇ 14 ਦਿਨਾਂ ਦੇ ਅੰਦਰ ਅੰਦਰ ਪ੍ਰਵਾਨ ਕਰਨਾ ਹੁੰਦਾ ਹੈ। ਧਨ ਬਿਲ ਕੇਵਲ ਉਸ ਕੋਲ ਪ੍ਰਾਪਤ ਸਹੂਲਤਾਂ ਕਾਰਨ ਭੇਜਿਆ ਜਾਂਦਾ ਹੈ। ਗੈਰ-ਧਨ ਬਿਲ ਰਾਜ ਵਿਧਾਨ ਮੰਡਲ ਦੇ ਦੋਹਾਂ ਸਦਨਾਂ ਦੁਆਰਾ ਪਾਸ ਕਰਵਾਇਆ ਜਾ ਸਕਦਾਹੈ, ਇਹ ਪ੍ਰਬੰਧ ਹੈ ਕਿ ਰਾਜ ਵਿਧਾਨ ਸਭਾ ਵਲੋਂ ਪਹਿਲਾਂ ਪਾਸ ਕੀਤੇ ਬਿਲ ਨੂੰ ਜੇਕਰ ਵਿਧਾਨ-ਪ੍ਰੀਸ਼ਦ ਕਿਸੇ ਗੈਰ ਵਿੱਤੀ ਬਿਲ ਨੂੰ ਤਿੰਨ ਮਹੀਨੇ ਤਕ ਪਾਸ ਨਾ ਕਰੇ ਜਾਂ ਕੁਝ ਸਿਫਾਰਿਸ਼ਾਂ ਸਹਿਤ ਵਿਧਾਨ ਸਭਾ ਨੂੰ ਵਾਪਸ ਭੇਜ ਦੇਵੇ ਤਾਂ ਵਿਧਾਨ ਸਭਾ ਉਹਨ੍ਹਾਂ ਸਿਫਾਰਿਸ਼ਾਂ ਨੂੰ ਮੰਨ ਕੇ ਜਾਂ ਬਿਨਾਂ ਮੰਨੇ ਦੁਬਾਰਾ ਬਿਲ ਪਾਸ ਕਰਕੇ ਵਿਧਾਨ ਪ੍ਰੀਸ਼ਦ ਨੂੰ ਭੇਜਦੀ ਹੈ।

ਮੰਤਰੀ-ਮੰਡਲ ਉਤੇ ਵਿਧਾਨ-ਪ੍ਰੀਸ਼ਦ ਦਾ ਕੋਈ ਅਸਲ ਕੰਟਰੋਲ ਨਹੀਂ ਹੁੰਦਾ। ਮੁੱਖ ਮੰਤਰੀ ਅਤੇ ਉਸ ਦੇ ਮੰਤਰੀ ਸਾਥੀ ਵਿਧਾਨ ਸਭਾ ਦੇ ਕੰਟਰੋਲ ਵਿਚ ਹੁੰਦੇ ਹਨ। ਵਿਧਾਨ ਪ੍ਰੀਸ਼ਦ ਦੇ ਮੈਂਬਰ ਵੱਧ ਤੋਂ ਵੱਧ ਮੰਤਰੀਆਂ ਨੂੰ ਉਨ੍ਹਾਂ ਦੀਆਂ ਨੀਤੀਆਂ ਬਾਰੇ ਸਵਾਲ ਪੁਛ ਸਕਦੇ ਹਨ ਜਾਂ ਆਲੋਚਨਾ ਕਰ ਸਕਦੇ ਹਨ। ਸੰਵਿਧਾਨ ਇਸ ਬਾਰੇ ਕੋਈ ਸਪੱਸ਼ਟ ਬਿਆਨ ਨਹੀਂ ਦੇਂਦਾ ਕਿ ਰਾਜਾਂ ਦੀ ਸੰਵਿਧਾਨਿਕ ਤਬਦੀਲੀ ਵਾਲਾ ਕੋਈ ਬਿਲ ਜਦੋਂ ਰਾਜ ਵਿਧਾਨ ਮੰਡਲ ਨੂੰ ਭੇਜਿਆ ਜਾਂਦਾ ਹੈ ਤਾਂ ਕਿ ਵਿਧਾਨ ਪ੍ਰੀਸ਼ਦ ਨੂੰ ਇਸ ਸਮੇਂ ਸ਼ਾਮਲ ਕਰਨਾ ਜਰੂਰੀ ਹੈ ਜਾਂ ਨਹੀਂ। ਆਮ ਪ੍ਰਥਾ ਇਹ ਰਹੀ ਹੈ ਕਿ ਉਸ ਸਮੇਂ ਵਿਧਾਨ ਸਭਾ ਹੀ ਛਾਈ ਰਹਿੰਦੀ ਹੈ। ਜੇ ਵਿਧਾਨ ਪ੍ਰੀਸ਼ਦ, ਰਾਜ ਵਿਧਾਨ ਸਭਾ ਨਾਲ ਸਹਿਮਤ ਹੋ ਜਾਵੇ ਤਾਂ ਠੀਕ ਹੈ, ਜੇ ਸਹਿਮਤ ਨਾ ਹੋਵੇ ਤਾਂ ਵੀ ਵਿਧਾਨ ਸਭਾ ਉਸ ਨੂੰ ਲਾਂਭੇ ਕਰਕੇ ਬਿਲ ਪਾਸ ਕਰ ਦਿੰਦੀ ਹੈ, ਜਿਵੇਂ ਕਿ ਉਹ ਗੈਰ-ਵਿੱਤੀ ਬਿਲਾਂ ਵਿਚ ਕਰਦੀ ਹੈ।

ਇਹ ਸਪਸ਼ਟ ਹੋ ਗਿਆ ਹੈ ਕਿ ਵਿਧਾਨ ਪ੍ਰੀਸ਼ਦ ਦੀ ਪੁਜੀਸ਼ਨ ਬੜੀ ਤਰਸਯੋਗ ਹੁੰਦੀ ਹੈ। ਲਿਖਤ ਵਿਚ ਵੀ ਇਹ ਕੇਂਦਰੀ ਰਾਜ ਸਭਾ ਦੇ ਬਰਾਬਰ ਨਹੀਂ ਹੁੰਦੀ। ਰਾਜ ਸਭਾ ਕੋਲ ਕੇਂਦਰੀ ਵਿਧਾਨ ਮੰਡਲ ਦੇ ਉਪਰਲੇ ਚੈਂਬਰ ਦੇ ਨਾਤੇ ਕੁਝ ਅਧਿਕਾਰ ਹੁੰਦੇ। ਅਸਲ ਵਿਚ ਵਿਧਾਨ ਪ੍ਰੀਸ਼ਦ ਇੰਗਲੈਂਡ ਦੇ ਹਾਊਸ ਆਫ ਲਾਰਡਜ਼ ਨਾਲੋਂ ਵੀ ਕੁਝ ਪੱਖਾਂ ਤੋਂ ਕਮਜ਼ੋਰ ਹੁੰਦੀ ਹੈ।

(1) ਇਹ ਵਿਤੀ ਬਿਲਾਂ ਨੂੰ ਚੌਦਾਂ ਦਿਨਾਂ ਤੱਕ ਕੇਵਲ ਲਟਕਾ ਸਕਦੀ ਹੈ ਅਤੇ ਗੈਰ-ਵਿੱਤੀ ਬਿਲਾਂ ਦੇ ਮਾਮਲੇ ਵਿਚ ਪਹਿਲੀ ਵਾਰ ਤਿੰਨ ਮਹੀਨੇ ਤਕ ਅਤੇ ਪੁਨਰ ਪ੍ਰਾਪਤ ਕੀਤੇ ਬਿਲਾਂ ਨੂੰ ਇਕ ਮਹੀਨੇ ਤੱਕ ਲਟਕਾ

1. M.P. Sharma : The Government of the Indian Republic, V.Ed., P. 225.

ਸਕਦੀ ਹੈ। ਇਸ ਤਰ੍ਹਾਂ ਵਿਧਾਨ ਪ੍ਰੀਸ਼ਦ ਇਕ ਗੈਰ-ਵਿੱਤੀ ਬਿਲ ਨੂੰ ਕੁਲ 4 ਮਹੀਨੇ ਤਕ ਰੋਕ ਸਕਦੀ ਹੈ।

(2) ਸੰਵਿਧਾਨ ਵਿਚ ਅਜਿਹਾ ਕੋਈ ਪ੍ਰਬੰਧ ਨਹੀਂ ਹੈ ਕਿ ਰਾਜ ਵਿਧਾਨ ਮੰਡਲ ਦਾ ਇਕੱਠਾ ਸੈਸ਼ਨ ਬੁਲਾਇਆ ਜਾ ਸਕੇ। ਇਸ ਕਰਕੇ ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਦੀ ਮਰਜ਼ੀ, ਤੋਂ ਉਲਟ ਚਲ ਸਕਦੀ ਹੈ ਪਰ ਉਸ ਲਈ ਉਲਟ ਚਲਣਾ ਅਸੰਭਵ ਹੈ। ਦੂਜੇ ਸ਼ਬਦਾਂ ਵਿਚ ਵਿਧਾਨ-ਪ੍ਰੀਸ਼ਦ ਵਲੋਂ ਕੋਈ ਗੈਰ-ਵਿੱਤੀ ਬਿਲ ਪਾਸ ਕੀਤਾ ਹੋਣ ਦੇ ਬਾਵਜੂਦ ਵੀ ਵਿਧਾਨ ਸਭਾ ਇਸ ਨੂੰ ਅਪ੍ਰਵਾਨ ਕਰ ਸਕਦੀ ਹੈ।

(3) ਵਿਧਾਨ ਪ੍ਰੀਸ਼ਦ ਦੇ ਮੈਂਬਰ ਰਾਸ਼ਟਰਪਤੀ ਦੀ ਚੋਣ ਵਿਚ ਹਿੱਸਾ ਨਹੀਂ ਲੈਂਦੇ ਅਤੇ ਨਾ ਹੀ ਸੰਵਿਧਾਨਿਕ ਬਿੱਲ ਦੀ ਤਬਦੀਲੀ ਵੇਲੇ ਇਨ੍ਹਾਂ ਦੀ ਕੋਈ ਮਹੱਤਤਾ ਹੁੰਦੀ ਹੈ।

ਇਸ ਪ੍ਰਕਾਰ ਇਹ ਬੜਾ ਸਪੱਸ਼ਟ ਹੋ ਗਿਆ ਹੈ ਕਿ ਵਿਧਾਨ-ਪ੍ਰੀਸ਼ਦ ਕੋਲ ਕੋਈ ਅਸਲ ਤਾਕਤ ਨਹੀਂ ਹੁੰਦੀ। ਵਿਧਾਨ ਪ੍ਰੀਸ਼ਦ ਅਤੇ ਵਿਧਾਨ ਮੰਡਲ ਦੇ ਅਧਿਕਾਰਾਂ ਵਿਚ ਕੋਈ ਸਮਾਨਤਾ ਨਹੀਂ ਹੁੰਦੀ।[1]

**ਸਥਿਤੀ ਅਤੇ ਉਪਯੋਗਤਾ :–** ਇਹ ਸਵਾਲ ਉਠ ਸਕਦਾ ਹੈ ਕਿ ਰਾਜ ਵਿਧਾਨ ਮੰਡਲ ਦੇ ਉਪਰਲੇ ਸਦਨ ਦੀ ਕੀ ਲੋੜ ਹੈ? ਹੁਣ ਤਕ, ਇਸ ਸਦਨ ਨੇ ਇਹ ਕੰਮ ਕੀਤਾ ਹੈ ਕਿ ਇਸ ਨੇ ਕੁਝ ਇਛੁਕ ਲੋਕਾਂ ਨੂੰ ਪ੍ਰਤਿਸ਼ਠਿਤ ਸਥਾਨ ਜਾਂ ਅਹੁਦਾ ਦਿਵਾਇਆ ਹੈ। ਸ਼ਕਤੀਸ਼ਾਲੀ ਨੇਤਾ ਆਪਣੇ ਬੰਦਿਆਂ ਨੂੰ ਉਪਰਲੇ ਚੈਂਬਰ ਵਿਚ ਸਥਾਨ ਦਿਵਾ ਦੇਂਦੇ ਹਨ। ਇਸ ਤਰ੍ਹਾਂ ਦੋ-ਸਦਨੀ ਵਿਧਾਨ ਮੰਡਲ ਵਿਚ ਉਪਰਲਾ ਸਦਨ ਮਹੱਤਵਪੂਰਣ ਹੋਣ ਦੀ ਥਾਂ ਇਕ ਅੱਡਾ ਹੈ, ਜਿਥੇ ਕਿ ਰਾਜ ਕਰ ਰਹੀ ਪਾਰਟੀ ਦੇ ਸ਼ਕਤੀਸ਼ਾਲੀ ਨੇਤਾ ਮਿਲ ਸਕਦੇ ਹਨ। ਸਾਨੂੰ ਪਤਾ ਹੈ ਕਿ ਇਸ ਦੂਜੇ ਸਦਨ ਦੇ ਰਾਜਾਂ ਦੇ ਰਾਜਨੀਤੀ ਸੰਬੰਧੀ ਕੰਮਾਂ ਵਿਚ ਕੋਈ ਹਿੱਸਾ ਨਹੀਂ ਪਾਇਆ। ਕਿਸੇ ਰਾਜ ਵਿਚ ਉਪਰਲਾ ਸਦਨ ਸ਼ੁਰੂ ਕਰਨਾ ਜਾਂ ਖਤਮ ਕਰਨਾ ਵੀ ਰਾਜਨੀਤੀ ਨਾਲ ਪ੍ਰੇਰਿਤ ਹੈ। ਉਦਾਹਰਣ ਦੇ ਲਈ ਮੱਧ ਪ੍ਰਦੇਸ਼ ਵਿਚ ਵਿਧਾਨ-ਪ੍ਰੀਸ਼ਦ ਨਹੀਂ ਸਥਾਪਿਤ ਕੀਤੀ ਗਈ, ਹਾਲਾਂਕਿ ਉਥੇ ਦੀ ਵਿਧਾਨ ਸਭਾ ਨੇ ਇਸ ਸੰਬੰਧੀ ਮਤਾ ਪਾਸ ਕਰ ਕੇ ਸੰਸਦ ਨੂੰ ਕਿਹਾ ਸੀ।

ਇਸ ਤਰ੍ਹਾਂ 1955 ਵਿਚ, ਬੰਬਈ ਦੀ ਵਿਧਾਨ ਸਭਾ ਵਲੋਂ ਇਹ ਮਤਾ ਪਾਸ ਹੋਇਆ ਸੀ ਕਿ ਵਿਧਾਨ ਪ੍ਰੀਸ਼ਦ ਭੰਗ ਕੀਤੀ ਜਾਵੇ, ਲੇਕਿਨ ਕੇਂਦਰ ਨੇ ਉਸ ਦੀ ਗੱਲ ਠੁਕਰਾ ਦਿੱਤੀ। ਦੂਜੇ ਪਾਸੇ 1967 ਵਿਚ ਪੱਛਮੀ ਬੰਗਾਲ ਅਤੇ ਪੰਜਾਬ ਵੱਲੋਂ ਪਾਸ ਕੀਤੇ ਮਤੇ ਪ੍ਰਵਾਨ ਕਰ ਲਏ ਗਏ। ਇਕ ਹੋਰ ਮਹੱਤਵਪੂਰਨ ਮਿਸਾਲ ਵਿਚ, ਅਸੀਂ ਕਹਿ ਸਕਦੇ ਹਾਂ ਕਿ ਕੇਂਦਰ ਸਰਕਾਰ ਨੇ ਬਿਹਾਰ ਅਤੇ ਉੱਤਰ ਪ੍ਰਦੇਸ਼ ਸਰਕਾਰਾਂ ਦੇ ਇਸ ਬਿਲ ਨੂੰ ਪਾਸ ਕਰਨ ਵਿਚ ਢਿੱਲ ਦਿਖਾਈ ਕਿ ਦੂਜਾ ਚੈਂਬਰ, ਖਤਮ ਕਰ ਦਿੱਤਾ ਜਾਵੇ, ਜਦ ਕਿ ਉਥੋਂ ਦੀਆਂ ਵਿਧਾਨ ਸਭਾਵਾਂ ਨੇ ਇਹ ਬਿਲ ਪਹਿਲਾਂ ਹੀ ਪਾਸ ਕੀਤਾ ਹੋਇਆ ਸੀ।

ਸੱਚਾਈ ਇਹ ਹੈ ਕਿ ਵਿਧਾਨ ਪ੍ਰੀਸ਼ਦ ਉਨ੍ਹਾਂ ਮੰਤਰੀਆਂ ਜਾਂ ਮੁੱਖ ਮੰਤਰੀਆਂ ਦੀ ਕੁਰਸੀ ਬਣਾਏ ਰੱਖਣ ਵਿਚ ਮਦਦ ਕਰਦੀਆਂ ਹਨ ਜੋ ਭਾਵੇਂ ਇੰਨੇ ਪ੍ਰਸਿੱਧ ਨੇਤਾ ਨਾ ਵੀ ਹੋਣ। ਸ੍ਰੀ ਰਾਜਾ ਗੋਪਾਲਾਚਾਰੀਆ ਮਦਰਾਸ ਵਿਚੋਂ, ਮੋਰਾਰਜੀ ਡਿਸਾਈ ਬੰਬਈ ਵਿਚੋਂ, ਸੀ. ਬੀ. ਗੁਪਤਾ ਯੂ.ਪੀ. ਵਿਚੋਂ, ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੰਜਾਬ ਵਿਚੋਂ ਅਤੇ ਬੀ.ਪੀ. ਮੰਡਲ ਬਿਹਾਰ ਵਿਚੋਂ ਉਹ ਵਿਅਕਤੀ ਸਨ ਜਿਹੜੇ ਪਹਿਲਾਂ ਵਿਧਾਨ ਪ੍ਰੀਸ਼ਦ ਦੇ ਮੈਂਬਰ ਸਨ ਅਤੇ ਬਾਦ ਵਿਚ ਮੁੱਖ ਮੰਤਰੀ ਬਣੇ।

ਵਿਧਾਨ ਪ੍ਰੀਸ਼ਦਾਂ ਬਾਰੇ ਸਿਧਾਂਤਕ ਤੇ ਵਿਵਹਾਰਕ ਪੱਖਾਂ ਨੂੰ ਵਿਚਾਰਣ ਉਪਰੰਤ ਸਾਡੇ ਮਨ ਵਿਚ ਦੋ ਪ੍ਰਕਾਰ ਦੇ ਸੰਕੇ ਪੈਦਾ ਹੁੰਦੇ ਹਨ। ਸੰਵਿਧਾਨ ਨਿਰਮਾਤਾ ਵੀ ਇਸ ਗੱਲ ਤੋਂ ਡਰਦੇ ਸਨ ਕਿ ਵਿਧਾਨ ਪ੍ਰੀਸ਼ਦ ਦੇ ਮੈਂਬਰ ਜਾਂ ਤਾਂ ਰਾਜਨੀਤਿਕ ਦਲਾਂ ਵਲੋਂ ਕਿਸੇ ਪ੍ਰਕਾਰ ਦੀ ਹਿਮਾਇਤ ਹਨ ਜਾਂ ਬੁਢੇ ਰਾਜਨੀਤੀ ਨੇਤਾਵਾਂ ਲਈ ਇਕ ਪੈਨਸ਼ਨ। ਜਿਹੜੇ ਦੂਜੇ ਚੈਂਬਰ ਦੀ ਹਿਮਾਇਤ ਕਰਦੇ ਹਨ ਉਨ੍ਹਾਂ ਦੇ ਜਾਤੀ ਮਤਲਬ ਹੁੰਦੇ ਹਨ। ਉਹ ਆਪਣੇ ਫਾਇਦੇ ਦੇਖਦੇ ਹਨ, ਲੋਕਾਂ ਦਾ ਸਾਂਝਾ ਲਾਭ ਨਹੀਂ ਦੇਖਦੇ।[1] ਡਾ. ਅੰਬੇਦਕਰ ਜੋ ਕਿ ਇਸ ਡਰਾਫਟਿੰਗ ਕਮੇਟੀ

2. Ibid, 1313.
3. Constituent Assembly Debates, Vol. VII. 1305, dated 6th Jan., 1949

ਦੇ ਚੇਅਰਮੈਨ ਸਨ, ਨੇ ਕਿਹਾ ਕਿ ਅਸੀਂ ਸੰਵਿਧਾਨ ਵਿਚ ਇਸ ਦੂਜੇ ਚੈਂਬਰ ਨੂੰ ਸਿਰਫ ਇਕ ਤਜਰਬੇ ਦੇ ਤੌਰ ਤੇ ਰਖਿਆ ਹੈ।[2]

ਦੂਜਾ, ਰਾਜ ਦੀ ਵਿਧਾਨ ਪ੍ਰੀਸ਼ਦ ਨੂੰ ਬਣਾਉਣ ਜਾਂ ਤੋੜਨ ਵਿਚ ਉਸ ਰਾਜ ਦੇ ਲੋਕਾਂ ਦਾ ਕੋਈ ਹਿੱਸਾ ਨਹੀਂ ਹੁੰਦਾ। ਇਹ ਮਾਮਲਾ ਅੰਤਿਮ ਫੈਸਲੇ ਲਈ ਸੰਸਦ ਕੋਲ ਭੇਜਿਆ ਜਾਂਦਾ ਹੈ। ਇਹ ਆਸ ਕੀਤੀ ਜਾ ਸਕਦੀ ਹੈ ਕਿ ਸੰਸਦ ਆਮ ਤੌਰ ਤੇ ਉਸ ਰਾਜ ਦੇ ਲੋਕਾਂ ਦੀਆਂ ਇਛਾਵਾਂ ਦੇ ਮੁਤਾਬਿਕ ਫੈਸਲਾ ਕਰਦੀ ਹੈ, ਜੋ ਕਿ ਸੰਵਿਧਾਨਿਕ ਢੰਗ ਨਾਲ ਹੁੰਦਾ ਹੈ ਲੇਕਿਨ ਉਹ ਇਸ ਗੱਲ ਲਈ ਬੰਨ੍ਹਿਆ ਹੋਇਆ ਨਹੀਂ ਕਿ ਰਾਜ ਵਿਧਾਨ ਸਭਾ ਨੇ ਇਸ ਬਾਰੇ ਮਤਾ ਪਾਸ ਕਰ ਦਿੱਤਾ ਹੈ ਤਾਂ ਉਸ ਨੇ ਵੀ ਜਰੂਰੀ ਕਰਨਾ ਹੈ। ਕੋਰਟ ਕੋਲ ਕੋਈ ਅਧਿਕਾਰ ਨਹੀਂ ਕਿ ਉਹ ਸੰਸਦ ਨੂੰ ਇਹ ਸੰਵਿਧਾਨਕ ਕੰਮ ਲਈ ਹਮਾਇਤ ਕਰੇ। ਨਤੀਜੇ ਵਜੋਂ ਵਿਧਾਨ ਪ੍ਰੀਸ਼ਦ ਰਾਜ ਵਿਧਾਨ ਮੰਡਲ ਦਾ ਇਕ ਸਜਾਵਟੀ ਸਦਨ ਹੈ।

**ਵਿਧਾਨਸਭਾ**

**ਬਣਤਰ :–** ਹਰੇਕ ਰਾਜ ਵਿਚ ਵਿਧਾਨ-ਮੰਡਲ ਹੁੰਦਾ ਹੈ। ਜੇ ਉਥੇ ਦੋਵੇਂ ਸਦਨ ਹੋਣ ਤਾਂ ਵਿਧਾਨ ਸਭਾ ਉਸ ਦਾ ਹੇਠਲਾ ਸਦਨ ਹੁੰਦਾ ਹੈ। ਨਹੀਂ ਤਾਂ ਕੇਵਲ ਵਿਧਾਨ ਸਭਾ ਹੀ ਹੁੰਦੀ ਹੈ। ਇਸ ਦੇ ਘੱਟੋ ਘੱਟ 60 ਮੈਂਬਰ ਅਤੇ ਵੱਧ ਤੋਂ ਵੱਧ 500 ਮੈਂਬਰ ਹੁੰਦੇ ਹਨ ਜੋ ਕਿ ਰਾਜ ਦੇ ਵੋਟਰਾਂ ਵਲੋਂ ਪ੍ਰਤੱਖ ਰੂਪ ਨਾਲ, ਬਾਲਗ ਮਤਅਧਿਕਾਰ ਦੁਆਰਾ ਚੁਣੇ ਜਾਂਦੇ ਹਨ। ਇਹ ਨਿਰਧਾਰਿਤ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਸੀਟਾ ਰਾਖਵੀ ਹਨ, ਸਿਰਫ ਆਸਾਮ ਰਾਜ ਨੂੰ ਛੱਡ ਕੇ, ਜਿਥੇ ਖਾਸ ਪ੍ਰਬੰਧ ਹਨ, ਗਵਰਨਰ ਨੂੰ ਕੁਝ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੱਤਾ ਹੋਇਆ ਹੈ, ਜੋ ਕਿ ਐਂਗਲੋ-ਇੰਡੀਅਨ ਜਾਤੀ ਵਿਚੋਂ ਲਏ ਜਾਂਦੇ ਹਨ ਜੇ ਉਨ੍ਹਾਂ ਨੂੰ ਸਦਨ ਵਿਚ ਨੁਮਾਇੰਦਗੀ ਨਾ ਮਿਲੀ ਹੋਵੇ। ਹਰੇਕ ਗਣਨਾ ਤੋਂ ਬਾਦ ਹਰੇਕ ਰਾਜ ਦੀਆਂ ਸੀਟਾਂ ਬਾਰੇ ਫੇਰ ਬਦਲ ਕੀਤੀ ਜਾ ਸਕਦੀ ਹੈ। ਲੇਕਿਨ 42ਵੀਂ ਸੋਧ ਨੇ ਇਹ ਕਿਹਾ ਹੈ ਕਿ ਸੀਟਾ ਦੀ ਗਿਣਤੀ ਸੰਨ 2000 ਤੱਕ ਇਹੀ ਰਹੇਗੀ। ਇਹ ਜ਼ਰੂਰੀ ਹੈ ਕਿ ਰਾਜ ਦੀ ਜਨ ਸੰਖਿਆ ਮੁਤਾਬਿਕ ਉਥੋਂ ਦੀਆਂ ਸੀਟਾ ਦਾ ਅਨੁਪਾਤ ਹੋਵੇ ਅਤੇ ਜਿਥੋਂ ਤੱਕ ਹੋ ਸਕੇ ਸਾਰੇ ਰਾਜ ਵਿਚ ਇੰਝ ਹੀ ਹੋਵੇ। ਵੱਖ ਵੱਖ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਸੰਸਦ ਵਲੋਂ ਪਾਸ ਹੋਈਆਂ ਸੀਟਾ ਦੀ ਨਿਰਧਾਰਿਤ ਗਿਣਤੀ ਇਸ ਪ੍ਰਕਾਰ ਹੈ :-

**ਵਿਧਾਨ ਸਭਾਵਾਂ ਵਿਚ ਸੀਟਾਂ ਦੀ ਵੰਡ**

| ਲੜੀ ਨੰ: | ਰਾਜ | ਸੀਟਾਂ | ਨਾਮਜ਼ਦਗੀ |
|---|---|---|---|
| (1) | (2) | (3) | (4) |
| 1. | ਆਂਧਰਾ ਪ੍ਰਦੇਸ਼ | 287 | 1 |
| 2. | ਆਸਾਮ | 114 | – |
| 3. | ਬਿਹਾਰ | 324 | – |
| 4. | ਗੁਜਰਾਤ | 182 | – |
| 5. | ਹਰਿਆਣਾ | 90 | – |
| 6. | ਹਿਮਾਚਲ ਪ੍ਰਦੇਸ਼ | 68 | – |
| 7. | ਜੰਮੂ-ਕਸ਼ਮੀਰ | 67 | – |
| 8. | ਕਰਨਾਟਕ | 216 | 2 |
| 9. | ਕੇਰਲਾ | 133 | 1 |

1. Varinder Grover, "Second Chambers in the Indian States' in Indian Political Science Review, Delhi, Vol. III, 1969, 3-4, pp. 126-27.
2. D.D. Basu, Commentary on the Constitution of India, Vol. VII, Ed. IV, p. 260.

| | | | |
|---|---|---|---|
| 10. | ਮੱਧ-ਪ੍ਰਦੇਸ਼ | 320 | 1 |
| 11. | ਮਹਾਂਰਾਸ਼ਟਰ | 270 | 1 |
| 12. | ਮਨੀਪੁਰ | 60 | – |
| 13. | ਮੇਘਾਲਿਆ | 60 | – |
| 14. | ਨਾਗਾਲੈਂਡ | 60 | – |
| 15. | ਉੜੀਸਾ | 147 | – |
| 16. | ਪੰਜਾਬ | 117 | – |
| 17. | ਰਾਜਸਥਾਨ | 200 | – |
| 18. | ਸਿੱਕਮ | 60 | – |
| 19. | ਤਾਮਿਲਨਾਡੂ | 234 | – |
| 20. | ਤ੍ਰਿਪੁਰਾ | 60 | – |
| 21. | ਉੱਤਰ-ਪ੍ਰਦੇਸ਼ | 425 | – |
| 22. | ਪੱਛਮੀ ਬੰਗਾਲ | 294 | 2 |

**ਯੋਗਤਾ ਤੇ ਸੇਵਾ ਕਾਲ :–** ਵਿਧਾਨ ਸਭਾ ਦੇ ਮੈਂਬਰ ਲਈ ਇਹ ਨਿਰਧਾਰਿਤ ਹੈ ਕਿ ਉਹ ਭਾਰਤ ਦਾ ਵਸਨੀਕ ਹੋਵੇ। ਉਸ ਦੀ ਉਮਰ 25 ਸਾਲ ਤੋਂ ਘੱਟ ਨਾ ਹੋਵੇ ਅਤੇ ਉਹ ਸੰਸਦ ਵਲੋਂ ਨਿਰਧਾਰਿਤ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ। ਕੋਈ ਵੀ ਵਿਅਕਤੀ ਵਿਧਾਨ-ਮੰਡਲ ਦੇ ਦੋਵਾਂ ਸਦਨਾਂ ਦਾ ਮੈਂਬਰ ਨਹੀਂ ਬਣ ਸਕਦਾ। ਆਮ ਤੌਰ ਤੇ ਵਿਧਾਨ ਸਭਾ ਦਾ ਸਮਾਂ 5 ਸਾਲ ਹੁੰਦਾ ਹੈ। ਗਵਰਨਰ ਵਲੋਂ ਕਿਸੇ ਸਮੇਂ ਵੀ ਇਸ ਨੂੰ ਭੰਗ ਕੀਤਾ ਜਾ ਸਕਦਾ ਹੈ। ਇਸ ਨੂੰ ਤੋੜਨ ਜਾਂ ਭੰਗ ਕਰਨ ਦੇ ਆਦੇਸ਼ ਧਾਰਾ-356 ਅਧੀਨ ਰਾਸ਼ਟਰਪਤੀ ਕਰਦਾ ਹੈ। ਦੇਸ਼ ਵਿਚ ਆਪਾਤਕਾਲੀਨ ਦੇ ਸਮੇਂ ਵਿਧਾਨ ਸਭਾ ਦੀ ਮਿਆਦ ਸੰਸਦ ਦੇ ਕਾਨੂੰਨ ਰਾਹੀਂ ਇਕ ਸਾਲ ਵਧਾਈ ਜਾ ਸਕਦੀ ਹੈ। ਆਪਾਤਕਾਲੀਨ ਸਥਿਤੀ ਖਤਮ ਹੋਣ ਤੋਂ ਛੇ ਮਹੀਨੇ ਦੇ ਅੰਦਰ ਫੇਰ ਨਵੀਆਂ ਚੋਣਾਂ ਹੋਣੀਆਂ ਲਾਜ਼ਮੀ ਹੁੰਦੀਆਂ ਹਨ।

**ਕੰਮ ਅਤੇ ਅਧਿਕਾਰ :–** ਰਾਜ ਦੀ ਵਿਧਾਨ ਸਭਾ ਦੇ ਨਿਮਨ ਅਨੁਸਾਰ ਕੰਮ ਅਤੇ ਅਧਿਕਾਰ ਹੁੰਦੇ ਹਨ

(1) ਰਾਜ ਦੀ ਸੂਚੀ ਦੇ ਕਿਸੇ ਵੀ ਵਿਸ਼ੇ ਉਤੇ ਇਹ ਕਾਨੂੰਨ ਬਣਾ ਸਕਦੀ ਹੈ। ਇਹ ਸਮਵਰਤੀ ਸੂਚੀ ਦੇ ਵਿਸ਼ੇ ਬਾਰੇ ਵੀ ਕਾਨੂੰਨ ਬਣਾ ਸਕਦੀ ਹੈ ਪਰ ਇਸ ਬਾਰੇ ਸੰਸਦ ਦੁਆਰਾ ਬਣਾਏ ਕਾਨੂੰਨ ਨਾਲ ਜੇ ਮਤਭੇਦ ਹੋਵੇ ਤਾਂ ਸੰਸਦ ਦਾ ਕਾਨੂੰਨ ਹੀ ਲਾਗੂ ਹੋਵੇਗਾ। (2) ਇਸ ਦਾ ਮੰਤਰੀ ਮੰਡਲ ਉੱਤੇ ਪੂਰਾ ਕੰਟਰੋਲ ਹੁੰਦਾ ਹੈ। ਇਸ ਦੇ ਮੈਂਬਰ ਮੰਤਰੀਆਂ ਨੂੰ ਸਵਾਲ ਕਰ ਸਕਦੇ ਹਨ ਮਤੇ ਪਾਸ ਕਰਦੇ ਹਨ ਅਤੇ ਸਰਕਾਰ ਨੂੰ ਭੰਗ ਕਰਨ ਵਾਸਤੇ ਵੀ ਅਧਿਕਾਰ ਰਖਦੇ ਹਨ। ਸਾਰਾ ਮੰਤਰੀ ਮੰਡਲ ਵਿਧਾਨ ਸਭਾ ਦੇ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ। ਵਿਧਾਨ ਸਭਾ ਵਿਚ ਮੰਤਰੀ ਮੰਡਲ ਦੀ ਹਾਰ ਦਾ ਅਰਥ ਹੈ, ਉ ਦੇ ਖਿਲਾਫ ਬੇਯਕੀਨੀ ਦਾ ਮਤਾ ਪਾਸ ਕਰਨਾ। (3) ਇਹ ਰਾਜ ਦੇ ਵਿੱਤ ਨੂੰ ਕੰਟਰੋਲ ਕਰਦੀ ਹੈ। ਵਿਧਾਨ ਸਭਾ ਵਿਚ ਧਨ ਬਿਲ ਪੇਸ਼ ਕੀਤਾ ਜਾਂਦਾ ਹੈ ਅਤੇ ਵਿਧਾਨ ਪ੍ਰੀਸ਼ਦ ਇਸ ਨੂੰ ਚੋਦਾ ਦਿਨਾਂ ਅੰਦਰ ਪਾਸ ਕਰ ਦੇਂਦੀ ਹੈ। ਕੋਈ ਵੀ ਕਰ ਵਿਧਾਨ ਸਭਾ ਦੀ ਇਜ਼ਾਜਤ ਬਿਨਾਂ ਨਾ ਤਾਂ ਲਗਾਇਆ ਜਾਂਦਾ ਹੈ ਅਤੇ ਨਾ ਹਟਾਇਆ ਜਾਂਦਾ ਹੈ। (4) ਇਸ ਕੋਲ ਸੰਵਿਧਾਨਿਕ ਸੋਧ ਸ਼ਕਤੀ ਵੀ ਹੁੰਦੀ ਹੈ। ਧਾਰਾ 368 ਅਧੀਨ, ਜਿਹੜਾ ਸੋਧ ਬਿਲ ਸੰਸਦ ਦੁਆਰਾ ਪਾਸ ਹੋਣ ਤੋਂ ਰਾਜਾਂ ਦੀ ਪੁਸ਼ਟੀ ਲਈ ਭੇਜਿਆ ਜਾਂਦਾ ਹੈ, ਉਸ ਸੰਬੰਧੀ ਵਿਧਾਨ ਸਭਾ ਆਪਣਾ ਰੋਲ ਅਦਾ ਕਰਦੀ ਹੈ। (5) ਵਿਧਾਨ ਸਭਾ ਕੋਲ ਹੋਰ ਵੀ ਅਧਿਕਾਰ ਹਨ : (ੳ) ਉਹ ਆਪਣੇ ਸਪੀਕਰ ਅਤੇ ਡਿਪਟੀ ਸਪੀਕਰ ਖੁਦ ਚੁਣਦੀ ਹੈ ਅਤੇ ਜਦੋਂ ਉਹਨਾਂ ਦੇ ਖਿਲਾਫ ਬੇਯਕੀਨੀ ਦਾ ਵੋਟ ਪਾਸ ਹੋਵੇ ਤਾਂ ਉਨ੍ਹਾਂ ਨੂੰ ਹਟਾ ਵੀ ਸਕਦੀ ਹੈ। (ਅ) ਇਹ ਭਾਰਤ ਦੇ

ਰਾਸ਼ਟਰਪਤੀ ਦੀ ਚੋਣ ਵਿਚ ਵੀ ਹਿੱਸਾ ਲੈਂਦੀ ਹੈ। (ੲ) ਇਹ ਉਨ੍ਹਾਂ ਆਜ਼ਾਦ ਏਜੰਸੀਆਂ ਜਿਵੇਂ ਕਿ ਰਾਜ ਪਬਲਿਕ ਸਰਵਿਸ ਕਮਿਸ਼ਨ, ਆਡੀਟਰ ਜਨਰਲ ਆਦਿ ਦੀਆਂ ਰਿਪੋਰਟਾਂ ਉੱਤੇ ਵਿਚਾਰ ਕਰਦੀ ਹੈ।

ਇਸ ਲਈ ਰਾਜ ਵਿਧਾਨ ਮੰਡਲ ਦਾ ਇਕ ਮਹੱਤਵਪੂਰਨ ਚੈਂਬਰ ਹੁੰਦਾ ਹੈ ਅਤੇ ਵਿਧਾਨ ਸਭਾ ਉਤਨੇ ਹੀ ਖੇਤਰ ਵਿਚ ਕੰਮ ਕਰਦੀ ਹੈ, ਜਿੰਨਾਂ ਉਸ ਲਈ ਨਿਰਧਾਰਿਤ ਹੁੰਦਾ ਹੈ।

**ਰਾਜ ਵਿਧਾਨ ਮੰਡਲ ਅਤੇ ਗਵਰਨਰ:–** ਅਸੀਂ ਦੇਖਿਆ ਹੈ ਕਿ ਜਿਵੇਂ ਸੰਸਦ ਵਿਚ ਰਾਸ਼ਟਰਪਤੀ ਹੁੰਦਾ ਹੈ ਉਸੇ ਪ੍ਰਕਾਰ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਗਵਰਨਰ ਹੁੰਦਾ ਹੈ। ਗਵਰਨਰ ਵਿਧਾਨ ਸਭਾ ਦਾ ਮੈਂਬਰ ਨਹੀਂ ਹੁੰਦਾ ਪ੍ਰੰਤੂ ਉਹ ਵਿਧਾਨ ਮੰਡਲ ਦਾ ਇਕ ਅਟੁੱਟ ਅਤੇ ਜ਼ਰੂਰੀ ਅੰਗ ਹੁੰਦਾ ਹੈ। ਉਹ ਸੈਸ਼ਨ ਬੁਲਾਉਂਦਾ ਅਤੇ ਉਠਾਉਂਦਾ ਵੀ ਹੈ। ਨਵੇਂ ਸਾਲ ਦੇ ਸੈਸ਼ਨ ਦਾ ਉਦਘਾਟਨ ਵੀ ਕਰਦਾ ਹੈ। ਵਿਧਾਨ ਮੰਡਲ ਵਲੋਂ ਪਾਸ ਕੀਤੇ ਬਿਲਾਂ ਉੱਤੇ ਅੰਤਿਮ ਮਨਜੂਰੀ ਵੀ ਦਿੰਦਾ ਹੈ। ਉਹ ਰਾਜ ਵਿਧਾਨ ਸਭਾ ਨੂੰ ਭੰਗ ਵੀ ਕਰ ਸਕਦਾ ਹੈ। ਕੁਝ ਜ਼ਰੂਰੀ ਗੱਲਾ ਵਿਧਾਨ ਮੰਡਲ ਅਤੇ ਗਵਰਨਰ ਦੇ ਕੰਮਾਂ ਬਾਰੇ ਇਸ ਪ੍ਰਕਾਰ ਹਨ :–

(1) ਰਾਜ ਵਿਧਾਨ-ਮੰਡਲ ਦਾ ਸੈਸ਼ਨ ਗਵਰਨਰ ਹੀ ਬੁਲਾ ਸਕਦਾ ਹੈ ਕਿਉਂਕਿ ਉਹ ਰਾਜ ਦਾ ਸੰਵਿਧਾਨਿਕ ਮੁਖੀਆ ਹੁੰਦਾ ਹੈ। ਇਹ ਆਸ ਕੀਤੀ ਜਾਂਦੀ ਹੈ ਉਹ ਰਾਜ ਦੇ ਮੁੱਖ ਮੰਤਰੀ ਦੀ ਸਲਾਹ ਨਾਲ ਆਪਣੇ ਅਧਿਕਾਰਾਂ ਦਾ ਇਸਤੇਮਾਲ ਕਰੇ। ਕਈ ਅਜਿਹੇ ਮੌਕੇ ਹੁੰਦੇ ਹਨ, ਜਦੋਂ ਉਹ ਆਪਣੀ ਮਰਜ਼ੀ ਕਰ ਸਕਦਾ ਹੈ, ਜਦੋਂ ਰਾਜ ਦੀ ਸੰਵਿਧਾਨਿਕ ਸਥਿਤੀ ਡਾਵਾ-ਡੋਲ ਹੋਵੇ। ਸੰਕਟ ਕਾਲ ਦੀ ਘੋਸ਼ਣਾ ਦੀ ਸ਼ਿਫਾਰਸ਼ ਕਰ ਸਕਦਾ ਹੈ। ਉਹ ਮੁੱਖ ਮੰਤਰੀ ਨੂੰ ਹਟਾ ਸਕਦਾ ਹੈ ਜੇ ਉਹ ਜਾਣ ਬੁਝ ਕੇ ਵਿਧਾਨ ਸਭਾ ਦਾ ਸੈਸ਼ਨ ਨਾ ਬੁਲਾਵੇ ਅਤੇ ਆਪਣੀ ਕੁਰਸੀ ਬਚਾਈ ਰੱਖਣ ਲਈ ਗਲਤ ਢੰਗ ਵਰਤੇ। ਗਵਰਨਰ ਨਵੇਂ ਮੁੱਖ ਮੰਤਰੀ ਨੂੰ ਸਹੁੰ ਚੁਕਾ ਦੇਂਦਾ ਹੈ ਅਤੇ ਸੈਸ਼ਨ ਬੁਲਾ ਕੇ ਇਹ ਦੇਖ ਲੈਂਦਾ ਹੈ ਕਿ ਉਸ ਸਰਕਾਰ ਨੂੰ ਬਹੁਮਤ ਹਾਸਿਲ ਹੈ ਜਾਂ ਨਹੀਂ। 1967 ਵਿਚ ਪੱਛਮੀ ਬੰਗਾਲ ਦੇ ਗਵਰਨਰ ਨੇ ਮੁੱਖ ਮੰਤਰੀ ਅਜੈ ਮੁਕਰਜੀ ਨੂੰ ਹਟਾ ਕੇ ਡਾ. ਪੀ. ਸੀ. ਘੋਸ਼ ਨੂੰ ਨਿਯੁਕਤ ਕਰ ਦਿਤਾ ਅਤੇ ਮੁੱਖ ਮੰਤਰੀ ਦੇ ਕਹਿਣ ਉਤੇ ਸਦਨ ਦਾ ਸੈਸ਼ਨ ਬੁਲਾ ਲਿਆ। ਕਲਕੱਤਾ ਹਾਈ ਕੋਰਟ ਨੇ ਇਸ ਫੈਸਲੇ ਦਾ ਸਮਰਥਨ ਕੀਤਾ। ਗਵਰਨਰ ਵਾਸਤੇ ਇਹ ਜ਼ਰੂਰੀ ਨਹੀਂ ਕਿ ਮੁੱਖ ਮੰਤਰੀ ਦੇ ਹੱਥਾ ਵਿਚ ਖੇਡਣ ਲੱਗ ਪਏ ਅਤੇ ਉਹ ਦੀ ਹਰ ਸਲਾਹ ਨੂੰ ਉਹ ਮੰਨੇ।

ਡਾ. ਐਲ.ਐਮ. ਸਿੰਘ ਗਵਰਨਰ ਕੋਲ ਇਹ ਅਧਿਕਾਰ ਹੈ ਕਿ ਉਹ ਮੁੱਖ ਮੰਤਰੀਆਂ ਦੀ ਸਲਾਹ ਬਿਨਾਂ ਕਿਸੇ ਵੀ ਉਚਿਤ ਥਾਂ ਅਤੇ ਸਮੇਂ ਸੈਸ਼ਨ ਬੁਲਾ ਸਕਦਾ ਹੈ ਅਤੇ ਉਹ ਇਸ ਗੱਲ ਦੀ ਪੁਸ਼ਟੀ ਵਿਧਾਨ ਦੁਆਰਾ ਉਸ ਨੂੰ ਮਿਲੀ ਤਾਕਤ ਰਾਹੀਂ ਕਰਦਾ ਹੈ ਜਿਸ ਰਾਹੀਂ ਉਹ ਆਪਣੀ ਮਰਜ਼ੀ ਕਰ ਸਕਦਾ ਹੈ।[2]

(2) ਮੁੱਖ ਮੰਤਰੀ ਦੀ ਬਹੁਮਤ-ਪਰੀਖਿਆ ਵਿਧਾਨ ਸਭਾ ਵਿਚਹੀ ਲਈ ਜਾ ਸਕਦੀ ਹੈ। ਨਾ ਹੀ ਮੁੱਖ ਮੰਤਰੀ ਕੋਲ, ਨਾ ਹੀ ਗਵਰਨਰ ਕੋਲ ਅਤੇ ਨਾ ਹੀ ਕੇਂਦਰ ਕੋਲ ਇਹ ਤਾਕਤ ਹੈ ਕਿ ਉਹ ਵਿਧਾਨ-ਮੰਡਲ ਦਾ ਪਰਮ ਅਧਿਕਾਰ ਖੋਹ ਲਵੇ। ਜਦੋਂ ਵੀ ਕਦੀ ਇਸ ਗੱਲ ਦਾ ਝਗੜਾ ਹੋ ਜਾਂਦਾ ਹੈ ਮੁੱਖ ਮੰਤਰੀ ਕੋਲ ਬਹੁਮਤ ਨਹੀਂ ਤਾਂ ਇਸ ਦਾ ਫੈਸਲਾ ਸਦਨ ਵਿਚ ਹੀ ਹੋਣਾ ਚਾਹੀਦਾ ਹੈ। ਇਥੇ ਹੀ ਸਦਨ ਭੰਗ ਕਰਨ ਦੀ ਸਥਿਤੀ ਪੈਦਾ ਹੁੰਦੀ ਹੈ। ਇਸ ਸਬੰਧੀ ਸੁਪਰੀਮ ਕੋਰਟ ਦੁਆਰਾ 1994 ਵਿਚ ਐਸ. ਆਰ. ਬੋਮਈ ਕੇਸ ਵਿਚ ਕਿਹਾ ਕਿ ਮੁੱਖ ਮੰਤਰੀ ਕੋਲ ਬਹੁਮਤ ਹੈ ਜਾਂ ਨਹੀਂ ਇਹ ਕੇਵਲ ਵਿਧਾਨ ਸਭਾ ਦੀ ਬੈਠਕ ਵਿਚ ਹੀ ਸਿੱਧ ਹੋ ਸਕਦਾ ਹੈ। ਗਵਰਨਰ, ਮੁੱਖ ਮੰਤਰੀ ਦੀ ਸਲਾਹ ਨਾਲ ਸਦਨ ਦਾ ਇਜਲਾਸ ਉਠਾ ਸਕਦਾ ਹੈ, ਲੇਕਿਨ ਇਸ ਵਿਚ ਗਵਰਨਰ ਵਲੋਂ ਪੱਖ ਪਾਤ ਨਹੀਂ ਹੋਣਾ ਚਾਹੀਦਾ। ਪਰੰਤੂ ਵਿਵਹਾਰ ਵਿਚ ਬਹੁਤ ਵਾਰ ਰਾਜਪਾਲ ਦਾ ਨਿਰਣੇ ਪੱਖ ਪਾਤ ਰਹਿਤ ਨਹੀਂ ਹੁੰਦਾ ਜਿਵੇਂ 1967 ਵਿਚ ਮੱਧ ਪ੍ਰਦੇਸ਼ ਦੇ ਗਵਰਨਰ ਨੇ ਮੁੱਖ ਮੰਤਰੀ ਡੀ.ਪੀ. ਮਿਸਰਾ ਦੇ ਕਹਿਣ ਉਤੇ ਜਲਦੀ ਨਾਲ ਸਦਨ ਦੀ ਬੈਠਕ ਉਠਾ ਦਿੱਤੀ ਸੀ ਅਤੇ ਕਾਂਗਰਸ ਸਰਕਾਰ ਨੂੰ ਬਚਾਉਣ ਲਈ ਉਸ ਨੇ ਅਜਿਹਾ ਕੀਤਾ, ਜਦੋਂ ਉਸ ਨੇ ਦੇਖਿਆ ਕਿ ਜੀ. ਐਨ.ਸਿੰਘ ਗੁੱਟ ਵਲ 40 ਮੈਂਬਰ ਚਲੇ ਗਏ ਹਨ। ਇਹ ਗੱਲ ਵਿਰੋਧੀ ਧਿਰਾਂ ਨੇ ਉਠਾਈ ਸੀ। ਗਵਰਨਰ ਦੇ ਇਸ ਫੈਸਲੇ ਉੱਤੇ ਕਾਫੀ ਆਲੋਚਨਾ ਹੋਈ ਸੀ, ਅਤੇ ਜਦੋਂ ਥੋੜੇ ਸਮੇਂ ਬਾਅਦ

ਹੀ ਜੁਲਾਈ, 1967 ਵਿਚ ਜੀ.ਐਨ. ਸਿੰਘ ਨੂੰ ਸਰਕਾਰ ਬਨਾਉਣ ਦਾ ਸੱਦਾ ਦਿੱਤਾ।

(3) ਜਦੋਂ ਗਵਰਨਰ ਵਿਧਾਨਕਾਰਾਂ ਨੂੰ ਸੰਬੋਧਨ ਕਰ ਰਿਹਾ ਹੈ ਤਾਂ ਸ਼ਾਂਤ-ਮਾਹੌਲ ਰੱਖਣ ਲਈ ਕਈ ਮੁਸ਼ਕਲਾਂ ਆਉਂਦੀਆਂ ਹਨ? ਕਈ ਵਾਰ ਵਿਧਾਨਕਾਰ ਗੁੱਸੇ ਵਿਚ ਆ ਕੇ ਅਨੁਸ਼ਾਸ਼ਨਹੀਣਤਾ ਦਿਖਾਉਣ ਲੱਗ ਜਾਂਦੇ ਹਨ ਕਿ ਗਵਰਨਰ ਦਾ ਭਾਸ਼ਨ ਮਾਤਰੀ ਭਾਸ਼ਾ ਵਿਚ ਹੋਵੇ,ਜਾਂ ਉਹ ਕੈਬਨਿਟ ਵਲੋਂ ਦਿੱਤੀ ਗਈ ਰੂਪ ਰੇਖਾ ਵਿਚ ਹੋਵੇ। ਪੱਛਮੀ ਬੰਗਾਲ ਵਿਚ ਫਰਵਰੀ 1969 ਵਿੱਚ, ਵਿਧਾਨਕਾਰਾਂ ਨੇ ਗਵਰਨਰ ਦੇ ਵਿਰੁੱਧ ਕਾਫੀ ਗੁੱਸਾ ਜ਼ਾਹਿਰ ਕੀਤਾ, ਜਦੋਂ ਉਸ ਨੇ ਭਾਸ਼ਨ ਦਾ ਕਾਫੀ ਇਤਰਾਜ ਯੋਗ ਹਿੱਸਾ ਛੱਡ ਦਿੱਤਾ ਸੀ। ਇਸੇ ਪ੍ਰਕਾਰ ਰਾਜਸਥਾਨ ਦੇ ਵਿਧਾਨਕਾਰ ਨੇ ਕਾਫੀ ਸਖਤ ਰੋਸ ਪ੍ਰਗਟ ਕੀਤਾ, ਜਦੋਂ ਗਵਰਨਰ ਨੇ 1967 ਵਿਚ ਰਾਸ਼ਟਰਪਤੀ ਰਾਜ ਤੋਂ ਤੁਰੰਤ ਬਾਅਦ ਮੋਹਨ ਲਾਲ ਸੁਖਾਡੀਆ ਦੀ ਕਾਂਗਰਸ ਸਰਕਾਰ ਬਣਾ ਦਿੱਤੀ ਸੀ। ਇਹ ਸਪੱਸ਼ਟ ਹੈ ਕਿ ਸਦਨ ਨੂੰ ਸੰਬੋਧਨ ਕਰਨ ਲਗਿਆਂ ਗਵਰਨਰ ਹੀ ਸਦਨ ਵਿਚ ਅਨੁਸਾਸ਼ਨ ਕਾਇਮ ਕਰ ਸਕਦਾ ਹੈ, ਕਿਉਂਕਿ ਉਸ ਕੋਲ ਉਸ ਸਮੇ ਸਪੀਕਰ ਨਾਲੋਂ ਵੀ ਵਧੇਰੇ ਤਾਕਤ ਹੁੰਦੀ ਹੈ। ਰਾਜਸਥਾਨ ਹਾਈ ਕੋਰਟ ਨੇ ਇਹ ਫੈਸਲਾ ਦਿੱਤਾ ਸੀ ਕਿ ਸਪੀਕਰ ਦੀ ਤਾਕਤ ਜਾਂ ਅਧਿਕਾਰ ਗਵਰਨਰ ਦੀ ਸਪੀਚ ਤੋਂ ਬਾਦ ਸ਼ੁਰੂ ਹੁੰਦੇ ਹਨ ਕਿਉਂਕਿ ਸੈਸ਼ਨ ਨੂੰ ਸਭ ਤੋਂ ਪਹਿਲਾਂ ਉਹੀ ਸੰਬੋਧਨ ਕਰਦਾ ਹੈ।

(4) ਗਵਰਨਰ ਹੀ ਵਿਧਾਨ-ਮੰਡਲ ਨੂੰ ਆਪਣੀਆਂ ਵਿਵੇਕੀ ਤਾਕਤਾਂ ਰਾਹੀਂ ਭੰਗ ਕਰਨ ਦੀ ਸਮੱਰਥਾ ਰੱਖਦਾ ਹੈ। ਇਹ ਮੁੱਖ ਮੰਤਰੀ ਦੀ ਸਲਾਹ ਨਾਲ ਹੀ ਕਰਦਾ ਹੈ। ਮਿਸਾਲ ਦੇ ਤੌਰ ਤੇ ਮਾਰਚ 1971 ਵਿਚ ਮਦਰਾਸ ਦੇ ਗਵਰਨਰ ਨੇ ਡੀ.ਐਮ. ਕੇ. ਦੇ ਮੁੱਖ ਮੰਤਰੀ, ਕਰੁਨਾਨਿਧੀ ਦੀ ਸਲਾਹ ਨਾਲ ਵਿਧਾਨ ਸਭਾ ਨੂੰ ਭੰਗ ਕੀਤਾ ਸੀ। ਗਵਰਨਰ ਇਹੋ ਜਿਹਾ ਕਦਮ ਨਹੀਂ ਚੁੱਕਦਾ, ਜਦੋਂ ਤਕ ਉਹ ਚੰਗੀ ਤਰ੍ਹਾਂ ਰਾਜਨੀਤਕ ਸਥਿਤੀ ਨੂੰ ਵਾਚ ਨਹੀਂ ਲੈਂਦਾ। ਉਹ ਉਦੋਂ ਤਕ ਇਹ ਵੀ ਕਦਮ ਨਹੀਂ ਚੁੱਕਦਾ, ਜਦੋਂ ਤਕ ਦੂਜੀ ਸਰਕਾਰ ਬਣਨ ਦੀ ਸੰਭਾਵਨਾ ਨਾ ਹੋਵੇ। 1973 ਵਿਚ ਉੜੀਸਾ ਦੇ ਗਵਰਨਰ ਨੂੰ ਅਸੈਂਬਲੀ ਭੰਗ ਕਰਨ ਉਤੇ ਕਾਫੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ, ਜਦੋਂ ਉਸ ਨੇ ਮੁੱਖ ਮੰਤਰੀ ਸ੍ਰੀਮਤੀ ਨੰਦਨੀ ਸਤਪਤੀ ਦੇ ਕਹਿਣ ਉਤੇ ਕਦਮ ਚੁੱਕਿਆ ਸੀ। ਉੜੀਸਾ ਹਾਈਕਾਰ ਨੇ ਉਸ ਦੇ ਕਾਹਲੀ ਨਾਲ ਇਹ ਫੈਸਲਾ ਕਰਨ ਦੇ ਖਿਲਾਫ ਨਿੰਦਿਆ ਕੀਤੀ ਕਿਉਂਕਿ ਉਸ ਨੇ ਵਿਰੋਧੀ ਨੇਤਾ ਬੀਜੂ ਪਟਨਾਇਕ ਨੂੰ ਸਰਕਾਰ ਬਣਾਉਣ ਤੋਂ ਵਾਂਝਿਆ ਰੱਖਿਆ ਸੀ।

ਸਾਨੂੰ ਇਹ ਯਾਦ ਰੱਖਣਾ ਚਾਹੀਦਾ ਕਿ ਗਵਰਨਰ ਪਹਿਲਾਂ ਕੇਂਦਰ ਦਾ ਨੁਮਾਇੰਦਾ ਹੁੰਦਾ ਹੈ,ਮਗਰੋਂ ਰਾਜ ਦਾ ਸੰਵਿਧਾਨਿਕ ਮੁੱਖੀ ਹੁੰਦਾ ਹੈ ਉਹ ਸਿੱਧੇ ਰੂਪ ਵਿਚ ਕੇਂਦਰੀ ਨੇਤਾਵਾਂ ਦੇ ਕਹਿਣ ਤੇ ਚਲਦਾ ਹੈ, ਨਾ ਕਿ ਰਾਜ ਵਿਧਾਨ, ਮੰਡਲ ਦੇ ਅਧਿਕਾਰਾਂ ਅਨੁਸਾਰ। ਅਸਲ ਵਿਚ ਰਾਜ ਵਿਧਾਨ ਮੰਡਲਾਂ ਕੋਲ ਕੋਈ ਅਧਿਕਾਰ ਨਹੀਂ ਕਿ ਉਹ ਗਵਰਨਰ ਦੇ ਕੰਮਾਂ ਉੱਤੇ ਕੰਟਰੋਲ ਲਗਾ ਸਕਣ। ਉਨ੍ਹਾਂ ਵਾਸਤੇ ਕੇਵਲ ਇਕੋ ਗੱਲ ਰਹਿ ਜਾਂਦੀ ਹੈ ਕਿ ਉਹ ਮੁੱਖ ਮੰਤਰੀਆਂ ਦੇ ਹੱਥ ਮਜ਼ਬੂਤ ਕਰਨ, ਜੋ ਕਿ ਕੇਂਦਰੀ ਨੇਤਾਵਾਂ ਦੀਆਂ ਨਜ਼ਰਾਂ ਵਿਚ ਚੰਗੇ ਹੁੰਦੇ ਹਨ ਜਾਂ ਪ੍ਰਧਾਨ ਮੰਤਰੀ ਦੀਆਂ ਨਜ਼ਰਾਂ ਵਿਚ ਬਹੁਤ ਹੀ ਜ਼ਿਆਦਾ ਚੰਗੇ ਹੁੰਦੇ ਹਨ। ਉਹ ਗਵਰਨਰ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੰਦੇ ਹਨ, ਤਾਂ ਕਿ ਵਿਧਾਨਕਾਰਾਂ ਦੇ ਅਧਿਕਾਰ ਸੁਰੱਖਿਅਤ ਰਹਿ ਸਕਣ। ਇਹੋ ਜਿਹੀ ਸਥਿਤੀ ਵਿਚ ਇਸੇ ਕਰਕੇ ਵਿਧਾਨ ਮੰਡਲ ਮੁੱਖ ਮੰਤਰੀ ਦਾ ਹਥਿਆਰ ਬਣ ਕੇ ਰਹਿ ਜਾਂਦਾ ਹੈ।

## ਰਾਜ ਵਿਧਾਨ ਮੰਡਲਾਂ ਦੇ ਅਧਿਕਾਰ ਅਤੇ ਸੀਮਾਵਾਂ

ਆਜ਼ਾਦੀ ਤੋਂ ਪਹਿਲਾਂ ਦੇ ਮੁਕਾਬਲੇ ਅੱਜ ਕਲ ਰਾਜਾਂ ਦੇ ਵਿਧਾਨ ਮੰਡਲਾਂ ਕੋਲ ਵਧੇਰੇ ਤਾਕਤਾਂ ਹਨ ਫਿਰ ਵੀ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਦੀ ਵਿਧਾਨਿਕ ਖੁਦਮੁਖ਼ਤਾਰੀ ਨੂੰ ਇਸ ਸੰਵਿਧਾਨਿਕ ਢਾਂਚੇ ਵਿਚ ਵੀ ਸੀਮਿਤ ਕਰਕੇ ਰੱਖਿਆ ਹੋਇਆ ਹੈ। ਰਾਜ ਵਿਧਾਨ ਮੰਡਲ ਵਲੋਂ ਬਣਾਏ ਗਏ ਕਿਸੇ ਅਜਿਹੇ ਕਾਨੂੰਨ ਨੂੰ ਨਿਆਂਪਾਲਿਕਾ ਰੱਦ ਕਰ ਸਕਦੀ ਹੈ, ਜਿਹੜਾ ਸੰਵਿਧਾਨਿਕ ਖੇਤਰ ਤੋਂ ਬਾਹਰ ਚਲਾ ਜਾਂਦਾ ਹੈ। ਇਹ ਹੱਦ ਹੈ ਸੰਸਦ ਦੇ ਕਾਨੂੰਨਾਂ

1. M.P. Sharma, P.C. Ghosh : AIR, 1967, Cal. 198.
2. The Stateman (New Delhi), Nov. 12, 1967

ਉੱਤੇ ਵੀ ਲਾਗੂ ਹੁੰਦੀ ਹੈ, ਜੋ ਕਿ ਰਾਜ ਵਿਧਾਨ ਮੰਡਲਾਂ ਉਤੇ ਹੈ। ਰਾਜ ਵਿਧਾਨ ਮੰਡਲ ਗੈਰ-ਪ੍ਰਭੂਸੱਤਾਧਾਰੀ ਹੁੰਦਾ ਹੈ। ਇਥੇ ਅਸੀਂ ਉਨ੍ਹਾਂ ਗੱਲਾਂ ਨੂੰ ਜ਼ਰੂਰ ਵਾਚਾਂਗੇ, ਜਿਨ੍ਹਾਂ ਕਰਕੇ ਰਾਜ ਵਿਧਾਨ ਮੰਡਲ, ਸੰਸਦ ਦੇ ਅਧੀਨ ਉਸ ਦੀ ਮਰਜ਼ੀ ਅਨੁਸਾਰ ਕਮ ਕਰਦਾ ਹੈ, ਇਸ ਦੇ ਬਾਵਜੂਦ ਕਿ ਸੰਵਿਧਾਨ ਨੇ ਉਸ ਨੂੰ ਕੁਝ ਬਾਕੀ ਅਧਿਕਾਰ ਵੀ ਦਿੱਤੇ ਹੋਏ ਹਨ। ਰਾਜ ਵਿਧਾਨ-ਮੰਡਲਾਂ ਦੀਆਂ ਤਾਕਤਾਂ ਉੱਤੇ ਲੱਗੀਆਂ ਬੰਦਸ਼ਾਂ ਇਸ ਪ੍ਰਕਾਰ ਹਨ :-

(!) ਰਾਜ ਵਿਧਾਨ ਮੰਡਲ ਸੰਘ ਸੂਚੀ ਦੇ ਕਿਸੇ ਵਿਸ਼ੇ ਨੂੰ ਛੇੜ ਨਹੀਂ ਸਕਦੇ, ਜਿਸ ਵਿਚ 97 ਵਿਸ਼ੇ ਹੁੰਦੇ ਹਨ। ਉਹ ਸਮਵਰਤੀ ਸੂਚੀ ਬਾਰੇ ਮਾਮਲਾ ਉਠਾ ਸਕਦੇ ਹਨ ਜਿਸ ਵਿਚ 47 ਵਿਸ਼ੇ ਹੁੰਦੇ ਹਨ। ਇਥੇ ਇਹ ਜ਼ਰੂਰੀ ਹੈ ਕਿ ਸੰਸਦ ਨੇ ਉਹੀ ਵਿਸ਼ਾ ਪਹਿਲਾਂ ਹੀ ਨਾ ਛੋਹ ਲਿਆ ਹੋਵੇ। ਜੇਕਰ ਸੰਸਦ ਨੇ ਸਮਵਰਤੀ ਸੂਚੀ ਦੇ ਕਿਸੇ ਵਿਸ਼ੇ ਉੱਤੇ ਪਹਿਲਾਂ ਕਾਨੂੰਨ ਬਣਾ ਦਿੱਤਾ ਹੋਵੇ ਤਾਂ ਰਾਜ ਵਿਧਾਨ-ਮੰਡਲ ਵਲੋਂ ਪਾਸ ਕੀਤੇ ਉਸੇ ਬਿਲ ਨੂੰ ਗਵਰਨਰ ਰਾਸ਼ਟਰਪਤੀ ਕੋਲ ਭੇਜਣ ਲਈ ਰਾਖਵਾਂ ਰੱਖ ਸਕਦਾ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੀ ਪਰਵਾਨਗੀ ਉਦੋਂ ਤਕ ਨਹੀਂ ਦੇਂਦਾ ਜਦੋਂ ਤਕ ਕੇਂਦਰ ਦੀਆਂ ਹਦਾਇਤਾ ਅਨੁਸਾਰ ਉਸ ਵਿਚ ਤਬਦੀਲੀ ਨਹੀਂ ਕੀਤੀ ਜਾਂਦੀ।

(2) ਸਪਸ਼ਟ ਹੈ ਕਿ ਰਾਜ ਵਿਧਾਨ ਮੰਡਲ ਕੋਲ ਵਿਧਾਨਿਕ ਸ਼ਕਤੀਆਂ ਬਹੁਤ ਸੀਮਿਤ ਹਨ ਉਹ ਕੇਵਲ ਰਾਜ ਸੂਚੀ, ਜਿਸ ਵਿਚ ਕਿ 66 ਵਿਸ਼ੇ ਹੁੰਦੇ ਹਨ, ਤੇ ਹੀ ਕਾਨੂੰਨ ਬਣਾ ਸਕਦੀ ਹੈ। ਇਥੇ ਇਕ ਗੱਲ ਹੋਰ ਬੜੀ ਧਿਆਨਯੋਗ ਹੈ ਕਿ ਕੇਂਦਰ ਕੋਲ ਅਧਿਕਾਰ ਹਨ ਕਿ ਦੇਸ਼ ਜਾਂ ਰਾਜ ਵਿਚ ਐਮਰਜੈਂਸੀ ਦੌਰਾਨ ਉਹ ਕਾਨੂੰਨ ਬਣਾ ਸਕਦਾ ਹੈ। ਇਹ ਕਾਨੂੰਨ ਉਸ ਦੇ ਰਾਜ ਵਿਧਾਨ ਮੰਡਲਾਂ ਦੀ ਬੇਨਤੀ ਉਤੇ ਜਾਂ ਰਾਜ ਸਭਾ ਦੁਆਰਾ ਪਾਸ ਕੀਤੇ ਮਤੇ ਉੱਤੇ, ਜਾਂ ਕਿਸੇ ਅੰਤਰ-ਰਾਸ਼ਟਰੀ ਸੰਧੀ ਜਾਂ ਸਮਝੌਤੇ ਨੂੰ ਲਾਗੂ ਕਰਨ ਲਈ ਬਣਾ ਸਕਦਾ ਹੈ।ਇਹ ਅਜਿਹਾ ਉਪਬੰਧ ਵੀ ਹੈ,ਜੇਕਰ ਕੋਈ ਰਾਜ ਸਮਵਰਤੀ ਸੂਚੀ ਦੇ ਵਿਸ਼ੇ ਤੇ ਰਾਜ ਵਿਧਾਨ ਮੰਡਲ ਤੇ ਸੰਸਦ ਨੇ ਕਾਨੂੰਨ ਬਣਾਇਆ ਹੋਵੇ ਅਤੇ ਰਾਜ ਵਿਧਾਨ ਮੰਡਲ ਦੇ ਉਸ ਵਿਸ਼ੇ ਤੇ ਬਣੇ ਕਾਨੂੰਨ ਨਾਲ ਮੇਲ ਨਾ ਖਾਵੇ ਤਾਂ ਸੰਸਦ ਦਾ ਕਾਨੂੰਨ ਲਾਗੂ ਹੋਵੇਗਾ। ਜੇ ਸੰਸਦ ਰਾਜ ਸੂਚੀ ਦੇ ਕਿਸੇ ਵਿਸ਼ੇ ਉੱਤੇ ਕਾਨੂੰਨ ਬਣਾ ਦੇਂਦੀ ਹੈ ਤਾਂ ਰਾਜ ਦੁਆਰਾ ਬਣਾਏ ਗਏ ਕਾਨੂੰਨ ਦੀ ਕੋਈ ਬੁਕਤ ਨਹੀਂ ਰਹਿੰਦੀ ਖਾਸ ਕਰਕੇ ਜੇ ਉਹ ਕੇਂਦਰੀ ਕਾਨੂੰਨ ਦਾ ਵਿਰੋਧ ਕਰਦਾ ਹੈ।

(3) ਕੁਝ ਅਜਿਹੀਆਂ ਸ਼੍ਰੇਣੀਆਂ ਵੀ ਹਨ ਜੋ ਮੰਗ ਕਰਦੀਆਂ ਹਨ ਕਿ ਰਾਜ ਵਿਧਾਨ ਮੰਡਲ ਦਵਾਰਾ ਪਾਸ ਕੀਤੇ ਗਏ ਬਿੱਲ ਗਵਰਨਰ ਕੋਲ ਰਾਖਵੇਂ ਹੋਣੇ ਚਾਹੀਦੇ ਹਨ, ਤਾਂ ਕਿ ਉਹ ਰਾਸ਼ਟਰਪਤੀ ਤੋਂ ਪ੍ਰਵਾਨ ਕਰਵਾਏ ਜਾਣ ਉਹ ਬਿਲ ਜਿਹੜੇ ਕਿਸੇ ਗੈਰ-ਸਰਕਾਰੀ ਜਾਇਦਾਦ ਹਾਸਿਲ ਕਰਨ ਬਾਰੇ ਹੁੰਦੇ ਹਨ, ਜਾਂ ਹਾਈਕੋਰਟ ਦੇ ਅਧਿਕਾਰਾਂ ਨੂੰ ਪ੍ਰਭਾਵਿਤ ਕਰਦੇ ਹਨ ਜਾਂ ਉਹ ਟੈਕਸ ਜਿਸ ਚੀਜ਼ ਉਤੇ ਸੰਸਦ ਨੇ ਕਾਨੂੰਨ ਬਣਾ ਕੇ 'ਜ਼ਰੂਰੀ' ਕਰਾਰ ਦਿਤਾ ਹੋਵੇ ਜਾਂ ਕੋਈ ਹੋਰ ਬਿਲ, ਜਿਸ ਬਾਰੇ ਝਗੜੇ ਹੋਣ ਦੀ ਸੰਭਾਵਨਾ ਹੋਵੇ ਅਤੇ ਕੇਂਦਰ ਨੇ ਉਸ ਬਾਰੇ ਕਾਨੂੰਨ ਬਣਾ ਦਿੱਤਾ ਹੋਵੇ, ਇਸ ਸ਼੍ਰੇਣੀ ਵਿਚ ਆਉਂਦੇ ਹਨ।

(4) ਰਾਜ ਵਿਧਾਨ ਮੰਡਲ ਰਾਸ਼ਟਰਪਤੀ ਦੁਆਰਾ ਕੀਤੀ ਗਈ ਵੀਟੋ ਤਾਕਤ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੀ ਕਿਉਂਕਿ ਗਵਰਨਰ ਕੇਂਦਰ ਦਾ ਹੀ ਨੁਮਾਇੰਦਾ ਹੁੰਦਾ ਹੈ, ਇਸ ਲਈ ਉਹ ਉਸੇ ਪ੍ਰਕਾਰ ਕੰਮ ਕਰਦਾ ਹੈ, ਜਿਸ ਪ੍ਰਕਾਰ ਰਾਸ਼ਟਰਪਤੀ ਨੂੰ ਪਸੰਦ ਹੋਵੇ। ਇਸ ਲਈ ਕੋਈ ਵੀ ਰਾਜ ਵਿਧਾਨ ਮੰਡਲ ਵਲੋਂ ਪਾਸ ਹੋਇਆ ਬਿਲ ਰਾਸ਼ਟਰਪਤੀ ਵੀਟੋ ਕਰ ਸਕਦਾ ਹੈ, ਭਾਵੇਂ ਉਹ ਵਿਧਾਨਿਕ ਖੇਤਰ ਵਿਚ ਹੀ ਕਿਉਂ ਨਾ ਆਉਂਦਾ ਹੋਵੇ।

(5) ਅਖੀਰ ਵਿਚ, ਉਸ ਪ੍ਰਕਾਰ ਦੇ ਬਿਲ ਜਿਹੜੇ ਕਿ ਰਾਸ਼ਟਰਪਤੀ ਦੀ ਪੂਰਵ ਆਗਿਆ ਤੋਂ ਬਿਨਾਂ ਰਾਜ ਵਿਧਾਨ ਮੰਡਲ ਨਹੀਂ ਬਣਾ ਸਕਦਾ। ਇਸ ਸ਼੍ਰੇਣੀ ਵਿਚਉਹ ਬਿਲ ਆ ਜਾਂਦੇ ਹਨ, ਜੋ ਕਿ ਦੂਜੇ ਰਾਜਾਂ ਨਾਲ ਸਬੰਧੀ ਹੋਣ।

ਇਸ ਦਾ ਨਤੀਜਾ ਇਹ ਕੱਖਿਆ ਜਾ ਸਕਦਾ ਹੈ ਕਿ ਰਾਜ ਵਿਧਾਨ ਮੰਡਲਾਂ ਦੀ ਅਸਲ ਹਾਲਤ ਇਹ ਹੈ ਕਿ ਉਹ ਭਾਰਤੀ ਸੰਸਦ ਦੇ ਅਧੀਨ ਕੰਮ ਕਰਦੀਆਂ ਹਨ। ਇਸ ਸੰਬੰਧ ਵਿਚ ਕੋਈ ਏਜੰਸੀ ਨਹੀਂ, ਜੋ ਕੇ

ੰਦਰ ਰਾਜਾਂ ਵਿਚ ਤਾਲਮੇਲ ਬਣਾਈ ਰੱਖਣ ਵਿਚ ਸਹਾਈ ਹੋਵੇ। ਇਹ ਪ੍ਰਥਾ ਚਲੀ ਆ ਰਹੀ ਹੈ ਕਿ 'ਸਮਵਰਤੀ ਸੂਚੀ' ਦੇ ਕਿਸੇ ਵਿਸ਼ੇ ਬਾਰੇ ਕੋਈ ਕਾਨੂੰਨ ਬਣਾਉਣਾ ਹੋਵੇ ਤਾਂ ਸੰਸਦ ਰਾਜ ਵਿਧਾਨ ਮੰਡਲ ਇਕ ਦੂਜੇ ਨੂੰ ਇਤਲਾਹ ਜ਼ਰੂਰ ਕਰਨਗੇ। ਲੇਕਿਨ ਇਹ ਪ੍ਰਥਾ ਨਹੀਂ ਹੈ ਕਿ ਕੇਂਦਰ ਨੇ ਕਾਨੂੰਨ ਬਣਾਉਣ ਤੋਂ ਪਹਿਲਾਂ ਰਾਜ ਵਿਧਾਨ ਮੰਡਲ ਨਾਲ ਸਲਾਹ ਜਾਂ ਇਤਲਾਹ ਕਰਨੀ ਹੁੰਦੀ ਹੈ।ਇਸ ਲਈ ਜੇ ਕੇਂਦਰ ਰਾਜ ਦੀ ਸੂਚੀ ਦੇ ਕਿਸੇ ਵਿਸ਼ੇ ਬਾਰੇ ਕਾਨੂੰਨ ਬਣਾਉਂਦਾ ਹੈ ਤਾਂ ਇਹ ਉਸ ਰਾਜ ਦੇ ਸੰਸਦ ਮੈਂਬਰ ਦਾ ਫਰਜ ਬਣਦਾ ਹੈ ਕਿ ਉਹਦੇ ਰਾਜ ਨਾਲ ਧੱਕਾ ਨਾ ਹੋਣ ਦੇਵੇ। ਇਸ ਸਾਰੇ ਵਿਚਾਰ ਤੋਂ ਬਾਅਦ ਇਹੀ ਸਿੱਟਾ ਨਿਕਲਦਾ ਹੈ ਕਿ ਕੇਂਦਰ ਰਾਜ ਦੇ ਵਿਧਾਨਿਕ ਖੇਤਰਾਂ ਵਿਚ ਵੀ ਆਪਣੀ ਸਰਦਾਰੀ ਕਾਇਮ ਰੱਖਦਾ ਹੈ ਅਤੇ ਉਸ ਉਤੇ ਹਾਵੀ ਰਹਿੰਦਾ ਹੈ।

## ਪੜ੍ਹਨ ਯੋਗ ਪੁਸਤਕਾਂ


1. M.P. Sharma : The Government of Indian Republic
2. Johri, J.C. : Indian Government and Politics.
3. Kashyap and Srinivasan : The Union and the States.
4. B.L. Fadia : Indian Government and Politics

ਪਾਠ ਨੰਬਰ : 2.4

# ਰਾਜ ਨਿਆਂਪਾਲਿਕਾ
# (State Judiciary)

## ਹਾਈ ਕੋਰਟਾਂ ਅਤੇ ਅਧੀਨ ਅਦਾਲਤਾਂ (High Courts and Subordinate Courts)

ਤੁਸੀਂ ਭਾਰਤ ਦੀ ਸੁਪਰੀਮ ਕੋਰਟ ਦੀ ਰਚਨਾ ਬਾਰੇ ਇਸ ਤੋਂ ਪਿਛਲੇ ਪਾਠ ਵਿਚ ਪੜ੍ਹ ਚੁੱਕੇ ਹੋ। ਭਾਰਤ ਵਿਚ ਸੰਘੀ ਸ਼ਾਸਨ ਪ੍ਰਣਾਲੀ ਹੋਣ ਦੇ ਬਾਵਜੂਦ ਇਕਹਿਰੀ ਨਿਆਂਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ। ਸੁਪਰੀਮ ਕੋਰਟ ਸਾਰੇ ਭਾਰਤ ਦੀ ਸਭ ਤੋਂ ਉੱਚੀ ਅਦਾਲਤ ਹੈ ਪਰ ਰਾਜ ਦੇ ਨਿਆਂ ਸੰਗਠਨ ਵਿਚ ਹਾਈ ਕੋਰਟਾਂ ਸਭ ਤੋਂ ਉੱਚੀ ਅਦਾਲਤਾਂ ਹਨ ਜਿਹਨਾਂ ਦੇ ਅਧੀਨ ਜ਼ਿਲਿਆਂ ਦੀਆਂ ਅਦਾਲਤਾਂ ਹੁੰਦੀਆਂ ਹਨ। ਹੋਰ ਰਾਜ ਵਿਚ ਇਕ ਹਾਈ ਕੋਰਟ ਹੁੰਦੀ ਹੈ ਪਰੰਤੂ ਸੰਵਿਧਾਨ ਦੀ ਸਤਵੀਂ ਸੋਧ (1956) ਅਨੁਸਾਰ ਸੰਸਦ ਦੋ ਜਾਂ ਦੋ ਤੋਂ ਜ਼ਿਆਦਾ ਰਾਜਾਂ ਲਈ ਜਾਂ ਰਾਜ ਤੇ ਕੇਂਦਰੀ ਇਲਾਕਿਆਂ ਲਈ ਇਕੋ ਹੀ ਸਾਂਝੀ ਹਾਈ ਕੋਰਟ ਦੀ ਸਥਾਪਨਾ ਵੀ ਕਰ ਸਕਦੀ ਹੈ। ਉਦਾਹਰਣ ਵਜੋਂ ਪੰਜਾਬ ਅਤੇ ਹਰਿਆਣਾ ਦੀ ਇਕੋ ਹੀ ਹਾਈ ਕੋਰਟ ਹੈ।

ਭਾਰਤ ਤੇ ਸੰਵਿਧਾਨ ਦੇ ਲਾਗੂ ਹੋਣ ਵਾਲੇ ਪਾਰਟ 'ਏ' ਅਤੇ 'ਬੀ' ਰਾਜਾਂ ਵਿਚ ਹਾਈ ਕੋਰਟਾਂ ਦੀ ਸਥਾਪਨਾ ਕੀਤੀ ਗਈ ਸੀ ਪਰ ਨਾਲ ਹੀ ਕੇਂਦਰ ਸੰਸਦ ਨੂੰ ਇਹ ਸ਼ਕਤੀ ਦਿੱਤੀ ਗਈ ਸੀ ਕਿ ਪਾਰਟ 'ਸੀ' ਰਾਜਾਂ ਵਿਚ ਹੀ ਹਾਈ ਕੋਰਟਾਂ ਦੀ ਸਥਾਪਨਾ ਕਰ ਸਕਦੀ ਹੈ ਜਾਂ ਕਿਸੇ 'ਹਾਈ ਕੋਰਟ' ਦੀਆਂ ਸ਼ਕਤੀਆਂ ਨੂੰ ਨਾਲ ਲਗਦੇ ਰਾਜਾਂ ਤਕ ਵਧਾ ਸਕਦੀ ਹੈ। ਰਾਜਾਂ ਦੇ ਪੁਨਰ ਸੰਗਠਨ ਨਾਲ ਰਾਜਾਂ ਦੀ ਗਿਣਤੀ ਘੱਟ ਗਈ ਤੇ ਇਸ ਐਕਟ ਨੇ ਇਸ ਤੋਂ ਇਲਾਵਾ ਕੁਝ ਹਾਈ ਕੋਰਟਾਂ ਦੇ ਅਧਿਕਾਰ ਖੇਤਰਾਂ ਨੂੰ ਨਾਲ ਲਗਦੇ ਕੇਂਦਰੀ ਪ੍ਰਸ਼ਾਸ਼ਿਤ ਇਲਾਕਿਆਂ ਤਕ ਫੈਲਾ ਦਿੱਤਾ ਸੀ ਜਿਵੇਂ ਕਿ ਅੰਡੇਮਾਨ ਅਤੇ ਨਿਕੋਬਾਰ ਨੂੰ ਕਲਕੱਤਾ ਹਾਈ ਕੋਰਟ ਦੇ ਅਧਿਕਾਰ ਖੇਤਰ ਵਿਚ ਲੈ ਆਂਦਾ ਗਿਆ ਸੀ।

ਹਾਈ ਕੋਰਟ ਭਾਰਤ ਦੀ ਇਕਹਿਰੀ ਨਿਆਂ-ਪ੍ਰਣਾਲੀ ਦਾ ਅਨਿੱਖੜਵਾਂ ਹਿੱਸਾ ਹਨ ਪਰ ਫੇਰ ਵੀ ਪ੍ਰਬੰਧ ਦੇ ਪੱਖੋਂ ਇਹ ਕਿਸੇ ਤਰ੍ਹਾਂ ਵੀ ਨਾ ਤਾਂ ਸੁਪਰੀਮ ਕੋਰਟ ਦੇ ਅਤੇ ਨਾ ਹੀ ਰਾਜਾਂ ਦੇ ਵਿਧਾਨ ਮੰਡਲਾਂ ਜਾਂ ਕਾਰਜ-ਪਾਲਿਕਾਵਾਂ ਦੇ ਅਧੀਨ ਹਨ। ਹਾਈ ਕੋਰਟ ਪ੍ਰਮਾਣ ਅਦਾਲਤ (Court of Record) ਵੀ ਹੈ। ਇਸ ਦੇ ਨਿਰਣਿਆਂ ਦਾ ਪ੍ਰਮਾਣ ਵੀ ਦਿੱਤਾ ਜਾ ਸਕਦਾ ਹੈ ਤੇ ਇਹ ਅਦਾਲਤ ਦੇ ਅਪਮਾਨ ਵਜੋਂ ਅਪਰਾਧੀਆਂ ਨੂੰ ਸਜ਼ਾ ਵੀ ਦੇ ਸਕਦੀ ਹੈ।

## ਹਾਈ ਕੋਰਟਾਂ ਦੀ ਰਚਨਾ (Composition of the High Courts)

ਹਰ ਇਕ ਹਾਈ ਕੋਰਟ ਵਿਚ ਇਕ ਮੁੱਖ ਜੱਜ (Chief Justice) ਤੇ ਬਾਕੀ ਹੋਰ ਜੱਜ ਹੁੰਦੇ ਹਨ ਜਿਨ੍ਹਾਂ ਦੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ। ਜੱਜਾਂ ਦੀ ਗਿਣਤੀ ਸੰਵਿਧਾਨ ਰਾਹੀਂ ਨਿਸ਼ਚਿਤ ਨਹੀਂ ਕੀਤੀ ਗਈ ਤੇ ਨਾ ਹੀ ਸਾਰੀਆਂ ਹਾਈ ਕੋਰਟਾਂ ਦੇ ਜੱਜਾਂ ਦੀ ਗਿਣਤੀ ਇਕੋ ਜਿਹੀ ਹੈ। ਗਿਣਤੀ ਸਮੇਂ ਦੀ ਲੋੜ ਅਨੁਸਾਰ ਵਧਾਈ ਜਾਂਦੀ ਹੈ। ਜਦੋਂ ਮੁੱਖ ਜੱਜ ਦੀ ਜਗ੍ਹਾ ਖਾਲੀ ਹੋਵੇ ਜਾਂ ਜਦੋਂ ਮੁੱਖ ਜੱਜ ਗੈਰਹਾਜ਼ਰ ਹੋਵੇ ਜਾਂ ਕਿਸੇ ਕਾਰਣ ਆਪਣੇ ਕਰਤੱਵਾਂ ਦਾ ਪਾਲਣ ਨਾ ਕਰ ਸਕਦਾ ਹੋਵੇ, ਉਸ ਵੇਲੇ ਰਾਸ਼ਟਰਪਤੀ ਹਾਈ ਕੋਰਟਾਂ ਦੇ ਜੱਜਾਂ ਵਿਚੋਂ ਕਿਸੇ ਵੀ ਜੱਜ ਨੂੰ ਮੁੱਖ ਜੱਜ ਦਾ ਕੰਮ ਸੰਭਾਲਣ ਲਈ ਦੇ ਸਕਦਾ ਹੈ। ਰਾਸ਼ਟਰਪਤੀ ਕੰਮ ਦੇ ਵਧਣ ਕਾਰਣ ਲੋੜ ਪੈਣ ਤੇ ਅਤਿਰਿਕਤ ਜੱਜਾਂ (Additional Judges) ਦੀ ਨਿਯੁਕਤੀ ਵੀ ਕਰ ਸਕਦਾ ਹੈ ਪਰ ਇਨ੍ਹਾਂ ਦੀ ਨਿਯੁਕਤੀ ਦੀ ਮਿਆਦ ਦੋ ਸਾਲ ਤੋਂ ਵੱਧ ਨਹੀਂ ਹੋ ਸਕਦੀ।

## ਜੱਜਾਂ ਦੀ ਨਿਯੁਕਤੀ (Appointment of Judges)

ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਵਲੋਂ ਕੀਤੀ ਜਾਂਦੀ ਹੈ। ਮੁੱਖ ਜੱਜ ਦੀ ਨਿਯੁਕਤੀ ਸਮੇਂ ਉਹ ਸੁਪਰੀਮ ਕੋਰਟ ਦੇ ਮੁੱਖ ਜੱਜ ਅਤੇ ਸਬੰਧਤ ਰਾਜ ਦੇ ਗਵਰਨਰ ਦੀ ਸਲਾਹ ਲੈਂਦਾ ਹੈ। ਦੂਜੇ ਜੱਜਾਂ ਦੀ ਨਿਯੁਕਤੀ ਸਮੇਂ ਸੁਪਰੀਮ ਕੋਰਟ ਦੇ ਮੁੱਖ ਜੱਜ ਤੇ ਉਸ ਰਾਜ ਦੇ ਗਵਰਨਰ ਤੋਂ ਇਲਾਵਾ ਸਬੰਧਿਤ ਹਾਈ

ਕੋਰਟ ਦੇ ਮੁੱਖ ਜੱਜ ਦੀ ਸਲਾਹ ਵੀ ਜ਼ਰੂਰੀ ਹੈ। ਅਸਲ ਵਿਚ ਨਿਯੁਕਤੀ ਦਾ ਢੰਗ ਇਹ ਹੁੰਦਾ ਹੈ ਕਿ ਮੁੱਖ ਜੱਜ ਆਪਣੀ ਸਿਫਾਰਸ਼ ਰਾਜ ਪਾਲ ਨੂੰ ਕਰਦਾ ਹੈ। ਰਾਜਪਾਲ ਮੁੱਖ ਮੰਤਰੀ ਦੀ ਸਲਾਹ ਨਾਲ ਕੇਂਦਰ ਗ੍ਰਹਿ ਮੰਤਰੀ ਨੂੰ ਸਿਫਾਰਸ਼ ਕਰਦਾ ਹੈ। ਗ੍ਰਹਿ ਮੰਤਰੀ ਸੁਪਰੀਮ ਕੋਰਟ ਦੇ ਮੁੱਖ ਜੱਜ ਨਾਲ ਸਲਾਹ ਕਰਕੇ ਰਾਸ਼ਟਰਪਤੀ ਨੂੰ ਸਿਫਾਰਸ਼ ਕਰਦਾ ਹੈ ਜੋ ਕਿ ਆਪਣੇ ਆਦੇਸ਼ ਰਾਹੀਂ ਜੱਜਾਂ ਦੀ ਨਿਯੁਕਤੀ ਕਰਦਾ ਹੈ।

### ਜੱਜਾਂ ਦੀਆਂ ਯੋਗਤਾਵਾਂ (Qualifications of the Judges)

ਹਾਈ ਕੋਰਟ ਦੇ ਜੱਜਾਂ ਦੀਆਂ ਜ਼ਰੂਰੀ ਯੋਗਤਾਵਾਂ ਵਿਚ ਲਿਖੀਆਂ ਗਈਆਂ ਹਨ ਜੋ ਇਸ ਤਰ੍ਹਾਂ ਹਨ :-

1. ਉਹ ਭਾਰਤ ਦਾ ਨਾਗਰਿਕ ਹੋਵੇ।
2 ਉਹ ਭਾਰਤ ਵਿਚ ਘੱਟ ਤੋਂ ਘੱਟ ਦੱਸ ਸਾਲ ਕਿਸੇ ਨਿਆਂ ਪਦਵੀ ਤੇ ਰਹਿ ਚੁੱਕਾ ਹੋਵੇ।

ਜਾਂ

3. ਰਾਜ ਦੀਆਂ ਹਾਈ ਕੋਰਟਾਂ ਵਿਚ ਘੱਟ ਤੋਂ ਘੱਟ ਦੱਸ ਸਾਲ ਤੱਕ ਐਡਵੋਕੇਟ ਰਹਿ ਚੁੱਕਾ ਹੋਵੇ। ਸੰਵਿਧਾਨ ਵਿਚ ਵਕਾਲਤ ਨਾ ਕਰਨ ਵਾਲੇ ਐਡਵੋਕੇਟਾਂ ਨੂੰ ਹਾਈ ਕੋਰਟਾਂ ਦੇ ਜੱਜਾਂ ਦੀ ਪਦਵੀ ਤੇ ਲੱਗਣ ਦੀ ਇਜਾਜਤ ਨਹੀਂ ਹੈ ਪਰ ਉਹ ਸੁਪਰੀਮ ਕੋਰਟ ਵਿਚ ਨਿਯੁਕਤ ਕੀਤੇ ਜਾ ਸਕਦੇ ਹਨ ਜੇਕਰ ਰਾਸ਼ਟਰਪਤੀ ਦੇ ਵਿਚਾਰਾਂ ਅਨੁਸਾਰ ਉਹ ਉੱਘੇ ਕਾਨੂੰਨਦਾਨ ਹੋਣ।

ਹਾਈ ਕੋਰਟ ਦੇ ਹਰ ਇਕ ਜੱਜ ਨੂੰ ਵੀ ਆਪਣੀ ਪਦਵੀ ਸੰਭਾਲਣ ਤੋਂ ਪਹਿਲਾਂ ਇਕ ਵਿਸ਼ੇਸ਼ ਸੌਹ ਚੁੱਕਣੀ ਪੈਂਦੀ ਹੈ ਜਿਸ ਵਿਚ ਉਸ ਨੂੰ ਇਹ ਕਹਿਣਾ ਪੈਂਦਾ ਹੈ ਕਿ ਉਹ ਭਾਰਤ ਦੇ ਸੰਵਿਧਾਨ ਨੂੰ ਮੰਨੇਗਾ ਤੇ ਆਪਣੀ ਯੋਗਤਾ ਅਨੁਸਾਰ ਬਿਨਾਂ ਪੱਖਪਾਤ ਅਤੇ ਕਿਸੇ ਕਿਸਮ ਦੇ ਡਰ ਦੇ ਨਿਰਣੇ ਕਰੇਗਾ।

### ਮਿਆਦ (Tenure)

ਸੰਵਿਧਾਨ ਦੇ ਲਾਗੂ ਹੋਣ ਵੇਲੇ ਇਹ ਨਿਯਮ ਸੀ ਕਿ ਹਾਈ ਕੋਰਟ ਦੇ ਜੱਜ ਸੱਠ ਸਾਲ ਦੀ ਉਮਰ ਤੱਕ ਆਪਣੀ ਪਦਵੀ ਤੇ ਰਹਿ ਸਕਦੇ ਹਨ। 1963 ਇਹ ਸੰਵਿਧਾਨ ਦੀ ਪੰਦਰਵੀਂ ਸੋਧ ਤੋਂ ਪਿੱਛੋਂ ਉਹਨਾਂ ਦੀ ਰੀਟਾਇਰਮੈਂਟ ਦੀ ਉਮਰ 62 ਸਾਲ ਤਕ ਵਧਾ ਦਿੱਤਾ ਗਈ। ਇਸ ਸਮੇਂ ਤੋਂ ਪਿਛੋਂ ਉਹ ਆਪਣੀ ਪਦਵੀ ਤੇ ਨਹੀਂ ਰਹਿ ਸਕਦੇ। ਕੋਈ ਵੀ ਜੱਜ ਇਸ ਸਮੇਂ ਤੋਂ ਪਹਿਲਾਂ ਵੀ ਆਪਣੀ ਇੱਛਾ ਅਨੁਸਾਰ ਅਸਤੀਫਾ ਦੇ ਸਕਦਾ ਹੈ। ਜੱਜ ਨੂੰ ਉਸ ਦੀ ਪਦਵੀ ਤੋਂ ਹਟਾਇਆ ਵੀ ਜਾ ਸਕਦਾ ਹੈ। ਇਹ ਢੰਗ ਉਹੀ ਹੈ ਜਿਸ ਨਾਲ ਸੁਪਰੀਮ ਕੋਰਟ ਦੇ ਜੱਜਾਂ ਨੂੰ ਹਟਾਇਆ ਜਾ ਸਕਦਾ ਹੈ ਭਾਵ ਸੰਸਦ ਦੁਆਰਾ ਮਹਾਂਦੋਸ਼ ਦਾ ਪ੍ਰਸਤਾਵ ਪਾਸ ਕੀਤੇ ਜਾਣਾ ਹੈ। ਇਹ ਤਰੀਕਾ ਕਾਫੀ ਕਠਿਨ ਹੈ। ਇਸ ਨੂੰ ਇਸ ਲਈ ਅਪਣਾਇਆ ਗਿਆ ਹੈ ਤਾਂ ਜੋ ਜੱਜਾਂ ਨੂੰ ਹਟਾਉਣ ਦਾ ਡਰਾਵਾ ਦੇ ਕੇ ਉਹਨਾਂ ਉੱਤੇ ਦਬਾਓ ਨਾ ਪਾਇਆ ਜਾ ਸਕੇ ਤੇ ਉਹ ਫੈਸਲੇ ਆਪਣੀ ਲਿਆਕਤ ਅਤੇ ਇੱਛਾ ਅਨੁਸਾਰ ਆਜ਼ਾਦੀ ਨਾਲ ਕਰ ਸਕਣ।

### ਤਬਦੀਲੀਆਂ (Transfers)

ਹਾਈ ਕੋਰਟਾਂ ਦੇ ਜੱਜਾਂ ਨੂੰ ਰਾਸ਼ਟਰਪਤੀ ਇਕ ਕੋਰਟ ਤੋਂ ਕਿਸੇ ਦੂਸਰੀ ਕੋਰਟ ਵਿਚ ਸੰਬੰਧਤ ਅਦਾਲਤਾਂ ਦੇ ਮੁੱਖ ਜੱਜ ਦੀ ਸਲਾਹ ਨਾਲ ਬਦਲ ਸਕਦਾ ਹੈ। ਰਾਸ਼ਟਰਪਤੀ ਹਾਈ ਕੋਰਟ ਦੇ ਜੱਜਾਂ ਨੂੰ ਸੁਪਰੀਮ ਕੋਰਟ ਵਿਚ ਵੀ ਨਿਯੁਕਤ ਕਰ ਸਕਦਾ ਹੈ।

### ਰੀਟਾਇਰ ਹੋਣ ਪਿਛੋਂ ਪਾਬੰਦੀ (Restriction after Retirement)

ਸ਼ੁਰੂ ਵਿਚ ਸੰਵਿਧਾਨ ਅਨੁਸਾਰ ਹਾਈ ਕੋਰਟ ਦਾ ਰੀਟਾਇਰ ਜੱਜ ਭਾਰਤ ਵਿਚ ਕਿਸੇ ਵੀ ਅਦਾਲਤ ਵਿਚ ਵਕਾਲਤ ਨਹੀਂ ਕਰ ਸਕਦਾ ਸੀ। ਸੰਵਿਧਾਨ ਦੀ ਸਤਵੀ ਸੋਧ (1956) ਤੋਂ ਪਿਛੋਂ ਹੁਣ ਹਾਈ ਕੋਰਟ ਦੇ ਰੀਟਾਇਰਡ ਜੱਜ ਆਪਣੇ ਹਾਈ ਕੋਰਟ ਨੂੰ ਛੱਡ ਕੇ ਕਿਸੇ ਹੋਰ ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚ ਵਕਾਲਤ ਕਰ ਸਕਦੇ ਹਨ। ਪਰ ਕਾਨੂੰਨ ਕਮਿਸ਼ਨ ਨੇ ਇਸ ਨੂੰ ਉਚਿਤ ਨਹੀਂ ਸਮਝਿਆ ਤੇ ਉਸ ਮੁਤਾਬਿਕ ਜੱਜਾਂ ਨੂੰ ਰਿਟਾਇਰ ਹੋਣ ਪਿਛੋਂ ਕਿਸੇ ਵੀ ਅਦਾਲਤ ਵਿਚ ਵਕਾਲਤ ਕਰਨ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ।

### ਤਨਖਾਹ ਤੇ ਭੱਤੇ ਆਦਿ (Salaries and Emoluments)

ਸੰਵਿਧਾਨ ਵਿਚ ਜੱਜਾਂ ਦੀਆਂ ਤਨਖਾਹਾਂ ਦੇ ਭੱਤੇ ਲਿਖੇ ਗਏ ਹਨ। (Art 221 and Second

Schedule) ਇਹ ਤਨਖਾਹਾਂ ਤੇ ਭੱਤੇ ਰਾਜ ਦੇ ਸੰਚਿਤ ਫੰਡ (Consolidation Fund) ਤੋਂ ਮਿਲਦੇ ਹਨ ਜਿਸ ਵਿੱਚੋਂ ਕਟੌਤੀ ਸੰਸਦ ਜਾਂ ਰਾਜਾਂ ਦੇ ਵਿਧਾਨ ਮੰਡਲ ਨਹੀਂ ਕਰ ਸਕਦੇ। ਜੱਜਾਂ ਦੀਆਂ ਤਨਖਾਹਾਂ ਵਿਚ ਕੇਵਲ ਉਦੋਂ ਹੀ ਕਟੌਤੀ ਕੀਤੀ ਜਾ ਸਕਦੀ ਹੈ ਜਦੋਂ ਕਿ ਰਾਸ਼ਟਰਪਤੀ ਵਿੱਤੀ ਸੰਕਟ ਦਾ ਐਲਾਨ ਕਰ ਦੇਵੇ। ਕੇਂਦਰੀ ਸੰਸਦ ਕਾਨੂੰਨ ਦੁਆਰਾ ਜੱਜਾਂ ਦੇ ਭੱਤੇ ਪੈਨਸ਼ਨ ਤੇ ਛੁਟੀਆਂ ਆਦਿ ਦੇ ਨਿਯਮਾਂ ਵਿਚ ਤਬਦੀਲੀ ਕਰ ਸਕਦੀ ਹੈ ਪਰ ਕਿਸੇ ਜੱਜ ਦੀ ਨਿਯੁਕਤੀ ਤੋਂ ਪਿਛੋਂ ਇਹ ਨਿਯਮ ਅਜਿਹੇ ਢੰਗ ਨਾਲ ਨਹੀਂ ਬਦਲੇ ਜਾ ਸਕਦੇ ਜਿਸ ਨਾਲ ਉਸ ਦਾ ਨੁਕਸਾਨ ਹੋਵੇ।

ਹਾਈ ਕੋਰਟ ਦੇ ਜੱਜਾਂ ਨੂੰ ਸੰਚਿਤ ਫੰਡ ਤੋਂ ਤਨਖਾਹ ਦੇਣ ਦਾ ਭਾਵ ਇਹ ਹੈ ਕਿ ਕੋਈ ਵੀ ਰਾਜਨੀਤਿਕ ਪਾਰਟੀ, ਕਾਰਜ-ਕਾਰਨੀ ਜਾਂ ਵਿਧਾਨ-ਮੰਡਲ ਤਨਖਾਹ ਵਿਚ ਕਟੌਤੀ ਦੀ ਧਮਕੀ ਦੇ ਕੇ ਜੱਜਾਂ ਤੋਂ ਉਹਨਾਂ ਦੀ ਇੱਛਾ ਵਿਰੁੱਧ ਨਿਰਣਾ ਨਾ ਕਰਾ ਸਕੇ। ਯਾਦ ਰਹੇ ਕਿ ਸੰਚਿਤ ਨਿਧੀ ਵਿਚੋਂ ਦਿੱਤੀਆਂ ਜਾਣ ਵਾਲੀਆਂ ਤਨਖਾਹਾਂ ਆਦਿ ਵਿਚ ਵਿਧਾਨ ਮੰਡਲ ਕਟੌਤੀ ਨਹੀਂ ਕਰ ਸਕਦਾ। ਇਸ ਤਰ੍ਹਾਂ ਉਹ ਆਪਣੇ ਨਿਰਣੇ ਨਿਰਪੱਖਤਾ ਤੇ ਨਿਡਰਤਾ ਨਾਲ ਕਰ ਸਕਦੇ ਹਨ। ਹਾਈ ਕੋਰਟ ਦੇ ਜੱਜਾਂ ਨੂੰ ਸੇਵਾ ਨਿਵਰਿਤ ਹੋਣ ਤੋਂ ਮਗਰੋਂ ਪੈਨਸ਼ਨ ਵੀ ਮਿਲਦੀ ਹੈ।

## ਹਾਈ ਕੋਰਟ ਦੀ ਨਿਰਪੱਖਤਾ (Independence of High Court)

ਸੰਵਿਧਾਨ ਰਾਹੀਂ ਕੋਰਟ ਦੇ ਜੱਜਾਂ ਦੇ ਕੰਮ ਦੀ ਆਜ਼ਾਦੀ ਲਈ ਕੁਝ ਵਿਸ਼ੇਸ਼ ਉਪਬੰਧ ਕੀਤੇ ਗਏ ਹਨ ਜੋ ਕਿ ਇਸ ਤਰ੍ਹਾਂ ਹਨ :-

1. ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਰਾਹੀਂ ਹੁੰਦੀ ਹੈ। ਮੁੱਖ ਜੱਜ ਦੀ ਨਿਯੁਕਤੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਸਲਾਹ ਨਾਲ ਤੇ ਬਾਕੀ ਹੋਰ ਜੱਜਾਂ ਦੀ ਨਿਯੁਕਤੀ ਹਾਈਕੋਰਟ ਦੇ ਮੁੱਖ ਜੱਜ ਦੀ ਸਲਾਹ ਨਾਲ ਰਾਸ਼ਟਰਪਤੀ ਕਰਦਾ ਹੈ। ਇਹ ਨਿਯੁਕਤੀਆਂ ਰਾਜ ਦਾ ਗਵਰਨਰ ਨਹੀਂ ਕਰਦਾ ਉਸ ਦੀ ਕੇਵਲ ਸਲਾਹ ਲਈ ਜਾਂਦੀ ਹੈ।
2. ਜੱਜਾਂ ਦਾ ਕਾਰਜਕਾਲ (Tenure) ਸੁਰੱਖਿਅਤ ਹੈ। ਉਹਨਾਂ ਦੀ ਰਿਟਾਇਰ ਹੋਣ ਦੀ ਉਮਰ ਸੰਵਿਧਾਨ ਰਾਹੀਂ ਨਿਯਤ ਕੀਤੀ ਗਈ ਹੈ। ਇਸ ਤੋਂ ਪਹਿਲਾਂ ਉਹਨਾਂ ਨੂੰ ਹਟਾਉਣਾ ਬੜਾ ਕਠਿਨ ਹੈ। ਉਹਨਾਂ ਨੂੰ ਸੰਸਦ ਅਤੇ ਰਾਸ਼ਟਰਪਤੀ ਮਿਲਕੇ ਹੀ ਹਟਾ ਸਕਦੇ ਹਨ। ਜੇਕਰ ਸੰਸਦ ਦੇ ਦੋਨੋਂ ਸਦਨ ਦੇ ਕੁਲ ਮੈਂਬਰਾਂ ਦੀ ਗਿਣਤੀ ਦੇ ਬਹੁਮਤ ਨਾਲ ਅਤੇ ਹਾਜ਼ਰ ਤੇ ਵੋਟ ਦੇਣ ਵਾਲਿਆਂ ਦੇ 2/3 ਬਹੁਮਤ ਨਾਲ ਮਤਾ ਪਾਸ ਕਰਕੇ ਰਾਸ਼ਟਰਪਤੀ ਪਾਸ ਭੇਜ ਦੇਣ ਤਾਂ ਰਾਸ਼ਟਰਪਤੀ ਸੰਬੰਧਿਤ ਜੱਜ ਨੂੰ ਪੱਦ ਤੋਂ ਹਟਾਉਣ ਦਾ ਆਦੇ ਸ਼ ਜਾਰੀ ਕਰ ਦੇਵੇਗਾ।
3. ਰਿਟਾਇਰ ਹੋਣ ਪਿਛੋਂ ਹਾਈ ਕੋਰਟ ਦੇ ਜੱਜ ਉਸ ਹਾਈ ਕੋਰਟ ਵਿਚ ਜਿਸ ਵਿਚ ਕਿ ਉਹ ਕੰਮ ਕਰਦੇ ਹੋਣ ਵਕਾਲਤ ਨਹੀਂ ਕਰ ਸਕਦੇ।
4. ਤਨਖਾਹਾਂ ਸੰਵਿਧਾਨ ਰਾਹੀਂ ਨੀਯਤ ਕੀਤੀਆਂ ਗਈਆਂ ਹਨ। ਭੱਤੇ ਤੇ ਪੈਨਸ਼ਨ ਉਹਨਾਂ ਦੀ ਨਿਯੁਕਤੀ ਪਿਛੋਂ ਘਟਾਏ ਨਹੀਂ ਜਾ ਸਕਦੇ।
5. ਤਨਖਾਹਾਂ, ਭੱਤੇ ਤੇ ਹੋਰ ਪ੍ਰਬੰਧਕ ਸੰਚਿਤ ਫੰਡ ਤੋਂ ਲਏ ਜਾਂਦੇ ਹਨ। ਵਿਧਾਨ ਮੰਡਲ ਵੋਟ ਰਾਹੀਂ ਉਹਨਾਂ ਵਿਚ ਕਟੌਤੀ ਨਹੀਂ ਕਰ ਸਕਦਾ।
6. ਹਾਈ ਕੋਰਟ ਦੇ ਅਧਿਕਾਰੀਆਂ ਦੀ ਨਿਯੁਕਤੀ ਮੁੱਖ ਜੱਜ ਆਪ ਕਰਦਾ ਹੈ ਜੋ ਕਿ ਸੰਬੰਧਿਤ ਕੰਮ ਦੀ ਜ਼ਿੰਮੇ ਵਾਰੀ ਲਈ ਉਸ ਦੇ ਅਧੀਨ ਹਨ ਤੇ ਉੱਤਰਦਾਈ ਹਨ।

## ਹਾਈ ਕੋਰਟ ਦੀਆਂ ਸ਼ਕਤੀਆਂ ਤੇ ਅਧਿਕਾਰ ਖੇਤਰ (Powers and Jurisdiction of the High Courts)

ਹਰ ਇਕ ਕੋਰਟ ਨੂੰ ਦੋ ਪ੍ਰਕਾਰ ਦੀਆਂ ਸ਼ਕਤੀਆਂ ਪ੍ਰਾਪਤ ਹਨ :-

1. ਨਿਆਂ ਸੰਬੰਧੀ
2. ਪ੍ਰਬੰਧ ਸੰਬੰਧੀ

ਨਿਆਂ ਸੰਬੰਧੀ ਕੰਮ ਦੋ ਭਾਗਾਂ ਵਿਚ ਵੰਡੇ ਜਾ ਸਕਦੇ ਹਨ, ਮੁੱਢਲੇ ਅਤੇ ਅਪੀਲੀ ਅਧਿਕਾਰ ਖੇਤਰ। ਹਾਈ

ਕੋਰਟ ਪ੍ਰਮਾਣਿਕ ਅਦਾਲਤ (Court of Record) ਦੇ ਰੂਪ ਵਿਚ ਵੀ ਕੰਮ ਕਰਦੀ ਹੈ। ਇਸ ਤੋਂ ਇਲਾਵਾ ਹਾਈਕੋਰਟ ਸੰਵਿਧਾਨ ਵਿਚ ਦਿੱਤੇ ਗਏ ਅਧਿਕਾਰਾਂ ਦੀ ਰੱਖਿਆ ਕਰਦੀ ਹੈ ਤੇ ਰਿਟਾ (Writs) ਵੀ ਜਾਰੀ ਕਰਦੀ ਹੈ।

### ਮੌਲਿਕ ਅਧਿਕਾਰ ਖੇਤਰ (Original Jurisdiction)

ਹਾਈ ਕੋਰਟ ਨੂੰ ਲਗਭਗ ਉਹੀ ਅਧਿਕਾਰ ਪ੍ਰਾਪਤ ਹਨ ਜਿਹੜੇ ਨਵੇਂ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਸਨ ਤੇ ਉਹਨਾਂ ਵਿਚ ਬਹੁਤ ਹੀ ਥੋੜ੍ਹੀ ਤਬਦੀਲੀ ਕੀਤੀ ਗਈ ਹੈ।

ਹਾਈ ਕੋਰਟ ਦੇ ਵਰਤਮਾਨ ਅਧਿਕਾਰ ਖੇਤਰ ਦਾ ਆਧਾਰ ਲੈਟਰਜ਼ ਪੈਟੈਂਟ (Letters Patent) ਅਤੇ ਕੇਂਦਰੀ ਤੇ ਪ੍ਰਾਂਤਿਕ ਐਕਟ ਹਨ। ਹਾਈ ਕੋਰਟਾਂ ਤੇ ਸਿਵਲ ਅਤੇ ਫੌਜਦਾਰੀ ਅਧਿਕਾਰ ਖੇਤਰਾਂ ਦਾ ਆਧਾਰ ਬਹੁਤ ਕਰਕੇ ਦੀਵਾਨੀ ਅਤੇ ਫੌਜਦਾਰੀ ਕਾਰਜ ਵਿਧੀ (Civil and Criminal Code) ਹੈ। ਹਾਈ ਕੋਰਟ ਨੂੰ ਮੁੱਢਲੇ ਤੇ ਅਪੀਲੀ ਦੋਵੇਂ ਅਧਿਕਾਰ ਖੇਤਰ ਪ੍ਰਾਪਤ ਹਨ। ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਕਲਕੱਤਾ, ਬੰਬਈ ਤੇ ਮਦਰਾਸ ਦੀਆਂ ਹਾਈ ਕੋਰਟਾਂ ਪਾਸ ਮੁਢਲੇ ਤੇ ਅਪੀਲੀ ਦੋਵੇਂ ਕਿਸਮ ਦੇ ਅਧਿਕਾਰ ਸਨ। ਇਹਨਾਂ ਨੂੰ ਦੀਵਾਨੀ ਅਤੇ ਫੌਜਦਾਰੀ ਖੇਤਰ ਵਿਚ ਉਹਨਾਂ ਮਾਮਲਿਆਂ ਸੰਬੰਧੀ ਮੌਲਿਕ ਅਧਿਕਾਰ ਖੇਤਰ ਪ੍ਰਾਪਤ ਹੈ ਜੋ ਪ੍ਰੈਜੀਡੈਂਸੀ ਨਗਰਾਂ ਵਿਚ ਹੁੰਦੇ ਸਨ। ਬੰਬਈ ਅਤੇ ਮਦਰਾਸ ਲਈ ਹਾਈ ਕੋਰਟਾਂ ਦੇ ਮੌਲਿਕ ਫੌਜਦਾਰੀ ਅਧਿਕਾਰ ਰਾਜ ਵਿਧਾਨ ਮੰਡਲ ਵਲੋਂ ਸਥਾਪਿਤ ਸਿਟੀ ਸਿਵਲ ਕੋਰਟਸ ਪਾਸ ਹੈ। ਪਰ ਇਨ੍ਹਾਂ ਮਾਮਲਿਆਂ ਵਿਚ ਝਗੜੇ ਦੀ ਰਕਮ ਬਹੁਤ ਜ਼ਿਆਦਾ ਹੁੰਦੀ ਹੈ ਉਹ ਅੱਜ ਵੀ ਹਾਈ ਕੋਰਟਾਂ ਦੇ ਮੌਲਿਕ ਅਧਿਕਾਰ ਖੇਤਰ ਵਿਚ ਹਨ। ਇਸੇ ਤਰ੍ਹਾਂ ਪੱਛਮੀ ਬੰਗਾਲ ਵਿਚ ਇਕ ਸਿਟੀ ਸੈਸ਼ਨ ਕੋਰਟ ਅਤੇ ਇਕ ਦੀਵਾਨੀ ਅਦਾਲਤ ਸਥਾਪਿਤ ਕੀਤੀ ਗਈ ਹੈ ਪਰ ਕਲਕੱਤਾ ਹਾਈਕੋਰਟ ਦੇ ਅਧਿਕਾਰ ਖੇਤਰ ਉਤੇ ਇਨ੍ਹਾਂ ਦਾ ਅੰਸ਼ ਮਾਤਰ ਅਸਰ ਪਿਆ ਹੈ। ਨੌਕਾ ਅਧਿਕਰਣ (Admiralty), ਵਸੀਅਤ (Will), ਤਲਾਕ (Divorce), ਵਿਆਹ ਵਿਧੀ (Marriage Laws), ਕੰਪਨੀ ਵਿਧੀ (Company Laws) ਤੇ ਹਾਈਕੋਰਟ ਦਾ ਅਪਮਾਨ (Military Tribunals) ਹਾਈ ਕੋਰਟਾਂ ਦੇ ਅਧਿਕਾਰ ਖੇਤਰ ਅੰਦਰ ਨਹੀਂ ਹਨ। ਨੌਵੇਂ ਸੰਵਿਧਾਨ ਦੇ ਲਾਗੂ ਹੋਣ ਨਾਲ ਕੋਰਟਾਂ ਦੇ ਅਧਿਕਾਰ ਵਿਚ ਥੋੜਾ ਜਿਹਾ ਵਾਧਾ ਹੋਇਆ ਹੈ। ਹੁਣ ਮਾਲੀਏ ਤੇ ਉਸ ਦੀ ਵਸੂਲੀ ਨਾਲ ਸੰਬੰਧਿਤ ਕੁਝ ਮਾਮਲੇ ਹਾਈ ਕੋਰਟ ਦੇ ਮੌਲਿਕ ਅਧਿਕਾਰ ਖੇਤਰ ਵਿਚ ਆ ਗਏ ਹਨ।

### ਰਿਟਾਂ ਜਾਰੀ ਕਰਨ ਦਾ ਅਧਿਕਾਰ (Power Concerning Writs)

ਮੌਲਿਕ ਅਧਿਕਾਰਾਂ ਨਾਲ ਸੰਬੰਧਿਤ ਕੋਈ ਵੀ ਮੁਕੱਦਮਾ ਸਿੱਧਾ ਹੀ ਹਾਈ ਕੋਰਟ ਵਿਚ ਲਿਜਾਇਆ ਜਾ ਸਕਦਾ ਹੈ। ਇਨ੍ਹਾਂ ਨੂੰ ਲਾਗੂ ਕਰਨ ਲਈ ਹਾਈਕੋਰਟ ਰਿਟਾਂ ਜਾਰੀ ਕਰ ਸਕਦੀ ਹੈ। ਸਾਡੇ ਸੰਵਿਧਾਨ ਵਿਚ ਰਿਟਾਂ ਦੀ ਨਕਲ ਇੰਗਲੈਂਡ ਦੇ ਕਾਨੂੰਨ ਤੋਂ ਕੀਤੀ ਗਈ ਹੈ। ਭਾਰਤ ਦਾ ਨਵਾਂ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਕੇਵਲ ਕਲਕੱਤਾ, ਬੰਬਈ ਤੇ ਮਦਰਾਸ ਦੀਆਂ ਹਾਈ ਕੋਰਟਾਂ ਨੂੰ ਹੀ ਮੁੱਢਲੇ ਅਧਿਕਾਰ ਵਿਚ ਰਿਟ ਜਾਰੀ ਕਰਨ ਦੀ ਸ਼ਕਤੀ ਪ੍ਰਾਪਤ ਸੀ। ਹੁਣ ਅਨੁਛੇਦ 226 ਅਨੁਸਾਰ ਸਾਰੀਆਂ ਕੋਰਟਾਂ ਨੂੰ ਮੌਲਿਕ ਅਧਿਕਾਰਾਂ ਦੀ ਰੱਖਿਆ ਜਾਂ ਕਿਸੇ ਹੋਰ ਮਕਸਦ ਲਈ ਰਿਟ (Writ) ਜਾਰੀ ਕਰਨ ਦਾ ਅਧਿਕਾਰ ਪ੍ਰਾਪਤ ਹੈ। ਸੰਵਿਧਾਨ ਦੀ ਪੰਦਰਵੀਂ ਸੋਧ ਤੋਂ ਪਹਿਲਾਂ ਹਾਈ ਕੋਰਟਾਂ ਕੇਵਲ ਆਪਦੇ ਖੇਤਰ ਵਿਚ ਹੀ ਰਿਟ ਜਾਰੀ ਕਰ ਸਕਦੀਆਂ ਸਨ ਪਰ ਇਸ ਸੋਧ ਤੋਂ ਪਿਛੋਂ ਆਪਣੇ ਇਲਾਕੇ ਤੋਂ ਬਾਹਰ ਵੀ ਰਿਟ ਜਾਰੀ ਕੀਤੇ ਜਾ ਸਕਦੇ ਹਨ। ਰਿਟ ਜਾਰੀ ਕਰਨ ਦਾ ਸਾਧਾਰਣ ਨਿਯਮ ਇਹ ਹੈ ਕਿ ਰਿਟ ਉਦੋਂ ਹੀ ਜਾਰੀ ਕੀਤੇ ਜਾਂਦੇ ਹਨ ਜਦੋਂ ਹੋਰ ਦੂਸਰੇ ਸਾਧਨ ਸਮਾਪਤ ਹੋ ਜਾਣ, ਪਰ ਹਾਈ ਕੋਰਟ ਆਪਣੀ ਇੱਛਾ ਅਨੁਸਾਰ ਇਸ ਤੋਂ ਪਹਿਲਾਂ ਵੀ ਰਿਟ ਜਾਰੀ ਕਰ ਸਕਦੀ ਹੈ।

ਪਹਿਲਾਂ ਹਾਈ ਕੋਰਟਾਂ ਬੰਦੀ ਪ੍ਰਤੱਖ ਕਰਨ ਦੀ ਰਿਟ (Writ of Habeas Corpus) ਹੀ ਜਾਰੀ ਕਰ ਸਕਦੀਆਂ ਸਨ ਤੇ ਕਿਸੇ ਕੈਦੀ ਨੂੰ ਕਾਨੂੰਨ ਦੇ ਵਿਰੁੱਧ ਨਜ਼ਰਬੰਦ ਰਖੇ ਜਾਣ ਤੋਂ ਉਸ ਦੀ ਪੁੱਛ ਪੜਤਾਲ ਉਸ ਨੂੰ ਰਿਹਾ ਕਰ ਸਕਦੀਆਂ ਸਨ। ਹਾਈ ਕੋਰਟਾਂ ਨੂੰ ਮੌਲਿਕ ਅਧਿਕਾਰਾਂ ਦੀ ਰਖਿਆ ਲਈ ਕੁਝ ਹੋਰ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ ਜਿਵੇਂ ਕਿ ਪਰਮ ਆਦੇਸ਼ (Mandamus), ਮਨਾਹੀ ਦਾ ਰਿਟ (Writ of Prohibition) ਅਧਿਕਾਰ ਪ੍ਰੀਖਿਆ (Quo-warranto) ਅਤੇ ਵੇਰਵਾ ਪ੍ਰਾਪਤ ਕਰਨ ਲਈ ਰਿਟ (Certiorari) ਵੀ ਜਾਰੀ ਕਰ

ਸਕਦੀਆਂ ਹਨ। ਭਾਵੇਂ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੋਹਾਂ ਨੂੰ ਮੌਲਿਕ ਅਧਿਕਾਰਾਂ ਦੀ ਰੱਖਿਆ ਲਈ ਰਿਟ ਜਾਰੀ ਕਰਨ ਦੀਆਂ ਸ਼ਕਤੀਆਂ ਹਨ। ਭਾਵੇਂ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਨੂੰ ਅਧਿਕਾਰਾਂ ਦੀ ਰੱਖਿਆ ਲਈ ਵਿਸ਼ੇਸ਼ ਜ਼ਿੰਮੇਵਾਰੀ ਨਹੀਂ ਸੌਂਪੀ ਗਈ। ਇਹ ਕੰਮ ਸੁਪਰੀਮ ਕੋਰਟ ਨੂੰ ਦਿੱਤਾ ਗਿਆ ਹੈ। ਇਸ ਗੱਲ ਜਸਟਿਸ ਸ਼ਾਸਤਰੀ ਨੇ ਰਾਮੇਸ਼ ਥਾਪਰ ਬਨਾਮ ਮਦਰਾਸ ਵਿਚ ਵਿਚ ਹੋਰ ਸਪਸ਼ਟ ਕਰ ਦਿੱਤੀ ਹੈ। ਇਹ ਗੱਲ ਖਾਸ ਧਿਆਨ ਦੇਣ ਵਾਲੀ ਹੈ ਕਿ ਸੁਪਰੀਮ ਕੋਰਟ ਤਾਂ ਕੇਵਲ ਮੌਲਿਕ ਅਧਿਕਾਰਾਂ ਲਈ ਹੀ ਰਿਟ ਜਾਰੀ ਕਰ ਸਕਦੀ ਹੈ ਪਰ ਹਾਈ ਕੋਰਟ ਉਹਨਾਂ ਮਾਮਲਿਆਂ ਵਿਚ ਵੀ ਰਿਟ ਜਾਰੀ ਕਰ ਸਕਦੀ ਹੈ ਜਿਥੇ ਕਿਸੇ ਸਾਧਾਰਣ ਕਾਨੂੰਨੀ ਨੁਕਤੇ ਦੀ ਉਲੰਘਣਾ ਕੀਤੀ ਗਈ ਹੋਵੇ ਬਸ਼ਰਤੇ ਕਿ ਅਜਿਹੇ ਕੇਸਾਂ ਵਿਚ ਰਿਟ ਸਥਾਪਿਤ ਅਸੂਲਾਂ ਅਨੁਸਾਰ ਇਕ ਉਚਿਤ ਉਪਾਅ ਹੋਵੇ। ਇਸ ਸਬੰਧ ਵਿਚ ਹਾਈ ਕੋਰਟ ਦਾ ਖੇਤਰ ਸੁਪਰੀਮ ਕੋਰਟ ਨਾਲੋਂ ਵੀ ਵੱਧ ਜਾਂਦਾ ਹੈ।

ਸੰਸਦ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਸੰਬੰਧ ਵਿਚ ਪੈਟੀਸ਼ਨਾਂ (Petitions) ਦੀ ਸੁਣਵਾਈ ਹਾਈ ਕੋਰਟਾਂ ਵਿਚ ਹੁੰਦੀ ਹੈ। ਪਹਿਲਾਂ ਇਹ ਕੰਮ ਚੋਣ ਟ੍ਰਿਬਿਊਨਲਾਂ (Election Tribunal) ਨੂੰ ਸੌਂਪਿਆ ਹੋਇਆ ਸੀ।

### ਅਪੀਲ ਸਬੰਧੀ ਅਧਿਕਾਰ ਖੇਤਰ (Appellate Jurisdiction)

ਸਾਰੀਆਂ ਹਾਈ ਕੋਰਟਾਂ ਨੂੰ ਆਪਣੇ ਅਧੀਨ ਅਦਾਲਤਾਂ ਦੇ ਨਿਰਣਿਆਂ ਦੇ ਵਿਰੁੱਧ ਅਪੀਲ ਸੁਣਨ ਦਾ ਅਧਿਕਾਰ ਹੈ। ਫੌਜਦਾਰੀ ਮਾਮਲਿਆਂ ਵਿਚ ਜਦੋਂ ਇਕ ਦੋਸ਼ੀ ਨੂੰ ਸੈਸ਼ਨ ਜੱਜ ਦੰਡ ਦੇ ਦਿੰਦਾ ਹੈ ਤਾਂ ਉਸ ਦੇ ਨਿਰਣੇ ਦੇ ਵਿਰੁੱਧ ਅਪੀਲ ਹਾਈ ਕੋਰਟ ਵਿਚ ਕੀਤੀ ਜਾ ਸਕਦੀ ਹੈ। ਜੇਕਰ ਸੈਸ਼ਨ ਜੱਜ ਵਲੋਂ ਕਿਸੇ ਵਿਅਕਤੀ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ ਤਾਂ ਵੀ ਉਸ ਦੀ ਪੁਸ਼ਟੀ ਹਾਈ ਕੋਰਟ ਪਾਸੋਂ ਕਰਵਾਉਣੀ ਪੈਂਦੀ ਹੈ। ਫੈਸਲੇ ਦੇ ਵਿਰੁੱਧ ਅਪੀਲ 30 ਦਿਨਾਂ ਵਿਚ ਹਾਈ ਕੋਰਟ ਦੇ ਰਜਿਸਟਰ ਕੋਲ ਕੀਤੀ ਜਾ ਸਕਦੀ ਹੈ। ਹਾਈ ਕੋਰਟ ਇਹਨਾਂ ਫੌਜਦਾਰੀ ਮੁਕੱਦਮਿਆਂ ਤੋਂ ਤੁੰਟ ਦਿਵਾਨੀ ਮੁਕੱਦਮੇ ਵੀ ਸੁਣਦੀ ਹੈ। ਮਿਸਾਲ ਵਜੋਂ 5000 ਰੁਪਏ ਤੋਂ ਵੱਧ ਮਾਮਲਿਆਂ ਵਿਚ ਹਾਈ ਕੋਰਟ ਨੂੰ ਅਪੀਲ ਕੀਤੀ ਜਾ ਸਕਦੀ। ਹਾਈਕੋਰਟ ਪੈਟੈਂਟ ਤੇ ਡਿਜ਼ਾਇਨ ਵਿਰਾਸਤ, ਭੂਮੀ ਪ੍ਰਾਪਤ ਤੇ ਦੀਵਾਨੀਆਪਨ ਆਦਿ ਦੇ ਮੁਕੱਦਮਿਆਂ ਵਿਚ ਵੀ ਅਪੀਲ ਸੁਣਦਾ ਹੈ। ਇਨ੍ਹਾਂ ਤੋਂ ਇਲਾਵਾ ਕੋਈ ਵੀ ਮੁਕੱਦਮਾ ਜਿਸ ਵਿਚ ਸੰਵਿਧਾਨ ਦੀ ਵਿਆਖਿਆ ਦਾ ਸੁਆਲ ਹੋਵੇ ਹਾਈ ਕੋਰਟ ਵਿਚ ਅਪੀਲ ਦੇ ਰੂਪ ਵਿਚ ਲਿਜਾਇਆ ਜਾ ਸਕਦਾ ਹੈ।

### ਪ੍ਰਬੰਧ ਸੰਬੰਧੀ ਅਧਿਕਾਰ (Administrative Powers)

ਹਾਈ ਕੋਰਟ ਨੂੰ ਆਪਣੇ ਖੇਤਰ ਵਿਚ ਅਧੀਨ ਅਦਾਲਤਾਂ ਦੇ ਪ੍ਰਬੰਧ ਦਾ ਪੂਰਾ ਅਧਿਕਾਰ ਦਿੱਤਾ ਗਿਆ ਹੈ। ਫੌਜੀ ਅਦਾਲਤਾਂ ਇਸ ਅਧੀਨ ਨਹੀਂ ਹਨ। ਹਾਈ ਕੋਰਟ ਨੂੰ ਪ੍ਰਬੰਧਕ ਤੇ ਨਿਆਂ ਸੰਬੰਧੀ ਦੋਵੇਂ ਅਧਿਕਾਰ ਪ੍ਰਾਪਤ ਹਨ। ਅਧੀਨ ਅਦਾਲਤਾਂ ਤੇ ਕਈ ਹੋਰ ਨਿਆਂ ਅਧਿਕਰਣ (Tribunals) ਵੀ ਇਸ ਦੀ ਨਿਗਰਾਨੀ ਵਿਚ ਹੁੰਦੇ ਹਨ ਜਿਵੇਂ ਕਿਰਤ ਨਿਆਂ-ਅਧਿਕਰਣ (Labour Tribunal), ਟਰਾਂਸਪੋਰਟ ਨਿਆਂ-ਅਧਿਕਰਣ (Transport Tribunal) ਆਦਿ। ਇਸ ਅਧਿਕਾਰ ਦੇ ਅਨੁਸਾਰ ਉਹ ਆਪਣੀਆਂ ਅਧੀਨ ਅਦਾਲਤਾਂ ਦੇ ਕਿਸੇ ਵੀ ਫੈਸਲੇ ਨੂੰ ਠੀਕ ਕਰ ਸਕਦੀ ਹੈ। ਜੇਕਰ ਅਧੀਨ ਅਦਾਲਤਾਂ ਵਿਚ ਕੋਈ ਅਜਿਹਾ ਮੁਕੱਦਮਾ ਚਲ ਰਿਹਾ ਹੋਵੇ ਜਿਸ ਵਿਚ ਭਾਰਤੀ ਸੰਵਿਧਾਨ ਦੀ ਵਿਆਖਿਆ ਦਾ ਸੁਆਲ ਪੈਦਾ ਹੁੰਦਾ ਹੈ ਤਾਂ ਹਾਈ ਕੋਰਟ ਅਜਿਹੇ ਮੁਕੱਦਮੇ ਨੂੰ ਆਪਣੇ ਪਾਸ ਤਬਦੀਲ ਕਰਵਾ ਸਕਦੀ ਹੈ। ਅਧੀਨ ਅਦਾਲਤ ਦੀ ਕਾਰਜਵਿਧੀ, ਰਿਕਾਰਡ, ਰਜਿਸਟਰ ਤੇ ਹਿਸਾਬ ਆਦਿ ਰਖਣ ਬਾਰੇ ਵੀ ਹਾਈ ਕੋਰਟ ਆਪਣੀਆਂ ਅਧੀਨ ਅਦਾਲਤਾਂ ਲੰਬੀ ਨਿਯਮ ਤੇ ਵਿਨਿਯਮ (Rules and Regulations) ਬਣਾ ਸਕਦੀ ਹੈ। ਹਾਈ ਕੋਰਟ ਇਕ ਅਧੀਨ ਅਦਾਲਤ ਤੋਂ ਕਿਸੇ ਮੁਕੱਦਮੇ ਨੂੰ ਦੂਜੀ ਅਧੀਨ ਅਦਾਲਤ ਵਿਚ ਤਬਦੀਲ ਕਰ ਸਕਦੀ ਹੈ। ਇਹ ਅਧੀਨ ਅਦਾਲਤਾਂ ਦੇ ਸਟਾਫ, ਕਲਰਕ ਦੂਜੇ ਕਰਮਚਾਰੀ ਤੇ ਵਕੀਲ ਆਦਿ ਦੀ ਫੀਸ ਨਿਸ਼ਚਿਤ ਕਰ ਸਕਦੀ ਹੈ। ਇਹ ਜ਼ਿਲ੍ਹਾ ਅਦਾਲਤਾਂ ਤੇ ਉਸ ਦੀਆਂ ਛੋਟੀਆਂ ਅਦਾਲਤਾਂ ਦੀਆਂ ਛੁੱਟੀਆਂ ਆਦਿ ਦੇ ਬਾਰੇ ਨਿਯਮ ਬਣਾ ਸਕਦੀ ਹੈ।

### ਪ੍ਰਮਾਣ ਅਦਾਲਤਾਂ ਦੇ ਰੂਪ ਵਿਚ (Court of Record)

ਹਾਈ ਕੋਰਟ ਪ੍ਰਮਾਣ ਅਦਾਲਤ ਵੀ ਹੈ ਤੇ ਇਸ ਕੋਲ ਪ੍ਰਮਾਣ ਅਦਾਲਤ ਦੀਆਂ ਸਾਰੀਆਂ ਸ਼ਕਤੀਆਂ ਹਨ

ਜਿਸ ਵਿਚ ਅਦਾਲਤ ਨੂੰ ਅਪਮਾਨ ਦੀ ਸਜ਼ਾ ਦੇਣ ਦਾ ਅਧਿਕਾਰ ਵੀ ਸ਼ਾਮਿਲ ਹੈ। ਪ੍ਰਮਾਣ ਅਦਾਲਤਾਂ ਦੀਆਂ ਦੋ ਵਿਸ਼ੇਸ਼ਤਾਈਆਂ ਹੁੰਦੀਆਂ ਹਨ : 1. ਅਦਾਲਤਾਂ ਦੀ ਕਾਰਵਾਈ ਰੀਕਾਰਡ ਕੀਤੀ ਜਾਂਦੀ ਹੈ, ਫੈਸਲੇ ਛਾਪੇ ਜਾਂਦੇ ਹਨ ਤੇ ਬਾਕੀ ਮੁਕੱਦਮਿਆਂ ਵਿਚ ਇਹਨਾਂ ਦਾ ਪ੍ਰਮਾਣ ਦਿੱਤਾ ਜਾ ਸਕਦਾ ਹੈ। 2. ਅਦਾਲਤ ਨੂੰ ਆਪਣੇ ਅਪਮਾਨ (Contempt of Court) ਲਈ ਦੰਡ ਦੇਣ ਦਾ ਅਧਿਕਾਰ ਹੁੰਦਾ ਹੈ।

### ਨਿਆਂਇਕ ਪੁਨਰ ਨਿਰੀਖਣ ਦਾ ਅਧਿਕਾਰ (Power of Judicial Review)

ਸੁਪਰੀਮ ਕੋਰਟ ਵਾਂਗ ਰਾਜਾਂ ਦੀਆਂ ਹਾਈ ਕੋਰਟਾਂ ਨੂੰ ਕਾਨੂੰਨ ਸੰਬੰਧੀ ਨਿਆਂਇਕ ਪੁਨਰ ਨਿਰੀਖਣ ਦਾ ਅਧਿਕਾਰ ਪ੍ਰਾਪਤ ਹੈ। ਇਸ ਦਾ ਭਾਵ ਇਹ ਹੈ ਕਿ ਹਾਈ ਕੋਰਟ ਵਿਧਾਨ ਮੰਡਲ ਅਤੇ ਸੰਸਦ ਦੁਆਰਾ ਬਣਾਏ ਕਿਸੇ ਅਜਿਹੇ ਕਾਨੂੰਨ ਨੂੰ ਅਸੰਵਿਧਾਨਿਕ ਘੋਸ਼ਿਤ ਕਰ ਸਕਦੀ ਹੈ ਜੋ ਸੰਵਿਧਾਨ ਦੇ ਕਿਸੇ ਅਨੁਛੇਦ ਜਾਂ ਧਾਰਾ ਦੇ ਵਿਰੁੱਧ ਹੋਵੇ। ਇਥੇ ਇਹ ਨੋਟ ਕਰਣ ਯੋਗ ਹੈ ਕਿ 42ਵੀਂ ਸੋਧ ਨੇ ਇਹ ਪਰਿਵਰਤਨ ਕਰ ਦਿੱਤਾ ਸੀ ਕਿ ਹਾਈ ਕੋਰਟ ਕੇਂਦਰੀ ਕਾਨੂੰਨ ਦਾ ਪੁਨਰ-ਨਿਰੀਖਣ ਕਰਨ ਦਾ ਅਧਿਕਾਰ ਨਹੀਂ ਰਖਦੀਆਂ ਅਤੇ ਸਿਰਫ ਰਾਜ ਦੇ ਕਾਨੂੰਨਾਂ ਨੂੰ ਹੀ ਗੈਰ ਵਿਧਾਨਕ ਘੋਸ਼ਿਤ ਕਰ ਸਕਦੀਆਂ ਹਨ। ਪਰੰਤੂ 43ਵੀਂ ਸੋਧ ਦੁਆਰਾ ਪਹਿਲੇ ਵਾਲੀ ਸਥਿਤੀ ਸਥਾਪਤ ਹੋ ਗਈ ਹੈ ਅਤੇ ਹਾਈ ਕੋਰਟ ਸੰਸਦੀ ਕਾਨੂੰਨਾਂ ਦੀ ਜਾਂਚ ਵੀ ਕਰ ਸਕਦੀਆਂ ਹਨ। ਪਰ ਹਾਈ ਕੋਰਟ ਦੇ ਅਜਿਹੇ ਫੈਸਲੇ ਵਿਰੁੱਧ ਸੁਪਰੀਮ ਕੋਰਟ ਪਾਸ ਅਪੀਲ ਕੀਤੀ ਜਾ ਸਕਦੀ ਹੈ।

### ਹਾਈ ਕੋਰਟ ਨੂੰ ਮੁਕੱਦਮਾ ਤਬਦੀਲ ਕਰਨ ਦਾ ਅਧਿਕਾਰ (Power to Transfer Cases)

ਹਾਈ ਕੋਰਟ ਨੂੰ ਅਧੀਨ ਅਦਾਲਤਾਂ ਵਿਚੋਂ ਕਿਸੇ ਵੀ ਮੁਕੱਦਮੇ ਨੂੰ ਆਪਣੇ ਕੋਲ ਮੰਗਵਾਉਣ ਦਾ ਅਧਿਕਾਰ ਹੈ ਜੇ ਇਹ ਸਮਝੇ ਕਿ ਮੁਕੱਦਮੇ ਦਾ ਫੈਸਲਾ ਕਰਨ ਲਈ ਸੰਵਿਧਾਨ ਕਰਨ ਦੀ ਲੋੜ ਹੈ। ਮੁਕੱਦਮੇ ਆਪਣੇ ਕੋਲ ਮੰਗਵਾਉਣ ਤੋਂ ਪਿਛੋਂ ਜਾਂ ਤਾਂ ਇਹ ਆਪ ਪੂਰੇ ਮੁਕੱਦਮੇ ਦਾ ਫੈਸਲਾ ਕਰ ਸਕਦੀ ਹੈ ਤੇ ਜਾਂ ਸਿਰਫ ਸੰਵਿਧਾਨ ਦੀ ਵਿਆਖਿਆ ਹੀ ਕਰਕੇ ਮੁਕੱਦਮੇ ਅਧੀਨ ਅਦਾਲਤ ਨੂੰ ਨਿਰਣੇ ਲਈ ਭੇਜ ਸਕਦੀ ਹੈ। ਇਹ ਅਧਿਕਾਰ ਹਾਈ ਕੋਰਟ ਨੂੰ ਦੇ ਕੇ ਛੋਟੀਆਂ ਅਦਾਲਤਾਂ ਵਿਚ ਸੰਵਿਧਾਨ ਦੀ ਵੱਖ ਵੱਖ ਪ੍ਰਕਾਰ ਦੀ ਵਿਆਖਿਆ ਹੋਣ ਤੇ ਰੋਕ ਲਗਾਈ ਗਈ ਹੈ।

ਹਾਈ ਕੋਰਟ ਦਾ ਖੇਤਰ ਰਾਜ ਤੇ ਸੰਘੀ ਨਿਯਮਾਂ ਤਕ ਫੈਲਿਆ ਹੋਇਆ ਹੈ। ਸੰਘੀ ਤੇ ਸਮਵਰਤੀ ਸੂਚੀ ਦੇ ਵਿਸ਼ਿਆਂ ਨਾਲ ਸੰਬੰਧਿਤ ਇਸ ਦੀਆਂ ਸ਼ਕਤੀਆਂ ਤੇ ਫੈਲਾਓ ਦਾ ਫੈਸਲਾ ਸੰਸਦ ਕਰਦੀ ਹੈ ਤੇ ਰਾਜ ਤੇ ਸਮਵਰਤੀ ਸੂਚੀ ਦੇ ਵਿਸ਼ਿਆਂ ਨਾਲ ਸੰਬੰਧਤ ਇਸ ਦੀਆਂ ਸ਼ਕਤੀਆਂ ਤੇ ਫੈਲਾਓ ਦਾ ਵਿਧਾਨ ਮੰਡਲ ਕਰਦਾ ਹੈ। ਹਾਈ ਕੋਰਟ ਨੂੰ ਆਪਣੀ ਅਦਾਲਤ ਦੇ ਨਿਯਮ ਬਣਾਉਣ ਦਾ ਬੈਠਕਾਂ ਬਾਰੇ, ਵਕਾਲਤ ਬਾਰੇ ਤੇ ਹੋਰ ਸਬੰਧਿਤ ਵਿਸ਼ਿਆਂ ਲਈ ਕਾਨੂੰਨ ਬਣਾਉਣ ਦੇ ਪੂਰਣ ਅਧਿਕਾਰ ਹੈ।

### ਸਾਰੰਸ਼

ਇਸ ਪਾਠ ਵਿਚ ਅਸੀਂ ਰਾਜ ਦੀ ਹਾਈ ਕੋਰਟ ਬਾਰੇ ਪੜ੍ਹਿਆ ਹੈ। ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਸੁਪਰੀਮ ਕੋਰਟ ਦੇ ਮੁੱਖ ਜੱਜ, ਰਾਜ ਦੇ ਗਵਰਨਰ ਤੇ ਸੰਬੰਧਿਤ ਹਾਈ ਕੋਰਟ ਦੇ ਮੁੱਖ ਜੱਜ ਦੀ ਸਲਾਹ ਨਾਲ ਕਰਦਾ ਹੈ। ਇਹਨਾਂ ਨੂੰ ਹਟਾਉਣ ਦਾ ਢੰਗ ਬੜਾ ਕਠਿਨ ਹੈ ਅਤੇ ਇਹਨਾਂ ਦੀ ਤਨਖਾਹ ਆਦਿ ਨੂੰ ਇਨ੍ਹਾਂ ਦੀ ਸੇਵਾ ਦੌਰਾਨ ਘਟਾਇਆ ਨਹੀਂ ਜਾ ਸਕਦਾ। ਹਾਈ ਕੋਰਟ ਪਾਸ ਮੌਲਿਕ ਅਤੇ ਅਪੀਲੀ ਅਧਿਕਾਰ ਖੇਤਰ ਹੈ। ਇਹ ਸੰਵਿਧਾਨ ਵਿਚ ਦਿੱਤੇ ਗਏ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਦੀ ਹੈ ਅਤੇ ਰਿਟ ਜਾਰੀ ਕਰ ਸਕਦੀ ਹੈ। ਇਹ ਪ੍ਰਮਾਣਿਕ ਅਦਾਲਤ ਵੀ ਹੈ। ਪ੍ਰਬੰਧ ਦੇ ਪੱਖ ਤੋਂ ਇਹ ਅਧੀਨ ਅਦਾਲਤਾਂ ਨੂੰ ਕੰਟਰੋਲ ਕਰਦੀ ਹੈ। ਰਾਜ ਦੀ ਹਾਈ ਕੋਰਟ ਤੋਂ ਛੁਟ ਰਾਜ ਦੇ ਹਰ ਜ਼ਿਲ੍ਹੇ ਵਿਚ ਫੌਜਦਾਰੀ ਅਤੇ ਦੀਵਾਨੀ ਅਦਾਲਤਾਂ ਹਨ।

**SUGGESTED BOOKS**


| | | | |
|---|---|---|---|
| 1. | G. N. Joshi | : | The Constitution of India, pp. 151-86. |
| 2. | M. P. Sharma | : | The Govt. of Indian Republic, Chapter 10 |
| 3. | Report of Law Commission | : | The Govt. of Indian Publication |
| 4. | S.S. Nanda | : | Constitution of India (Pbi. Ed.) |
| 5. | G.S. Deol | : | - do - |

ਪੰਜਾਬੀ ਯੂਨੀਵਰਸਿਟੀ ਪਟਿਆਲਾ
ਵਿਦਿਆ ਵੀਚਾਰੀ ਤਾਂ ਪਰਉਪਕਾਰੀ
PUNJABI UNIVERSITY PATIALA

ਬੀ.ਏ. ਭਾਗ ਪਹਿਲਾ
ਸਮੈਸਟਰ-ਦੂਜਾ

**ਪੁਲਿਸ ਐਡਮਿਨਿਸਟਰੇਸ਼ਨ**

ਭਾਗ- ਅ

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰਬਰ :

## ਭਾਗ-ਅ


2.1 : ਗਵਰਨਰ

2.2 : ਰਾਜ ਦਾ ਮੁੱਖ ਮੰਤਰੀ, ਮੁੱਖ ਸਕੱਤਰ

2.3 : ਰਾਜ ਵਿਧਾਨ ਮੰਡਲ

2.4 : ਰਾਜ ਨਿਆਂਪਾਲਿਕਾ - ਹਾਈ ਕੋਰਟ

2.5 : ਲੋਕ ਪਾਲ/ ਲੋਕ ਆਯੁਕਤ

2.6 : ਅਨੁਸੂਚਿਤ ਜਾਤੀ/ਕਬੀਲੇ ਕੇਂਦਰੀ ਆਯੋਗ


ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ **www.dccpbi.com** ਤੋਂ ਡਾਊਨਲੋਡ ਕਰਨ।

**ਪਾਠ ਨੰ: 2.5**

## ਲੋਕ ਪਾਲ/ਲੋਕ ਆਯੁਕਤ
## (Lok Pal/Lok Ayukta)

ਕਲਿਆਣਕਾਰੀ ਰਾਜ ਜਿਸਦਾ ਉਦੇਸ਼ ਲੋਕਾਂ ਦੀ ਭਲਾਈ ਕਰਨਾ ਹੁੰਦਾ ਹੈ, ਉਹ ਲੋਕਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਲਈ ਕਿਸੇ ਢੁਕਵੀਂ ਸੰਸਥਾ ਦੀ ਵਿਵਸਥਾ ਵੀ ਕਰਦਾ ਹੈ। ਭਾਰਤ ਕਲਿਆਣਕਾਰੀ ਰਾਜ ਦੇ ਉਦੇਸ਼ ਦੀ ਪ੍ਰਾਪਤੀ ਲਈ ਵਚਨਬੱਧ ਹੈ। ਜਨਤਕ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਭਾਰਤ ਸਰਕਾਰ ਵਲੋਂ ਭਾਵੇਂ ਕਈ ਕਦਮ ਚੁੱਕੇ ਗਏ ਹਨ, ਪਰੰਤੂ ਉਹ ਸਾਰੇ ਅਸਰਦਾਰ ਸਿੱਧ ਨਹੀਂ ਹੋਏ। ਵਿਸ਼ਵਾਸ ਕੀਤਾ ਜਾਂਦਾ ਸੀ ਕਿ ਲੋਕ ਪਾਲ/ਲੋਕ ਆਯੁਕਤ ਨਾਮ ਦੀ ਸੰਸਥਾ ਦੇਸ਼ ਵਿਚ ਵੱਡੇ ਪੱਧਰ ਤੇ ਪ੍ਰਚਲਤ ਰਾਜਨੀਤਿਕ ਭ੍ਰਿਸ਼ਟਾਚਾਰ ਨੂੰ ਠਲ੍ਹ ਪਾਉਣ ਵਿਚ ਕਾਫ਼ੀ ਸਹਾਇਕ ਸਿੱਧ ਹੋਵੇਗੀ।

ਲੋਕ ਪਾਲ ਅਤੇ ਲੋਕ ਆਯੁਕਤ ਨਾਮ ਦੀ ਸੰਸਥਾ ਸਵੀਡਨ ਦੀ ਓਂਮਬਡਜ਼ਮੈਨ (Ombudsman) ਸੰਸਥਾ ਦੀ ਨਕਲ ਹੈ। ਸੰਸਾਰ ਦੇ ਕਈ ਦੇਸ਼ ਜਿਵੇਂ ਫਿਨਲੈਂਡ (Finland), ਡੈਨਮਾਰਕ (Denmark), ਨਾਰਵੇ (Norway), ਨੀਊਜ਼ੀਲੈਂਡ (New zealand), ਯੂਨਾਈਟਿਡ ਕਿੰਗਡਮ (United Kingdom) ਆਦਿ ਵਿਚ ਓਂਮਬਡਜ਼ਮੈਨ ਨਾਮੀ ਸੰਸਥਾ ਰਾਜਨੀਤਿਕ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਬੜੀ ਸਫ਼ਲਤਾ ਨਾਲ ਕੰਮ ਕਰ ਰਹੀ ਹੈ।

ਭਾਰਤ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਲਈ 1964 ਵਿਚ ਕੇਂਦਰੀ ਜਾਂਚ ਕਮਿਸ਼ਨ (Central Vigilance Commission) ਸਥਾਪਿਤ ਕੀਤਾ ਗਿਆ ਸੀ, ਪ੍ਰੰਤੂ ਇਹ ਆਪਣੇ ਉਦੇਸ਼ ਦੀ ਪੂਰਤੀ ਕਰਨ ਲਈ ਅਸਫ਼ਲ ਰਿਹਾ ਸੀ। ਇਸ ਲਈ 5 ਜਨਵਰੀ 1966 ਨੂੰ ਭਾਰਤ ਸਰਕਾਰ ਨੇ ਸ੍ਰੀ ਮੋਰਾਰਜੀ ਦੇਸਾਈ ਦੀ ਅਗਵਾਈ ਅਧੀਨ ਪ੍ਰਸ਼ਾਸਕੀ ਸੁਧਾਰ ਕਮਿਸ਼ਨ (Administrative Reforms Commission) ਦੀ ਸਥਾਪਨਾ ਕੀਤੀ ਸੀ ਜਿਸਨੇ ਆਪਣੀ ਰੀਪੋਰਟ ਵਿਚ ਸੁਝਾਓ ਦਿੱਤਾ ਸੀ ਕਿ ਰਾਜਨੀਤਿਕ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਪੜਤਾਲ ਕਰਨ ਲਈ ਕੇਂਦਰੀ ਪੱਧਰ ਅਤੇ ਰਾਜ ਪੱਧਰ ਉਪਰ ਲੋਕ ਪਾਲ ਤੇ ਲੋਕ ਆਯੁਕਤ ਨਾਮੀ ਸੰਸਥਾ ਦੀ ਸਥਾਪਨਾ ਕੀਤੀ ਜਾਵੇ। ਕਮਿਸ਼ਨ ਨੇ ਆਪਣੀ ਰੀਪੋਰਟ ਵਿਚ ਕਿਹਾ ਕਿ ਇਹ ਸੰਸਥਾ ਸੁਤੰਤਰ ਅਤੇ ਨਿਰਪੱਖ ਹੋਣੀ ਚਾਹੀਦੀ ਹੈ। ਇਸਨੇ ਇਹ ਵੀ ਸੁਝਾਓ ਦਿੱਤਾ ਕਿ ਲੋਕ ਪਾਲ ਅਤੇ ਲੋਕ ਆਯੁਕਤ ਨਾਮੀ ਸੰਸਥਾ ਦੀ ਸਥਾਪਨਾ ਲਈ ਸੰਸਦ ਵਿਚ ਇਕ ਬਿਲ ਪੇਸ਼ ਕੀਤਾ ਜਾਵੇ।

ਇਸ ਲਈ 1968 ਵਿਚ ਭਾਰਤ ਸਰਕਾਰ ਨੇ ਸੰਸਦ ਵਿਚ ਲੋਕ ਪਾਲ ਅਤੇ ਲੋਕ ਆਯੁਕਤ ਸੰਸਥਾ ਦੀ ਸਥਾਪਨਾ ਲਈ ਬਿਲ ਪੇਸ਼ ਕੀਤਾ ਜਿਸ ਵਿਚ ਪ੍ਰਧਾਨ ਮੰਤਰੀ ਨੂੰ ਉਸਦੇ ਦਾਇਰੇ ਤੋਂ ਬਾਹਰ ਰਖਿਆ ਗਿਆ। ਸੰਸਦ ਦੇ ਦੋਹਾਂ ਸਦਨਾਂ ਦੀ ਸਾਂਝੀ ਕਮੇਟੀ ਨੇ ਭਾਵੇਂ ਅਜਿਹੇ ਵਿਚਾਰ ਦੀ ਪ੍ਰੋੜ੍ਹਤਾ ਕੀਤੀ, ਪ੍ਰੰਤੂ ਵਿਰੋਧੀ ਦਲਾਂ ਨੇ ਇਸਦੀ ਕਾਫ਼ੀ ਆਲੋਚਨਾ ਵੀ ਕੀਤੀ। ਅੰਤ ਸਾਂਝੀ ਸਮੀਤੀ ਦੀ ਸਿਫ਼ਾਰਸ਼ ਤੇ 1969 ਵਿਚ ਲੋਕ ਸਭਾ ਨੇ ਲੋਕ ਪਾਲ ਅਤੇ ਲੋਕ ਆਯੁਕਤ ਬਿਲ ਨੂੰ ਪਾਸ ਕਰ ਦਿੱਤਾ। ਅਜੇ ਇਹ ਬਿਲ ਰਾਜ ਸਭਾ ਵਲੋਂ ਪਾਸ ਹੋਣਾ ਰਹਿੰਦਾ ਸੀ ਕਿ ਚੌਥੀ ਲੋਕ ਸਭਾ ਭੰਗ ਹੋ ਗਈ ਅਤੇ ਜਿਸਦੇ ਫਲਸਰੂਪ ਇਹ ਬਿਲ ਵੀ ਖਤਮ ਹੋ ਗਿਆ। 1971 ਵਿਚ ਇਕ ਵਾਰੀ ਫਿਰ ਲੋਕ ਪਾਲ ਅਤੇ ਲੋਕ ਆਯੁਕਤ ਬਿਲ ਲੋਕ ਸਭਾ ਵਿਚ ਪੇਸ਼ ਕੀਤਾ ਗਿਆ ਪ੍ਰੰਤੂ ਪੰਜਵੀਂ ਲੋਕ ਸਭਾ ਦੇ ਭੰਗ ਹੋਣ ਨਾਲ ਇਹ ਬਿੱਲ ਜਿਉਂ ਦਾ ਤਿਉਂ ਹੀ ਰਿਹਾ। 1971 ਦੇ ਬਿਲ ਦਾ ਖਰੜਾ ਪ੍ਰਸ਼ਾਸਕੀ ਸੁਧਾਰ ਕਮਿਸ਼ਨ ਵਲੋਂ ਸੁਝਾਏ ਬਿਲ ਨਾਲੋਂ ਦੋ ਪੱਖਾਂ ਤੋਂ ਮੁੱਖ ਤੌਰ ਤੇ ਭਿੰਨ ਸੀ[1] :-

(i) ਜਨਤਕ ਸੇਵਕ ਇਸਦੇ ਦਾਇਰੇ ਅਧੀਨ ਨਹੀਂ ਆਉਂਦੇ ਸਨ।

(ii) ਇਸ ਨੇ ਮੰਤਰੀਆਂ ਅਤੇ ਸਕੱਤਰਾਂ ਤੱਕ ਵੀ ਇਸ ਨੂੰ ਸੀਮਤ ਨਾ ਕੀਤਾ।

ਦੂਸਰੇ ਸ਼ਬਦਾਂ ਵਿਚ ਇਹ ਬਿਲ ਇਕ ਕਾਨੂੰਨੀ ਸੰਸਥਾ ਦੀ ਸਥਾਪਨਾ ਦੇ ਹੱਕ ਵਿਚ ਸੀ ਅਤੇ ਕੇਵਲ ਉਹਨਾਂ ਕੇਸਾਂ ਦੀ ਜਾਂਚ ਕਰਾਉਣਾ ਚਾਹੁੰਦਾ ਸੀ ਜਿਨ੍ਹਾਂ ਬਾਰੇ ਸੰਘੀ ਲੋਕ ਸੇਵਾ ਆਯੋਗ (UPSC) ਨੇ ਸਿਫ਼ਾਰਸ਼ ਕੀਤੀ ਹੋਵੇ।

1977 ਵਿਚ ਇਕ ਵਾਰੀ ਫਿਰ ਜਨਤਾ ਸਰਕਾਰ ਨੇ ਲੋਕ ਸਭਾ ਦੁਆਰਾ ਲੋਕ ਪਾਲ ਬਿਲ ਪਾਸ ਕਰਾਉਣ ਦਾ ਯਤਨ ਕੀਤਾ ਪ੍ਰੰਤੂ ਇਸ ਵਾਰੀ ਵੀ ਇਸ ਨੂੰ ਅਸਫ਼ਲਤਾ ਦਾ ਮੂੰਹ ਵੇਖਣਾ ਪਿਆ। ਇਸ ਬਿੱਲ ਨੂੰ ਦੋਹਾਂ ਸਦਨਾਂ ਦੀ ਸਾਂਝੀ ਕਮੇਟੀ ਦੇ ਵਿਚਾਰ ਜਾਨਣ ਲਈ ਭੇਜਿਆ ਗਿਆ ਸੀ ਅਤੇ ਜਿਸਨੇ ਜੁਲਾਈ 1978 ਵਿਚ ਆਪਣੀ ਰੀਪੋਰਟ ਲੋਕ ਸਭਾ ਨੂੰ

1. Statement of objects and reasons, The Lok Pal Bill 1971

ਪੇਸ਼ ਕੀਤੀ। ਜਦੋਂ ਲੋਕ ਸਭਾ ਵਿਚ ਬਿਲ ਉੱਤੇ ਸੰਯੁਕਤ ਕਮੇਟੀ ਦੀ ਰੀਪੋਰਟ ਤੇ ਵਿਚਾਰ ਚਲ ਰਹੀ ਸੀ ਤਾਂ ਲੋਕ ਸਭਾ ਦਾ ਇਜਲਾਸ ਉਠਾ ਦਿੱਤਾ ਗਿਆ (Prorogued) ਅਤੇ ਬਾਅਦ ਵਿਚ ਉਸਨੂੰ ਭੰਗ ਕਰ ਦਿੱਤਾ ਗਿਆ ਸੀ। ਸਿੱਟੇ ਵਜੋਂ ਬਿਲ ਵੀ ਪਾਸ ਹੋਏ ਬਗੈਰ ਉਥੇ ਹੀ ਸਮਾਪਤ ਹੋ ਗਿਆ। ਪ੍ਰਸਤਾਵਿਤ ਬਿਲ ਵਿਚ ਲੋਕ ਪਾਲ ਦੇ ਅਧਿਕਾਰ ਖੇਤਰ ਵਿਚ ਤਬਦੀਲੀ ਕੀਤੀ ਗਈ ਸੀ। ਇਸ ਬਿਲ ਵਿਚ ਵਿਵਸਥਾ ਕੀਤੀ ਗਈ ਸੀ ਕਿ ਕਾਨੂੰਨ ਅਨੁਸਾਰ ਜਿਹੜੇ ਜਨਤਕ ਵਿਅਕਤੀ ਵਿਰੁੱਧ ਦੁਰਵਿਹਾਰ (Misbehaviour) ਦੇ ਆਧਾਰ ਤੇ ਸ਼ਿਕਾਇਤ ਕੀਤੀ ਜਾਣੀ ਸੀ, ਉਹ ਕੇਵਲ ਪੰਜ ਸਾਲ ਦੇ ਸਮੇਂ ਅੰਦਰ ਕੀਤੀ ਜਾਣੀ ਚਾਹੀਦੀ ਹੈ। ਪ੍ਰਸਤਾਵਿਤ ਲੋਕ ਪਾਲ ਬਿਲ ਦੇ ਅਧਿਕਾਰ ਖੇਤਰ ਵਿਚ ਪ੍ਰਧਾਨ ਮੰਤਰੀ, ਮੰਤਰੀ, ਸੰਸਦ ਦੇ ਮੈਂਬਰ, ਮੁੱਖ ਮੰਤਰੀ, ਰਾਜ ਵਿਧਾਇਕ ਆਦਿ ਨੂੰ ਸ਼ਾਮਿਲ ਕੀਤਾ ਗਿਆ ਸੀ।

ਰਾਜੀਵ ਗਾਂਧੀ ਸਰਕਾਰ ਨੇ ਲੋਕ ਬਿਲ (1985) ਵਿਚ ਲੋੜੀਂਦੀਆਂ ਸੋਧਾਂ ਕਰਕੇ 26 ਅਗਸਤ, 1985 ਨੂੰ ਲੋਕ ਸਭਾ ਵਿਚ ਪੇ ਸ਼ ਕੀਤਾ। ਪ੍ਰੰਤੂ ਇਸ ਵਾਰੀ ਵੀ ਇਹ ਬਿਲ ਪਾਸ ਨਾ ਹੋ ਸਕਿਆ। ਇਸੇ ਤਰ੍ਹਾਂ ਰਾਸ਼ਟਰੀ ਮੋਰਚੇ ਦੀ ਸਰਕਾਰ ਨੇ ਵੀ ਲੋਕ ਪਾਲ ਬਿਲ ਵਿਚ ਲੋੜੀਂਦੀਆਂ ਸੋਧਾਂ ਕਰਕੇ 1989 ਵਿਚ ਲੋਕ ਸਭਾ ਸਾਹਮਣੇ ਪੇਸ਼ ਕੀਤਾ ਪ੍ਰੰਤੂ ਪਹਿਲਾਂ ਵਾਂਗ ਬਿਲ ਦੀ ਕਿਸਮਤ ਦਾ ਫੈਸਲਾ ਨਾ ਹੋ ਸਕਿਆ ਭਾਵ ਬਿਲ ਇਸ ਵਾਰੀ ਵੀ ਲੋਕ ਸਭਾ ਵਿਚ ਪਾਸ ਨਾ ਹੋ ਸਕਿਆ।

13 ਸਤੰਬਰ 1996 ਨੂੰ ਲੋਕ ਪਾਲ ਬਿਲ ਨੂੰ ਇਕ ਵਾਰੀ ਫਿਰ ਲੋਕ ਸਭਾ ਵਿਚ ਪੇਸ਼ ਕੀਤਾ ਗਿਆ। ਲੋਕ ਪਾਲ ਬਿਲ ਵਿਚ ਵਿਵਸਥਾ ਕੀਤੀ ਗਈ ਕਿ, "ਜਨਤਕ ਅਧਿਕਾਰੀਆਂ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਲਈ ਲੋਕ ਪਾਲ ਦੀ ਸੰਸਥਾ ਕਾਇਮ ਕੀਤੀ ਜਾਵੇ।" ਲੋਕ ਸਭਾ ਦੇ ਸਪੀਕਰ ਨੇ ਇਹ ਬਿਲ ਗ੍ਰਹਿ ਮੰਤਰਾਲੇ ਤੇ ਬਣੀ ਸੰਸਦ ਖੜਵੀਂ ਕਮੇਟੀ (Parliamentary Standing Committee) ਦੇ ਵਿਚਾਰ ਜਾਨਣ ਲਈ ਉਸਨੂੰ ਭੇਜਿਆ ਗਿਆ ਪ੍ਰੰਤੂ ਇਸ ਵਾਰੀ ਫਿਰ ਬਿਲ ਨੂੰ ਪਾਸ ਕਰਨ ਲਈ ਲੋੜੀਂਦੀ ਕਾਰਵਾਈ ਨਾ ਕੀਤੀ ਗਈ ਅਤੇ ਬਿਲ ਫਿਰ ਸਮਾਪਤ ਹੋ ਗਿਆ।

ਲੋਕ ਪਾਲ ਬਿਲ ਨੌਵੀਂ ਵਾਰੀ ਭਾਰਤੀ ਜਨਤਾ ਪਾਰਟੀ (BJP) ਦੀ ਸਰਕਾਰ ਨੇ 3 ਅਗਸਤ 1998 ਨੂੰ ਲੋਕ ਸਭਾ ਸਾਹਮਣੇ ਪੇਸ਼ ਕੀਤਾ ਪ੍ਰੰਤੂ ਬੜੇ ਦੁੱਖ ਦੀ ਗੱਲ ਹੈ ਕਿ ਇਹ ਬਿਲ ਅੱਜ ਤਕ ਸੰਸਦ ਦੁਆਰਾ ਪਾਸ ਨਹੀਂ ਹੋ ਸਕਿਆ ਜਿਸ ਕਾਰਨ ਭਾਰਤ ਵਿਚ ਲੋਕ ਪਾਲ ਦੀ ਸੰਸਥਾ ਜਨਤਕ ਅਧਿਕਾਰੀਆਂ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਸੁਤੰਤਰ ਅਤੇ ਨਿਰਪੱਖ ਜਾਂਚ ਕਰਨ ਲਈ ਸਥਾਪਤ ਨਹੀਂ ਹੋ ਸਕੀ।

ਪ੍ਰਸਤਾਵਿਤ ਲੋਕ ਪਾਲ ਬਿਲ ਵਿਚ ਵਿਵਸਥਾ ਕੀਤੀ ਗਈ ਕਿ ਇਹ ਸੰਸਥਾ ਬਹੁ-ਮੈਂਬਰੀ (Multi-member) ਹੋਵੇਗੀ। ਇਸਦਾ ਇਕ ਸਭਾਪਤੀ (Chair Person) ਅਤੇ ਦੋ ਹੋਰ ਮੈਂਬਰ ਹੋਣਗੇ। ਸਭਾਪਤੀ ਅਤੇ ਦੂਸਰੇ ਦੋ ਮੈਂਬਰਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਇਕ ਕਮੇਟੀ (ਜਿਸ ਵਿਚ ਉਪ-ਰਾਸ਼ਟਰਪਤੀ (ਕਮੇਟੀ ਦਾ ਚੇਅਰਮੈਨ), ਪ੍ਰਧਾਨ ਮੰਤਰੀ, ਲੋਕ ਸਭਾ ਦਾ ਸਪੀਕਰ, ਗ੍ਰਹਿ ਮੰਤਰੀ, ਲੋਕ ਸਭਾ ਅਤੇ ਰਾਜ ਸਭਾ ਵਿਚ ਵਿਰੋਧੀ ਦਲ ਦੇ ਨੇਤਾ ਸ਼ਾਮਿਲ ਹੋਣਗੇ) ਦੀ ਸਿਫ਼ਾਰਸ਼ ਤੇ ਕੀਤੀ ਜਾਵੇਗੀ। ਲੋਕ ਪਾਲ ਦੀ ਸੰਸਥਾ ਨੂੰ ਸੁਤੰਤਰ ਅਤੇ ਨਿਰਪੱਖ ਬਣਾਉਣ ਲਈ ਬਿਲ ਵਿਚ ਵਿਵਸਥਾ ਕੀਤੀ ਗਈ ਕਿ ਕਮੇਟੀ ਦਾ ਸਭਾਪਤੀ ਅਤੇ ਦੂਸਰੇ ਮੈਂਬਰਾਂ ਨੂੰ ਰਾਸ਼ਟਰਪਤੀ ਦੁਰਵਿਹਾਰ ਜਾਂ ਮਾਨਸਿਕ ਸਰੀਰਕ ਹਾਲਤ ਦੇ ਅਧਾਰ ਤੇ ਪੱਦ ਤੋਂ ਹਟਾ ਨਹੀਂ ਸਕੇਗਾ।

ਬਿੱਲ ਦੀ ਪ੍ਰਸਤਾਵਿਤ ਸਕੀਮ ਅਧੀਨ ਲੋਕ ਪਾਲ ਨੂੰ ਜਨਤਕ ਅਧਿਕਾਰੀਆਂ ਜਿਵੇਂ ਕਿ ਪ੍ਰਧਾਨ ਮੰਤਰੀ, ਦੂਸਰੇ ਮੰਤਰੀ ਅਤੇ ਸੰਸਦ ਦੇ ਮੈਂਬਰਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨ ਦਾ ਅਧਿਕਾਰ ਦਿੱਤਾ ਗਿਆ। ਬਿੱਲ ਵਿਚ ਇਹ ਵੀ ਵਿਵਸਥਾ ਕੀਤੀ ਗਈ ਕਿ ਝੂਠੀਆਂ ਸ਼ਿਕਾਇਤਾਂ ਕਰਨ ਵਾਲਿਆਂ ਵਿਰੁੱਧ ਯੋਗ ਕਾਰਵਾਈ ਕੀਤੀ ਜਾਵੇ। ਇਸੇ ਤਰ੍ਹਾਂ ਬਿਲ ਵਿਚ ਇਹ ਵੀ ਦਸਿਆ ਗਿਆ ਕਿ ਸੰਸਦ ਦੇ ਮੈਂਬਰ ਅਤੇ ਉਹਨਾਂ ਦੇ ਆਪਣੇ ਪਰਿਵਾਰ ਦੇ ਮੈਂਬਰ ਹਰ ਸਾਲ ਆਪਣੀ ਸੰਪਤੀ ਦਾ ਵੇਰਵਾ ਦਸਣਗੇ। ਬਿਲ ਵਿਚ ਇਹ ਵਿਵਸਥਾ ਵੀ ਕੀਤੀ ਗਈ ਕਿ ਲੋਕ ਪਾਲ ਨੂੰ ਸਿਵਲ ਅਦਾਲਤਾਂ ਵਾਲੀਆਂ ਸਾਰੀਆਂ ਸ਼ਕਤੀਆਂ ਪ੍ਰਾਪਤ ਹੋਣਗੀਆਂ ਅਤੇ ਉਸਦੇ ਸਾਹਮਣੇ ਹੋ ਰਹੀ ਕਾਰਵਾਈ ਵੀ ਭਾਰਤੀ ਦੰਡਵਤੀ ਕਾਨੂੰਨ (Indian Penal Code) ਅਨੁਸਾਰ ਨਿਆਇਕ ਕਿਸਮ ਦੀ ਹੋਵੇਗੀ। ਪ੍ਰੰਤੂ ਯਾਦ ਰਹੇ ਕਿ ਲੋਕ ਪਾਲ ਦੀ ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਲੋਕ ਸਭਾ ਦਾ ਸਪੀਕਰ, ਸਰਵ-ਉੱਚ ਅਦਾਲਤ ਦਾ ਮੁੱਖ ਜੱਜ ਅਤੇ ਦੂਸਰੇ ਜੱਜ, ਕੰਪਟਰੋਲਰ ਅਤੇ ਆਡਿਟਰ ਜਨਰਲ (Comptroller and Auditor General), ਮੁੱਖ ਚੋਣ ਕਮਿਸ਼ਨਰ (Chief Election Commissioner) ਅਤੇ ਦੂਸਰੇ ਚੋਣ ਕਮਿਸ਼ਨਰ ਜਾਂ ਸੰਘੀ ਲੋਕ ਸੇਵਾ ਕਮਿਸ਼ਨਰ (UPSC) ਦੇ ਚੇਅਰਮੈਨ ਅਤੇ ਦੂਸਰੇ ਮੈਂਬਰਾਂ ਆਦਿ ਵਿਰੁੱਧ ਦੋਸ਼ਾਂ ਦੀ ਜਾਂਚ ਨਹੀਂ ਕਰ ਸਕੇਗਾ।

ਉਪਰੋਕਤ ਵੇਰਵੇ ਤੋਂ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ 1968 ਤੋਂ 2004 ਤਕ ਬਣੀਆਂ ਵੱਖ-ਵੱਖ ਸਰਕਾਰਾਂ

ਨੇ ਲੋਕ ਪਾਲ ਬਿਲ ਨੂੰ ਪਾਸ ਕਰਾਉਣ ਲਈ ਯਤਨ ਕੀਤੇ ਪ੍ਰੰਤੂ ਕਿਸੇ ਨਾ ਕਿਸੇ ਕਾਰਨ ਕਰਕੇ ਇਹ ਬਿਲ ਸੰਸਦ ਦੁਆਰਾ ਪਾਸ ਨਾ ਹੋ ਸਕਿਆ। 2013 ਵਿਚ ਜਨਤਕ ਲਹਿਰ ਦੇ ਦਬਾਓ ਵਿਚ ਆਕੇ ਲੋਕਪਾਲ ਅਤੇ ਲੋਕਉਕਤ ਐਕਟ, 2013 ਪਾਸ ਕੀਤਾ ਗਿਆ। 2019 ਵਿਚ ਭਾਰਤ ਦਾ ਪਹਿਲਾ ਲੋਕਪਾਲ ਨਿਯੁਕਤ ਕੀਤਾ ਗਿਆ।

**ਲੋਕ ਪਾਲ/ਲੋਕ ਆਯੁਕਤ ਸੰਸਥਾ ਬਾਰੇ ਰਾਜਾਂ ਦਾ ਤਜਰਬਾ** (Experience of States with regard to the office of Lok Pal/Lok Ayukta) :- ਲੋਕ ਪਾਲ/ਲੋਕ ਆਯੁਕਤ ਦੀ ਸੰਸਥਾ ਸਬੰਧੀ ਵੱਖ-ਵੱਖ ਰਾਜਾਂ ਵਿਚ ਕੀਤਾ ਤਜਰਬਾ ਕਾਫ਼ੀ ਤਸਲੀਬਖਸ਼ ਰਿਹਾ ਹੈ। ਮਹਾਂਰਾਸ਼ਟਰ ਅਤੇ ਉੜੀਸਾ ਪਹਿਲੇ ਦੋ ਰਾਜ ਸਨ ਜਿਨ੍ਹਾਂ ਨੇ 1971 ਵਿਚ ਲੋਕ ਆਯੁਕਤ ਬਿਲ ਨੂੰ ਅਪਣਾ ਲਿਆ ਸੀ ਭਾਵ ਕਿ ਇਹਨਾਂ ਰਾਜਾਂ ਵਿਚ ਲੋਕ ਆਯੁਕਤ ਨਾਮੀ ਸੰਸਥਾ ਸਥਾਪਤ ਕੀਤੀ ਗਈ।[1] ਇਸ ਤੋਂ ਮਗਰੋਂ ਕਈ ਹੋਰ ਰਾਜਾਂ ਜਿਵੇਂ ਕਿ ਰਾਜਸਥਾਨ (1973), ਬਿਹਾਰ (1974), ਉੱਤਰ ਪਦੇਸ਼ (1975), ਮੱਧ ਪ੍ਰਦੇਸ਼ (1981), ਆਂਧਰਾ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ (1983), ਕੇਰਲਾ (1984), ਕਰਨਾਟਕਾ (1985), ਆਸਾਮ ਅਤੇ ਗੁਜਰਾਤ (1986), ਪੰਜਾਬ (1995) ਅਤੇ ਹਰਿਆਣਾ (1999)[2] ਆਦਿ ਰਾਜਾਂ ਵਿਚ ਵੀ ਲੋਕ ਪਾਲ/ਲੋਕ ਆਯੁਕਤ ਨਾਮੀ ਸੰਸਥਾ ਸਥਾਪਿਤ ਕੀਤੀ ਗਈ।

ਇਸ ਤਰ੍ਹਾਂ ਲੋਕ ਆਯੁਕਤ ਦੀ ਸੰਸਥਾ ਕਈ ਰਾਜਾਂ ਵਿਚ ਪਿਛਲੇ ਕਈ ਸਾਲਾਂ ਤੋਂ ਕੰਮ ਕਰ ਰਹੀ ਹੈ। ਇਹ ਸੰਸਥਾ ਲੋਕਾਂ ਅਤੇ ਪ੍ਰਸ਼ਾਸ਼ਨ ਦੀ ਦੂਰੀ ਨੂੰ ਘੱਟ ਕਰਨ ਲਈ ਬੜੀ ਲਾਭਦਾਇਕ ਸਿੱਧ ਹੋਈ ਹੈ। ਕਈ ਰਾਜਾਂ ਵਿਚ ਇਸ ਸੰਸਥਾ ਸਬੰਧੀ ਅਧਿਐਨ ਟੀਮਾਂ ਨੇ ਇਹ ਮਹਿਸੂਸ ਕੀਤਾ ਕਿ ਇਸ ਸੰਸਥਾ ਵਿੱਚ ਸੰਗਠਨਾਤਮਕ ਅਤੇ ਕਾਰਜ ਪ੍ਰਣਾਲੀ ਬਾਰੇ ਦੋਸ਼ ਮੌਜੂਦ ਹਨ। ਇਸ ਲਈ ਇਸ ਸੰਸਥਾ ਨੂੰ ਵਧੇਰੇ ਅਸਰਦਾਰ ਬਣਾਉਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਨਾਲ ਸੰਬੰਧਿਤ ਸੇਵਾ ਸ਼ਰਤਾਂ, ਕਾਰਜ ਕਰਨ ਦੀ ਵਿਧੀ, ਕਾਰਜ-ਕੁਸ਼ਲਤਾ, ਜਾਂਚ ਏਜੰਸੀ, ਰਾਜਨੀਤਿਕ ਅਤੇ ਸਰਕਾਰ ਦੀ ਇੱਛਾ ਆਦਿ ਨੂੰ ਵਧੇਰੇ ਸਪਸ਼ਟ ਕੀਤਾ ਜਾਣਾ ਚਾਹੀਦਾ ਹੈ।

ਵੱਖ-ਵੱਖ ਰਾਜਾਂ ਵਿਚ ਸਥਾਪਤ ਲੋਕ ਆਯੁਕਤ ਨਾਮੀ ਸੰਸਥਾ ਦੇ ਕਾਰਜਾਂ ਅਤੇ ਅਧਿਕਾਰ ਖੇਤਰ ਵਿਚ ਕਾਫ਼ੀ ਭਿੰਨਤਾ ਪਾਈ ਜਾਂਦੀ ਹੈ। ਮਹੱਤਵਪੂਰਨ ਅੰਤਰ ਇਸ ਪ੍ਰਕਾਰ ਹਨ :-

(i) ਕੀ ਲੋਕ ਆਯੁਕਤ ਦੀ ਭੂਮਿਕਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨ ਜਾਂ ਲੋਕਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਤੱਕ ਜਾਂ ਦੋਹਾਂ ਕਾਰਜਾਂ ਤੱਕ ਸੀਮਤ ਕੀਤਾ ਜਾਵੇ?

(ii) ਕੀ ਲੋਕ ਆਯੁਕਤ ਆਪਣੇ ਆਪ ਜਾਂ ਕਿਸੇ ਵਿਅਕਤੀ ਦੁਆਰਾ ਸ਼ਿਕਾਇਤ ਕਰਨ ਤੇ ਜਾਂਚ ਕਰੇਗਾ ?

(iii) ਕੀ ਲੋਕ ਆਯੁਕਤ ਦੀਆਂ ਸਿਫ਼ਾਰਸ਼ਾਂ ਨੂੰ ਮਨਣਾ ਸਿਫ਼ਾਰਸ਼ੀ ਹੋਵੇਗਾ ਜਾਂ ਲਾਜ਼ਮੀ ?

ਬਿਹਾਰ, ਮਹਾਂਰਾਸ਼ਟਰ, ਆਸਾਮ, ਉੜੀਸਾ, ਉੱਤਰ ਪ੍ਰਦੇਸ਼ ਅਤੇ ਕਰਨਾਟਕਾ ਵਿਚ ਲੋਕ ਆਯੁਕਤ ਐਕਟ ਅਨੁਸਾਰ ਲੋਕ ਆਯੁਕਤ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਦੇ ਅਧਿਕਾਰ ਦਿਤੇ ਗਏ ਹਨ ਪ੍ਰੰਤੂ ਇਸਦੇ ਉਲਟ ਰਾਜਸਥਾਨ, ਮੱਧ ਪ੍ਰਦੇਸ਼, ਪੰਜਾਬ, ਆਂਧਰਾ ਪ੍ਰਦੇਸ਼, ਗੁਜਰਾਤ, ਹਿਮਾਚਲ ਪ੍ਰਦੇਸ਼ ਅਤੇ ਕੇਰਲਾ ਆਦਿ ਰਾਜਾਂ ਵਿਚ ਲੋਕ ਆਯੁਕਤ ਦਾ ਅਧਿਕਾਰ ਖੇਤਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨ ਤੱਕ ਹੀ ਸੀਮਤ ਰਖਿਆ ਗਿਆ ਹੈ। ਸਮੁੱਚੇ ਦੇਸ਼ ਵਿਚ ਕੇਵਲ ਕੇਰਲਾ ਹੀ ਇਕ ਅਜਿਹਾ ਰਾਜ ਹੈ ਜਿਥੇ ਲੋਕ ਆਯੁਕਤ ਨੂੰ ਦੋਸ਼ ਸਾਬਤ ਹੋਣ ਤੇ ਸਜ਼ਾ ਦੇਣ ਦਾ ਅਧਿਕਾਰ ਵੀ ਦਿਤਾ ਗਿਆ ਹੈ, ਪ੍ਰੰਤੂ ਬਾਕੀ ਰਾਜਾਂ ਵਿਚ ਲੋਕ ਆਯੁਕਤ ਨੂੰ ਜਾਂਚ ਸਬੰਧਿਤ ਕੇਵਲ ਸਿਫ਼ਾਰਸ਼ਾਂ ਕਰਨ ਦਾ ਅਧਿਕਾਰ ਦਿਤਾ ਗਿਆ ਹੈ।

**ਲੋਕ ਆਯੁਕਤ ਦੀ ਨਿਯੁਕਤੀ** (Appointment of Lok Ayukta):- ਹਿਮਾਚਲ ਪ੍ਰਦੇਸ਼ ਲੋਕ ਆਯੁਕਤ ਐਕਟ ਅਧੀਨ ਲੋਕ ਆਯੁਕਤ ਦੀ ਨਿਯੁਕਤੀ ਹਿਮਾਚਲ ਪ੍ਰਦੇਸ਼ ਦੀ ਹਾਈ ਕੋਰਟ ਦੇ ਮੁੱਖ ਜੱਜ, ਰਾਜ ਵਿਧਾਨ ਸਭਾ ਵਿਚ ਵਿਰੋਧੀ ਦਲ ਦੇ ਨੇਤਾ ਅਤੇ ਜੇਕਰ ਉਹ ਨਾ ਹੋਵੇ ਤਾਂ ਵਿਰੋਧੀ ਦਲ ਜਾਂ ਦਲਾਂ ਵਲੋਂ ਇਸ ਮੰਤਵ ਲਈ ਚੁਣੇ ਵਿਧਾਇਕ ਦੀ ਸਲਾਹ ਅਨੁਸਾਰ ਰਾਜਪਾਲ ਦੁਆਰਾ ਕੀਤੀ ਜਾਂਦੀ ਹੈ। ਯਾਦ ਰਹੇ ਕਿ ਲੋਕ ਆਯੁਕਤ ਦੀ ਨਿਯੁਕਤੀ ਵਿਚ ਮੁੱਖ ਮੰਤਰੀ ਦੀ ਕੋਈ ਸਲਾਹ ਨਹੀਂ ਲਈ ਜਾਂਦੀ।

---

1. ਇਥੇ ਇਹ ਦਸਣਾ ਜ਼ਰੂਰੀ ਹੈ ਕਿ ਸੰਵਿਧਾਨ ਅਨੁਸਾਰ ਸਾਡੇ ਦੇਸ਼ ਵਿਚ ਚੋਣ ਕਮਿਸ਼ਨ ਨੂੰ ਬਹੁ-ਮੈਂਬਰੀ ਬਣਾਇਆ ਗਿਆ ਹੈ। ਇਸਦਾ ਇਕ ਚੇਅਰਮੈਨ ਅਤੇ ਦੂਸਰੇ ਦੋ ਹੋਰ ਮੈਂਬਰ ਹੁੰਦੇ ਹਨ।
2. The Times of India, Delhi, September, 18, 1999, P. 7

ਪੰਜਾਬ ਵਿਚ ਲੋਕ ਪਾਲ ਦੀ ਸੰਸਥਾ ਬਹੁ-ਮੈਂਬਰੀ ਹੈ ਅਤੇ ਇਸਦੀ ਨਿਯੁਕਤੀ ਮੁੱਖ ਮੰਤਰੀ, ਸਪੀਕਰ ਅਤੇ ਰਾਜ ਦੀ ਉੱਚ-ਅਦਾਲਤ ਦੇ ਮੁੱਖ ਜੱਜ ਦੀ ਸਲਾਹ ਅਨੁਸਾਰ ਰਾਜਪਾਲ ਦੁਆਰਾ ਕੀਤੀ ਜਾਂਦੀ ਹੈ। ਇਸਦਾ ਅਰਥ ਇਹ ਹੋਇਆ ਕਿ ਪੰਜਾਬ ਵਿਚ ਲੋਕ ਪਾਲ ਦੀ ਨਿਯੁਕਤੀ ਸਮੇਂ ਵਿਧਾਨ ਸਭਾ ਵਿਚ ਵਿਰੋਧੀ ਦਲ ਦੇ ਨੇਤਾ ਦੀ ਕੋਈ ਸਲਾਹ ਨਹੀਂ ਲਿਤੀ ਜਾਂਦੀ।[1]

ਦੋਹਾਂ ਰਾਜਾਂ (ਹਿਮਾਚਲ ਪ੍ਰਦੇਸ਼ ਅਤੇ ਪੰਜਾਬ) ਵਿਚ ਇਸ ਅਹੁਦੇ ਦੀ ਤੁਲਨਾ ਕਰਨ ਤੋਂ ਬਾਅਦ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਜਿਥੇ ਹਿਮਾਚਲ ਪ੍ਰਦੇਸ਼ ਵਿਚ ਵਿਰੋਧੀ ਦਲ ਦੇ ਨੇਤਾ ਨੂੰ ਮਾਨਤਾ ਦਿਤੀ ਗਈ ਹੈ, ਉਥੇ ਮੁੱਖ ਮੰਤਰੀ ਨੂੰ ਇਸ ਮਾਮਲੇ ਵਿਚ ਕੋਈ ਮਾਨਤਾ ਨਹੀਂ ਦਿੱਤੀ ਗਈ। ਪ੍ਰੰਤੂ ਪੰਜਾਬ ਵਿਚ ਸਥਿਤੀ ਇਸਦੇ ਬਿਲਕੁਲ ਉਲਟ ਹੈ ਭਾਵ ਕਿ ਲੋਕ ਪਾਲ ਦੀ ਨਿਯੁਕਤੀ ਮੁੱਖ ਮੰਤਰੀ ਦੀ ਸਲਾਹ ਨਾਲ ਕੀਤੀ ਜਾਂਦੀ ਹੈ ਅਤੇ ਵਿਧਾਨ ਸਭਾ ਵਿਚ ਵਿਰੋਧੀ ਦਲ ਦੇ ਨੇਤਾ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ। ਲੋਕ ਆਯੁਕਤ ਦੀ ਨਿਯੁਕਤੀ ਸਮੇਂ ਰਾਜਪਾਲ ਮੁੱਖ ਮੰਤਰੀ ਤੋਂ ਇਲਾਵਾ, ਵਿਧਾਨ ਸਭਾ ਦੇ ਸਪੀਕਰ ਅਤੇ ਉੱਚ-ਅਦਾਲਤ ਦੇ ਮੁੱਖ ਜੱਜ ਦੀ ਸਲਾਹ ਵੀ ਜ਼ਰੂਰ ਲੈਂਦਾ ਹੈ।[1]

**ਲੋਕ ਪਾਲ ਦੀ ਮਿਆਦ** (Term of Lok Pal) :- ਹਿਮਾਚਲ ਪ੍ਰਦੇਸ਼ ਵਿਚ ਲੋਕ ਪਾਲ ਦੀ ਮਿਆਦ ਪੰਜ ਸਾਲ ਦੀ ਨਿਸ਼ਚਿਤ ਕੀਤੀ ਗਈ ਹੈ ਅਤੇ ਉਸਦੀ ਦੁਬਾਰਾ ਨਿਯੁਕਤੀ ਨਹੀਂ ਕੀਤੀ ਜਾ ਸਕਦੀ। ਪ੍ਰੰਤੂ ਲੋਕ ਪਾਲ ਬਣਨ ਲਈ ਉਮਰ ਦੀ ਕੋਈ ਹੱਦ ਨਿਸ਼ਚਿਤ ਨਹੀਂ ਕੀਤੀ ਗਈ। ਪੰਜਾਬ ਵਿਚ ਵੀ ਭਾਵੇਂ ਲੋਕ ਪਾਲ ਦੀ ਮਿਆਦ 5 ਸਾਲ ਨਿਸ਼ਚਿਤ ਕੀਤੀ ਗਈ ਹੈ, ਪ੍ਰੰਤੂ ਪੰਜਾਬ ਲੋਕ ਪਾਲ ਐਕਟ ਇਸ ਬਾਰੇ ਚੁੱਪ ਹੈ ਕਿ ਲੋਕ ਪਾਲ ਦੀ ਦੁਬਾਰਾ ਨਿਯੁਕਤੀ ਕੀਤੀ ਜਾ ਸਕਦੀ ਹੈ ਜਾਂ ਨਹੀਂ। ਪੰਜਾਬ ਵਿਚ ਲੋਕ ਪਾਲ ਸੰਸਥਾ ਦਾ ਇਕ ਮੈਂਬਰ ਅਜਿਹਾ ਹੋਣਾ ਚਾਹੀਦਾ ਹੈ ਜੋ ਕਿ ਉੱਚ-ਅਦਾਲਤ ਦਾ ਜੱਜ ਹੋਵੇ ਜਾਂ ਜਿਲ੍ਹਾ ਅਤੇ ਸੈਸ਼ਨ ਜੱਜ ਦੇ ਪੱਦ ਬਿਰਾਜਮਾਨ ਰਿਹਾ ਹੋਵੇ ਜਾਂ ਉੱਚ-ਅਦਾਲਤ ਦਾ ਜੱਜ ਬਣਨ ਦੀ ਯੋਗਤਾ ਰੱਖਦਾ ਹੋਵੇ। ਲੋਕ ਪਾਲ ਸੰਸਥਾ ਦਾ ਦੂਸਰਾ ਮੈਂਬਰ ਅਜਿਹਾ ਹੋਣਾ ਚਾਹੀਦਾ ਹੈ ਜੋ ਭਾਰਤ ਸਰਕਾਰ ਜਾਂ ਰਾਜ ਸਰਕਾਰ ਅਧੀਨ ਕਿਸੇ ਅਜਿਹੀ ਪਦਵੀ ਤੇ ਬਿਰਾਜਮਾਨ ਹੋਵੇ ਜੋ ਕੇਂਦਰੀ ਸਰਕਾਰ ਅਧੀਨ ਸਕੱਤਰ ਦੇ ਪੱਦ ਤੋਂ ਨੀਵੇਂ ਦਰਜੇ ਦੇ ਪਦ ਤੇ ਬਿਰਾਜਮਾਨ ਨਾ ਰਿਹਾ ਹੋਵੇ । ਬਸ਼ਰਤੇ ਕਿ ਦੋਹਾਂ ਵਿਚੋਂ ਇਕ ਮੈਂਬਰ ਉਸ ਰਾਜ ਦਾ ਸਾਧਾਰਨ ਵਾਸੀ ਨਾ ਹੋਵੇ ਜਿਥੇ ਉਸਦੀ ਨਿਯੁਕਤੀ ਕੀਤੀ ਜਾਣੀ ਹੈ।

ਦੋਹਾਂ ਰਾਜਾਂ ਵਿਚ ਲੋਕ ਪਾਲ ਅਤੇ ਲੋਕ ਆਯੁਕਤ ਦੇ ਪਦ ਲਈ ਇਹ ਵਿਵਸਥਾ ਕੀਤੀ ਗਈ ਹੈ ਕਿ ਉਹ ਕਿਸੇ ਹੋਰ ਪਦਵੀ ਤੇ ਬਿਰਾਜਮਾਨ ਨਹੀਂ ਹੋਣਾ ਚਾਹੀਦਾ ਅਤੇ ਜੇਕਰ ਉਹ ਸੰਸਦ ਜਾਂ ਰਾਜ ਵਿਧਾਨ ਸਭਾ ਦਾ ਮੈਂਬਰ ਹੋਵੇ ਜਾਂ ਕਿਸੇ ਲਾਭਦਾਇਕ ਪਦਵੀ ਤੇ ਬਿਰਾਜਮਾਨ ਹੋਵੇ ਜਾਂ ਕਿਸੇ ਰਾਜਨੀਤਿਕ ਦਲ ਨਾਲ ਸੰਬੰਧਤ ਹੋਵੇ ਜਾਂ ਕੋਈ ਵਪਾਰ ਜਾਂ ਕਿੱਤਾ ਕਰ ਰਿਹਾ ਹੋਵੇ ਤਾਂ ਅਜਿਹੇ ਵਿਅਕਤੀ ਨੂੰ ਲੋਕ ਪਾਲ ਦਾ ਪਦ ਗ੍ਰਹਿਣ ਕਰਨ ਤੋਂ ਪਹਿਲਾਂ ਆਪਣੇ ਪੱਦ ਤੋਂ ਅਸਤੀਫ਼ਾ ਦੇਣਾ ਪਵੇਗਾ।

**ਲੋਕ ਪਾਲ ਨੂੰ ਪਦ ਤੋਂ ਹਟਾਉਣਾ** (Removal of Lok Pal) :- ਲੋਕ ਪਾਲ ਅਤੇ ਲੋਕ ਆਯੁਕਤ ਨੂੰ ਪੱਦ ਤੋਂ ਹਟਾਉਣ ਦੀ ਵਿਧੀ ਦੋਹਾਂ ਰਾਜਾਂ (ਪੰਜਾਬ ਅਤੇ ਹਿਮਾਚਲ ਪ੍ਰਦੇਸ਼) ਵਿਚ ਇਕੋ ਜਿਹੀ ਹੈ। ਰਾਜ ਦਾ ਰਾਜਪਾਲ ਅਹੁਦੇਦਾਰ ਨੂੰ ਉਤਨੀ ਦੇਰ ਤੱਕ ਪਦਵੀ ਤੋਂ ਨਹੀਂ ਹਟਾ ਸਕਦਾ ਜਦੋਂ ਤੱਕ ਰਾਜ ਵਿਧਾਨ ਮੰਡਲ ਇਸ ਸੰਬੰਧੀ ਆਪਣੇ ਕੁਲ ਮੈਂਬਰਾਂ ਦੇ ਬਹੁਮਤ ਨਾਲ ਤੇ ਹਾਜ਼ਰ ਅਤੇ ਵੋਟ ਦੇਣ ਵਾਲਿਆਂ ਦੇ 2/3 ਬਹੁਮਤ ਨਾਲ ਮਤਾ ਪਾਸ ਨਾ ਕਰ ਦੇਵੇ ਅਤੇ ਉਸੇ ਸਮਾਗਮ ਵਿਚ ਰਾਜਪਾਲ ਨੂੰ ਇਸਦੀ ਸੂਚਨਾ ਨਾ ਦੇ ਦੇਵੇ। ਲੋਕ ਪਾਲ ਅਤੇ ਲੋਕ ਆਯੁਕਤ ਨੂੰ ਪਦਵੀਂ ਤੋਂ ਦੁਰਵਿਹਾਰ ਜਾਂ ਅਯੋਗਤਾ ਦੀ ਹਾਲਤ ਦੇ ਆਧਾਰ ਤੇ ਵੀ ਪਦ ਤੋਂ ਹਟਾਇਆ ਜਾ ਸਕਦਾ ਹੈ। ਜੇਕਰ ਸਰਵ-ਉੱਚ ਅਦਾਲਤ ਦਾ ਜੱਜ ਜਾਂ ਸਾਬਕਾ ਜੱਜ ਜਾਂ ਉੱਚ-ਅਦਾਲਤ ਦਾ ਮੁੱਖ ਜੱਜ ਜਾਂ ਜੱਜ ਇਸ ਸੰਬੰਧੀ ਜਾਂਚ ਕਰਨ ਉਪਰੰਤ ਰਾਜਪਾਲ ਨੂੰ ਆਪਣੀ ਰਿਪੋਰਟ ਪੇਸ਼ ਕਰੇ।

**ਲੋਕ ਪਾਲ ਦੀ ਆਸਾਮੀ ਪੂਰ ਕਰਨ ਬਾਰੇ** (Filling the post of Lok Pal) :- ਰਾਜਾਂ ਵਿਚ ਲੋਕ ਪਾਲ ਦੀ ਆਸਾਮੀ ਪੂਰੀ ਕਰਨ ਲਈ ਵੱਖ-ਵੱਖ ਵਿਧੀਆਂ ਅਪਨਾਈਆਂ ਜਾਂਦੀਆਂ ਹਨ ਜਿਵੇਂ ਕਿ ਹਿਮਾਚਲ ਪ੍ਰਦੇਸ਼ ਲੋਕ

1. ਪੰਜਾਬ ਵਿਚ ਸ੍ਰੀ ਹਰਬੰਸ ਰਾਇ ਲੋਕ ਪਾਲ ਦੀ ਨਿਯੁਕਤੀ ਨੂੰ ਰਾਜ ਦੀ ਉੱਚ-ਅਦਾਲਤ ਨੇ ਇਸ ਆਧਾਰ ਤੇ ਰੱਦ ਕਰ ਦਿੱਤਾ ਸੀ ਕਿ ਰਾਜ ਦੀ ਉੱਚ-ਅਦਾਲਤ ਦੇ ਮੁੱਖ ਜੱਜ ਦੀ ਇਸ ਮਾਮਲੇ ਵਿਚ ਸਲਾਹ ਨਹੀਂ ਲਈ ਗਈ ਸੀ। ਉੱਚ-ਅਦਾਲਤ ਦੇ ਫ਼ੈਸਲੇ ਵਿਰੁੱਧ ਰਾਜ ਸਰਕਾਰ ਨੇ ਸਰਵ-ਉੱਚ ਅਦਾਲਤ ਵਿਚ ਅਪੀਲ ਕੀਤੀ ਸੀ, ਪ੍ਰੰਤੂ ਸਰਵ-ਉੱਚ ਅਦਾਲਤ ਨੇ ਮਿਤੀ 25-9-2000 ਨੂੰ ਆਪਣੇ ਨਿਰਣੇ ਵਿਚ ਉੱਚ-ਅਦਾਲਤ ਦੇ ਫ਼ੈਸਲੇ ਨੂੰ ਬਰਕਰਾਰ ਰਖਿਆ ਅਤੇ ਰਾਜ ਸਰਕਾਰ ਦੀ ਕਾਰਵਾਈ ਨੂੰ ਗਲਤ ਦਸਿਆ। ਸਰਵ-ਉੱਚ ਅਦਾਲਤ ਨੇ ਆਪਣੇ ਫ਼ੈਸਲੇ ਵਿਚ ਇਹ ਵੀ ਕਿਹਾ ਕਿ ਰਾਜ ਸਰਕਾਰ ਹੁਣ ਨਵੇਂ ਲੋਕ ਪਾਲ ਦੀ ਨਿਯੁਕਤੀ ਲਈ ਲੋੜੀਂਦੀ ਅਤੇ ਅਗਲੇਰੀ ਕਾਰਵਾਈ ਕਰ ਸਕਦੀ ਹੈ।

ਆਯੁਕਤ ਐਕਟ ਵਿਚ ਵਿਵਸਥਾ ਕੀਤੀ ਗਈ ਹੈ ਕਿ ਲੋਕ ਆਯੁਕਤ ਦੀ ਆਸਾਮੀ ਖਾਲੀ ਹੋਣ ਤੇ ਜਲਦੀ ਹੀ ਨਵੇਂ ਲੋਕ ਆਯੁਕਤ ਦੀ ਨਿਯੁਕਤੀ ਕੀਤੀ ਜਾਵੇ, ਪ੍ਰੰਤੂ ਹਰ ਹਾਲਤ ਵਿਚ ਛੇ ਮਹੀਨੇ ਦੇ ਸਮੇਂ ਤੋਂ ਪਹਿਲਾਂ ਹੋਣੀ ਚਾਹੀਦੀ ਹੈ। ਪ੍ਰੰਤੂ ਇਸ ਦੇ ਉਲਟ ਪੰਜਾਬ ਲੋਕ ਪਾਲ ਐਕਟ ਅਧੀਨ ਅਜਿਹੀ ਕੋਈ ਵਿਵਸਥਾ ਨਹੀਂ ਕੀਤੀ ਗਈ ਹੈ।

**ਲੋਕ ਪਾਲ ਐਕਟ ਦਾ ਖੇਤਰ** (Scope of Lok Pal) :- ਪੰਜਾਬ ਲੋਕ ਪਾਲ ਐਕਟ ਅਧੀਨ ਮੁੱਖ ਮੰਤਰੀ, ਮੰਤਰੀਆਂ, ਲੋਕ ਨਿਗਮਾਂ ਦੇ ਮੇਅਰ ਜਾਂ ਮਿਉਂਸਪਲ ਕੌਂਸਲਾਂ ਦੇ ਪ੍ਰਧਾਨਾਂ ਨੂੰ ਜਨਤਕ ਵਿਅਕਤੀ ਮੰਨਿਆ ਗਿਆ ਹੈ। ਇਸ ਲਈ ਇਹ ਸਾਰੇ ਅਧਿਕਾਰੀ ਇਸ ਐਕਟ ਦੇ ਦਾਇਰੇ ਵਿਚ ਆਉਂਦੇ ਹਨ। ਦੂਜੇ ਪਾਸੇ ਹਿਮਾਚਲ ਲੋਕ ਆਯੁਕਤ ਐਕਟ ਅਧੀਨ ਇਹਨਾਂ ਨੂੰ ਜਨਤਕ ਸੇਵਕ ਦਾ ਦਰਜਾ ਪ੍ਰਦਾਨ ਕੀਤਾ ਗਿਆ ਹੈ। ਇਸ ਸੰਬੰਧੀ ਵਾਦ-ਵਿਵਾਦ ਚਲ ਰਿਹਾ ਹੈ ਕਿ ਚੁਣੇ ਹੋਏ ਪ੍ਰਤੀਨਿਧੀ ਜਨਤਕ ਸੇਵਕ ਹਨ ਜਾਂ ਨਹੀਂ। ਮਹਾਂਰਾਸ਼ਟਰ ਦੀ ਉੱਚ-ਅਦਾਲਤ ਨੇ ਆਪਣੇ ਇਕ ਨਿਰਣੇ ਵਿਚ ਸੰਸਦ ਦੇ ਮੈਂਬਰਾਂ ਅਤੇ ਵਿਧਾਇਕਾਂ ਨੂੰ ਜਨਤਕ ਸੇਵਕ ਨਹੀਂ ਮੰਨਿਆ ਹੈ ਜਦੋਂ ਕਿ ਉੜੀਸਾ ਉੱਚ-ਅਦਾਲਤ ਨੇ ਇਹਨਾਂ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਜਨਤਕ ਸੇਵਕ ਦਾ ਦਰਜਾ ਪ੍ਰਦਾਨ ਕੀਤਾ ਹੈ।

**ਜਾਂਚ ਦਾ ਸਮਾਂ** (Period of Enquiry) :- ਪੰਜਾਬ ਲੋਕ ਪਾਲ ਐਕਟ ਅਧੀਨ ਵਿਵਸਥਾ ਕੀਤੀ ਗਈ ਕਿ 1 ਜਨਵਰੀ 1985 ਤੋਂ ਬਾਅਦ ਜਨਤਕ ਵਿਅਕਤੀ ਵਿਰੁੱਧ ਦੁਰਾਚਾਰ ਦੇ ਆਧਾਰ ਤੇ ਕੀਤੀ ਸ਼ਿਕਾਇਤ ਦਾ ਮਾਮਲਾ ਲੋਕ ਪਾਲ ਦੇ ਦਾਇਰੇ ਵਿਚ ਲਿਆਂਦਾ ਜਾ ਸਕਦਾ ਹੈ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਲੋਕ ਆਯੁਕਤ ਐਕਟ ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ 1983 ਵਿਚ ਇਸ ਐਕਟ ਦੇ ਹੋਂਦ ਵਿਚ ਆਉਣ ਤੋਂ 10 ਸਾਲ ਮਗਰੋਂ ਤੱਕ ਦੇ ਮਾਮਲਿਆਂ ਦੀ ਜਾਂਚ ਕੀਤੀ ਜਾ ਸਕਦੀ ਹੈ।

**ਸ਼ਿਕਾਇਤ ਕਰਨ ਲਈ ਫੀਸ ਭਰਨਾ** (Fee for filing complaint) :- ਪੰਜਾਬ ਲੋਕ ਪਾਲ ਐਕਟ ਅਧੀਨ ਸ਼ਿਕਾਇਤ ਕਰਨ ਵਾਲੇ ਵਿਅਕਤੀ ਨੂੰ 5000 ਰੁ: ਫੀਸ ਜਮਾ ਕਰਾਉਣੀ ਪਵੇਗੀ। ਜੇਕਰ ਸ਼ਿਕਾਇਤ ਝੂਠੀ ਸਿੱਧ ਹੋ ਜਾਵੇ ਤਾਂ ਸ਼ਿਕਾਇਤ ਕਰਨ ਵਾਲੇ ਵਿਅਕਤੀ ਨੂੰ ਇਕ ਸਾਲ ਦੀ ਕੈਦ ਅਤੇ 5000 ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਵਿਚ ਝੂਠੀ ਸ਼ਿਕਾਇਤ ਕਰਨ ਵਾਲੇ ਵਿਅਕਤੀ ਨੂੰ ਦੋ ਸਾਲ ਬਾ ਮੁਸ਼ਕਤ ਦੀ ਕੈਦ ਜਾਂ 5000 ਰੁਪਏ ਜੁਰਮਾਨਾ ਜਾਂ ਦੋਵੇਂ ਵੀ ਹੋ ਸਕਦੇ ਹਨ। ਹਿਮਾਚਲ ਪ੍ਰਦੇਸ਼ ਵਿਚ ਅਦਾਲਤ ਇਹ ਵੀ ਹੁਕਮ ਦੇ ਸਕਦੀ ਹੈ ਕਿ ਜੁਰਮਾਨੇ ਦੀ ਰਕਮ ਵਿਚੋਂ ਜਾਂ ਸਾਰੀ ਰਕਮ ਉਸ ਵਿਅਕਤੀ ਨੂੰ ਮੁਆਵਜ਼ੇ ਵਜੋਂ ਦਿਤੀ ਜਾਵੇ ਜਿਸ ਵਿਰੁੱਧ ਗਲਤ ਸ਼ਿਕਾਇਤ ਕੀਤੀ ਗਈ ਹੈ, ਪ੍ਰੰਤੂ ਪੰਜਾਬ ਲੋਕ ਪਾਲ ਐਕਟ ਅਧੀਨ ਇਹ ਵਿਵਸਥਾ ਨਹੀਂ ਕੀਤੀ ਗਈ ਹੈ।

ਸਵੀਡਨ, ਡੈਨਮਾਰਕ ਤੇ ਹੋਰ ਦੇਸ਼ਾਂ ਜਿਨ੍ਹਾਂ ਵਿਚ ਵੀ ਓਂਮਬਡਜ਼ਮੈਨ ਦਾ ਅਦਾਰਾ ਕਾਇਮ ਕੀਤਾ ਗਿਆ ਹੈ, ਬੜੀ ਹੀ ਸਫਲਤਾ ਨਾਲ ਆਪਣਾ ਕੰਮ ਕਰ ਰਿਹਾ ਹੈ। ਇਹ ਕੇਵਲ ਨੌਕਰਸ਼ਾਹੀ ਦੀ ਵਧਦੀ ਤਾਕਤਾਂ ਨੂੰ ਕੰਟਰੋਲ ਕਰਨ ਦਾ ਪ੍ਰਮੁੱਖ ਸਾਧਨ ਹੀ ਨਹੀਂ ਬਲਕਿ ਆਮ ਜਨਤਾ ਦੀਆਂ ਸ਼ਿਕਾਇਤਾ ਦੂਰ ਕਰਨ ਵਿਚ ਇਕ ਪ੍ਰਭਾਵਸ਼ਾਲੀ ਤੇ ਕਾਰਗਰ ਏਜੰਸੀ ਸਾਬਿਤ ਹੋਇਆ ਹੈ। ਇਥੋਂ ਤਕ ਕਿ ਸਵੀਡਨ ਵਿਚ ਖਪਤਕਾਰਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਵੀ ਓਮਬਡਜ਼ਮੈਨ ਨਿਯੁਕਤ ਕੀਤਾ ਗਿਆ ਹੈ।

ਕੁਝ ਰਾਜ ਸਰਕਾਰਾਂ ਨੇ ਇਸ ਦਿਸ਼ਾ ਵਿਚ ਪਹਿਲ ਕਦਮੀ ਕਰਦਿਆਂ ਹੋਇਆਂ ਲੋਕਪਾਲ ਤੇ ਲੋਕ ਆਯੁਕਤ ਨਿਯੁਕਤ ਕੀਤੇ ਹਨ, ਜਿਨ੍ਹਾਂ ਦਾ ਜ਼ਿਕਰ ਆਪਾਂ ਪਹਿਲਾਂ ਹੀ ਕਰ ਚੁੱਕੇ ਹਾਂ। ਬੈਕਿੰਗ ਅਦਾਰਿਆਂ ਨੇ ਵੀ ਓਮਬਡਜ਼ਮੈਨ ਨਿਯੁਕਤ ਕੀਤਾ ਹੈ ਜੋ ਕਿ ਇਕ ਪ੍ਰਸ਼ੰਸਾਯੋਗ ਕਾਰਜ ਹੈ। ਲੋਕ ਮਨੋਬਲ ਨੂੰ ਕਾਇਮ ਰੱਖਣ ਅਤੇ ਵਧਾਉਣ ਲਈ ਤੇ ਪ੍ਰਸ਼ਾਸਕੀ ਪਾਰਦਰਸ਼ਤਾ ਲਈ ਅਜਿਹੇ ਅਦਾਰੇ ਨੂੰ ਜਿਤਨੀ ਜਲਦੀ ਹੋ ਸਕੇ, ਹਰ ਪੱਧਰ ਤੇ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਅਦਾਰਾ ਪ੍ਰਸ਼ਾਸਨ ਉਪਰ ਅਦਾਲਤੀ ਨਿਯੰਤਰਣ ਦਾ ਇਕ ਮਹੱਤਵਪੂਰਨ ਸਾਧਨ ਸਾਬਤ ਹੋਵੇਗਾ ਜੇਕਰ ਇਸ ਨੂੰ ਸ਼ਕਤੀਸ਼ਾਲੀ ਬਣਾਇਆ ਜਾਵੇ।

## ਕੇਂਦਰੀ ਵਿਜਿਲੈਂਸ ਆਯੋਗ
## (Central Vigilance Commission)

ਭਾਰਤ ਸਰਕਾਰ ਨੇ 20 ਜੂਨ, 1964 ਨੂੰ ਸਰਕਾਰੀ ਕਰਮਚਾਰੀਆਂ ਵਿਰੁੱਧ ਭ੍ਰਿਸ਼ਟਾਚਾਰ ਅਤੇ ਦਿਆਨਤਦਾਰੀ ਨਾਲ ਸੰਬੰਧਤ

ਸ਼ਿਕਾਇਤਾਂ ਸੁਣਨ ਲਈ ਕੇਂਦਰੀ ਚੌਕਸੀ ਕਮਿਸ਼ਨ ਦੀ ਸਥਾਪਨਾ ਕੀਤੀ।

ਕੇਂਦਰੀ ਚੌਕਸੀ ਕਮਿਸ਼ਨ ਦੀ ਸਥਾਪਨਾ ਇਕ ਕਾਰਜਕਾਰੀ ਮਤੇ ਅਧੀਨ ਕੀਤੀ ਗਈ। ਇਸ ਦੇ ਅਧਿਕਾਰ ਖੇਤਰ ਅਧੀਨ ਉਹ ਸਾਰੇ ਮਾਮਲੇ ਆਉਂਦੇ ਹਨ ਜਿਥੇ ਕੇਂਦਰ ਸਰਕਾਰ ਦੀ ਸ਼ਕਤੀ ਦੀ ਵਰਤੋਂ ਹੁੰਦੀ ਹੋਵੇ। ਇਸ ਲਈ ਕਮਿਸ਼ਨ ਦੇ ਅਧਿਕਾਰ ਖੇਤਰ ਅਧੀਨ ਕੇਂਦਰ ਸਰਕਾਰ ਅਤੇ ਜਨਤਕ ਅਦਾਰਿਆਂ ਦੇ ਕਰਮਚਾਰੀਆਂ ਨਾਲ ਸੰਬੰਧਤ ਮਾਮਲੇ ਸ਼ਾਮਿਲ ਕੀਤੇ ਜਾ ਸਕਦੇ ਹਨ। ਇਸੇ ਤਰ੍ਹਾਂ ਦਿੱਲੀ ਮਿਉਂਸਪਲ ਕਾਰਪੋਰੇਸ਼ਨ ਅਤੇ ਨਵੀਂ ਦਿੱਲੀ ਮਿਉਂਸਪਲ ਕਮੇਟੀ ਦੇ ਕਰਮਚਾਰੀਆਂ ਨਾਲ ਸੰਬੰਧਤ ਮਾਮਲੇ ਵੀ ਇਸਦੇ ਅਧਿਕਾਰ ਖੇਤਰ ਅਧੀਨ ਆਉਂਦੇ ਹਨ। ਕਮਿਸ਼ਨ ਦੇ ਸਥਾਪਤ ਹੋਣ ਸਮੇਂ ਕੇਵਲ ਗਜ਼ਟਿਡ ਅਫਸਰ ਹੀ ਇਸ ਵਿਚ ਸ਼ਾਮਿਲ ਕੀਤੇ ਗਏ ਸਨ ਪ੍ਰੰਤੂ ਹੁਣ ਦੂਸਰੇ ਕਾਰਜ-ਕਰਤਾਵਾਂ ਨੂੰ ਵੀ ਇਸ ਵਿਚ ਸ਼ਾਮਿਲ ਕੀਤਾ ਗਿਆ ਹੈ।

ਕੇਂਦਰੀ ਚੌਕਸੀ ਕਮਿਸ਼ਨ ਦੇ ਮੁੱਖੀ ਨੂੰ ਚੇਅਰਮੈਨ ਕਹਿੰਦੇ ਹਨ ਅਤੇ ਇਸਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਆਪਣੇ ਦਸਤਖਤ ਤੇ ਮੋਹਰ ਦੇ ਅਧਿਕਾਰ ("Warrant under his hand and seal") ਅਧੀਨ ਕੀਤੀ ਜਾਂਦੀ ਹੈ। ਉਹ ਆਪਣੀ ਇਸ ਪਦਵੀ ਉਪਰ ਛੇ ਸਾਲ ਜਾਂ 65 ਸਾਲ ਦੀ ਉਮਰ ਤੱਕ, ਇਨ੍ਹਾਂ ਦੋਹਾਂ ਵਿਚੋਂ ਜੋ ਪਹਿਲਾਂ ਹੋਵੇ, ਤੱਕ ਬਿਰਾਜਮਾਨ ਰਹਿੰਦਾ ਹੈ। ਉਸਨੂੰ ਪਦ ਤੋਂ ਹਟਾਉਣ ਲਈ ਉਹੀ ਵਿਧੀ ਅਪਨਾਈ ਜਾਂਦੀ ਹੈ ਜੋ ਸੰਘੀ ਲੋਕ ਸੇਵਾ ਕਮਿਸ਼ਨ (UPSC) ਦੇ ਚੇਅਰਮੈਨ ਜਾਂ ਮੈਂਬਰ ਨੂੰ ਪਦਵੀ ਤੋਂ ਹਟਾਉਣ ਲਈ ਅਪਣਾਈ ਜਾਂਦੀ ਹੈ।[1] ਉਸਦੇ ਅਹੁਦੇ ਨੂੰ ਸੁਤੰਤਰ ਰਖਣ ਲਈ ਉਸਨੂੰ ਆਪਣੀ ਰੀਟਾਇਰਮੈਂਟ ਤੋਂ ਬਾਅਦ ਕੇਂਦਰ ਜਾਂ ਕਿਸੇ ਰਾਜ ਸਰਕਾਰ ਅਧੀਨ ਕੋਈ ਪਦਵੀ ਗ੍ਰਹਿਣ ਕਰਨ ਤੋਂ ਵਰਜਿਤ ਕੀਤਾ ਗਿਆ ਹੈ।

**ਕੇਂਦਰੀ ਚੌਕਸੀ ਕਮਿਸ਼ਨ ਦੇ ਕਾਰਜ** (Functions of Central Vigilance Commission) :- ਸੰਘੀ ਲੋਕ ਸੇਵਾ ਕਮਿਸ਼ਨ ਵਾਂਗੂ ਕੇਂਦਰੀ ਚੌਕਸੀ ਕਮਿਸ਼ਨ ਦੇ ਕਾਰਜ ਵੀ ਸਲਾਹਕਾਰੀ ਕਿਸਮ ਦੇ ਹਨ ਭਾਵ ਕਿ ਕੇਂਦਰ ਸਰਕਾਰ ਕਮਿਸ਼ਨ ਦੁਆਰਾ ਕੀਤੀਆਂ ਸਿਫ਼ਾਰਸ਼ਾਂ ਪ੍ਰਵਾਨ ਜਾਂ ਅਪ੍ਰਵਾਨ ਕਰ ਸਕਦੀ ਹੈ। ਕਮਿਸ਼ਨ ਦੇ ਕਾਰਜਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ :-

(i) ਕਮਿਸ਼ਨ ਅਜਿਹੇ ਮਾਮਲਿਆਂ ਦੀ ਜਾਂਚ ਕਰ ਸਕਦਾ ਹੈ ਜਿਸ ਬਾਰੇ ਇਹ ਦੋਸ਼ ਲਗਾਇਆ ਗਿਆ ਹੋਵੇ ਕਿ ਜਨਤਕ ਕਰਮਚਾਰੀ ਨੇ ਕੰਮ ਕਰਨ ਲਈ ਰਿਸ਼ਵਤ ਲੈਣ ਜਾਂ ਗੈਰ-ਕਾਨੂੰਨੀ ਢੰਗ ਦਾ ਸਹਾਰਾ ਲਿਆ ਹੋਵੇ।

(ii) ਅਜਿਹੇ ਮਾਮਲਿਆਂ ਦੀ ਜਾਂਚ-ਪੜਤਾਲ ਕਰਨਾ ਜਿਥੇ ਕਿ ਜਨਤਕ ਕਰਮਚਾਰੀ ਨੇ ਭ੍ਰਿਸ਼ਟਾਚਾਰ ਫੈਲਾਣ ਲਈ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਹੋਵੇ ਜਾਂ ਆਪਣੇ ਕਾਰਜਾਂ ਨਾਲ ਸੰਬੰਧਤ ਉਹਨਾਂ ਸ਼ਕਤੀਆਂ ਦੀ ਵਰਤੋਂ ਹੀ ਨਾ ਕੀਤੀ ਹੋਵੇ ਜਿਨ੍ਹਾਂ ਦੀ ਵਰਤੋਂ ਕਰਨਾ ਅਤਿ ਜ਼ਰੂਰੀ ਸੀ।

(iii) ਪ੍ਰਸ਼ਾਸਨ ਵਿਚ ਦਿਆਨਤਦਾਰੀ ਬਣਾਈ ਰਖਣ ਲਈ ਕਮਿਸ਼ਨ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਇਸ ਦੇ ਸੰਬੰਧ ਵਿਚ ਪ੍ਰਚਲਤ ਵਿਧੀਆਂ ਦਾ ਪੁਨਰ-ਨਿਰੀਖਣ ਕਰ ਸਕੇ।

(iv) ਚੌਕਸੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਕੰਮ ਕਰਨ ਦੇ ਉਦੇਸ਼ ਨਾਲ ਕਮਿਸ਼ਨ ਵੱਖ-ਵੱਖ ਏਜੰਸੀਆਂ ਤੋਂ ਰੀਪੋਰਟ ਹਾਸਿਲ ਕਰ ਸਕਦਾ ਹੈ। (getting reports from various agencies)

(v) ਕਮਿਸ਼ਨ ਨੂੰ ਇਹ ਅਧਿਕਾਰ ਵੀ ਦਿੱਤਾ ਗਿਆ ਹੈ ਕਿ ਉਹ ਕਰਮਚਾਰੀਆਂ ਦੀਆਂ ਸ਼ਿਕਾਇਤਾਂ ਬਾਰੇ ਅਗਲੇ ਰੀ ਅਤੇ ਲੋੜੀਂਦੀ ਕਾਰਵਾਈ ਕਰ ਸਕਦਾ ਹੈ। ਇਸ ਸੰਬੰਧ ਵਿਚ ਕਮਿਸ਼ਨ ਕੇਂਦਰੀ ਖੋਜ ਬਿਉਰੋ (Central Bureau of Investigation) ਨੂੰ ਨਿਯਮਤ ਕੇਸ ਦਰਜ ਕਰਨ ਜਾਂ ਇਸਦੀ ਜਾਂਚ ਕਰਨ ਲਈ ਕਹਿ ਸਕਦਾ ਹੈ ਜਾਂ (ਅ) ਇਸਨੂੰ ਕੇਂਦਰੀ ਖੋਜ ਬਿਉਰੋ (CBI) ਜਾਂ ਸੰਬੰਧਤ ਏਜੰਸੀ ਦੁਆਰਾ ਜਾਂਚ ਪੜਤਾਲ ਲਈ ਸੂਚੀ ਤਿਆਰ ਕਰਨ ਲਈ ਕਹਿ ਸਕਦਾ ਹੈ।

**ਜਾਂਚ ਪੜਤਾਲ ਕਰਨ ਦੀ ਵਿਧੀ** (Procedure for enquiry) :- ਕਮਿਸ਼ਨ ਦੀ ਜਾਂਚ ਪੜਤਾਲ ਦੀ ਵਿਧੀ ਵਿਚ ਕਮਿਸ਼ਨ ਸਭ ਤੋਂ ਪਹਿਲਾਂ ਵੱਖ-ਵੱਖ ਵਿਅਕਤੀਆਂ ਤੋਂ ਸ਼ਿਕਾਇਤਾਂ ਹਾਸਿਲ ਕਰਦਾ ਹੈ। ਇਸ ਤੋਂ ਇਲਾਵਾ ਭ੍ਰਿਸ਼ਟਾਚਾਰ, ਬਦਚਲਣੀਆਂ (Misconduct) ਆਦਿ ਬਾਰੇ ਵੱਖ-ਵੱਖ ਸਾਧਨਾਂ ਰਾਹੀਂ ਲੋੜੀਂਦੀ ਜਾਣਕਾਰੀ ਇਕਠੀ ਕਰਦਾ ਹੈ। ਇਹ ਰੀਪੋਰਟਾਂ

1. The procedure of removal has been included under Article 317 which reads as under :

"The chairman or any other member of the Public Service Commission shall only be removed from his office by an order of the President on the ground of misbehaviour after the Supreme Court on reference being made to it by the President has an enquiry held in accordance with the procedure prescribed in that behalf under Article 145, reported that the Chairman or such other member, as the case may be, ought for any such ground to be removed."

ਨਿਮਨਲਿਖਤ ਸਾਧਨਾਂ ਰਾਹੀਂ ਇਕਠੀ ਕੀਤੀ ਜਾ ਸਕਦੀ ਹੈ :-

(i) ਪ੍ਰੈਸ ਰੀਪੋਰਟਾਂ;

(ii) ਸੰਸਦ ਦੇ ਮੈਂਬਰਾਂ ਦੁਆਰਾ ਦਿਤੀ ਸੂਚਨਾ;

(iii) ਸੰਸਦੀ ਕਮੇਟੀਆਂ ਦੀਆਂ ਰੀਪੋਰਟਾਂ ਵਿਚ ਹੋਈਆਂ ਟਿਪਣੀਆਂ;

(iv) ਲੇਖਾ-ਪੜਤਾਲ ਨਾਲ ਸੰਬੰਧਤ ਰੀਪੋਰਟਾਂ;

(v) ਕੇਂਦਰੀ ਜਾਂਚ ਬਿਊਰੋ ਦੁਆਰਾ ਕਮਿਸ਼ਨ ਕੋਲ ਪਹੁੰਚਾਈ ਜਾਣਕਾਰੀ।

ਕਈ ਵਾਰੀ ਕਮਿਸ਼ਨ ਕੋਲ ਅਜਿਹੇ ਮਾਮਲਿਆਂ ਬਾਰੇ ਸ਼ਿਕਾਇਤਾਂ ਵੀ ਆਉਂਦੀਆਂ ਹਨ ਜੋ ਰਾਜ ਸਰਕਾਰ ਦੇ ਅਧਿਕਾਰ ਖੇਤਰ ਅਧੀਨ ਹੁੰਦੀਆਂ ਹਨ। ਇਸੇ ਤਰ੍ਹਾਂ ਹਰ ਰਾਜ ਵਿਚ ਚੌਕਸੀ ਕਮਿਸ਼ਨ ਦੀ ਸਥਾਪਨਾ ਕੀਤੀ ਜਾਂਦੀ ਹੈ ਜੋ ਕਿ ਉਸ ਰਾਜ ਵਿਚ ਕੰਮ ਕਰ ਰਹੇ ਕੇਂਦਰ ਸਰਕਾਰ ਦੇ ਕਰਮਚਾਰੀਆਂ ਨਾਲ ਸੰਬੰਧਤ ਮਾਮਲਿਆਂ ਬਾਰੇ ਕੇਂਦਰੀ ਚੌਕਸੀ ਕਮਿਸ਼ਨ ਦੀ ਹਿਦਾਇਤਾਂ ਤੇ ਯੋਗ ਕਾਰਵਾਈ ਕਰ ਸਕਦਾ ਹੈ।

ਲੋਕਾਂ ਦੁਆਰਾ ਕੀਤੀਆਂ ਸ਼ਿਕਾਇਤਾਂ ਅਤੇ ਭ੍ਰਿਸ਼ਟਾਚਾਰ ਅਤੇ ਕੁਚਾਲਾਂ (Malpractices) ਸੰਬੰਧੀ ਵੱਖ-ਵੱਖ ਸਾਧਨਾਂ ਤੋਂ ਜਾਣਕਾਰੀ ਇਕੱਤਰ ਕਰਨ ਤੋਂ ਬਾਅਦ ਕਮਿਸ਼ਨ ਸ਼ਿਕਾਇਤਾਂ ਦੇ ਨਿਪਟਾਰੇ ਲਈ ਨਿਮਨਲਿਖਤ ਤਰੀਕੇ ਅਪਣਾ ਸਕਦਾ ਹੈ :-

(i) ਪਹਿਲਾ ਤਰੀਕਾ ਇਹ ਹੈ ਕਿ ਕੇਂਦਰੀ ਚੌਕਸੀ ਕਮਿਸ਼ਨ ਇਹ ਮਾਮਲਾ ਸਬੰਧਤ ਵਿਭਾਗ ਜਾਂ ਮੰਤਰਾਲੇ ਨੂੰ ਸੌਂਪ ਸਕਦਾ ਹੈ। ਅਜਿਹੇ ਮਾਮਲਿਆਂ ਬਾਰੇ ਸੰਬੰਧਤ ਵਿਭਾਗ ਦਾ ਚੌਕਸੀ ਅਫ਼ਸਰ (Vigilance Officer) ਦੋਸ਼ਾਂ ਬਾਰੇ ਪੁਸ਼ਟੀਕਰਨ ਲਈ ਮੁਢਲੀ ਛਾਣਬੀਣ ਕਰਦਾ ਹੈ ਅਤੇ ਇਸ ਤੋਂ ਬਾਅਦ ਆਪਣੀ ਰੀਪੋਰਟ ਕਮਿਸ਼ਨ ਨੂੰ ਪੇਸ਼ ਕਰਦਾ ਹੈ।

(ii) ਦੂਸਰਾ ਰਸਤਾ ਇਹ ਹੈ ਕਿ ਕਮਿਸ਼ਨ ਇਹ ਮਾਮਲਾ ਸੀ.ਬੀ.ਆਈ. (Central Bureau of Investigation) ਨੂੰ ਜਾਂਚ ਪੜਤਾਲ ਕਰਨ ਲਈ ਕਹਿ ਸਕਦਾ ਹੈ। ਇਸ ਤਰ੍ਹਾਂ ਜਾਂਚ ਪੜਤਾਲ ਤੋਂ ਬਾਅਦ ਸੀ.ਬੀ.ਆਈ. ਰਿਕਾਰਡਾਂ ਸਮੇਤ ਕਮਿਸ਼ਨ ਨੂੰ ਆਪਣੀ ਰੀਪੋਰਟ ਪੇਸ਼ ਕਰੇਗਾ ਅਤੇ ਫਿਰ ਕਮਿਸ਼ਨ ਸਬੰਧਤ ਵਿਭਾਗ ਜਾਂ ਮੰਤਰਾਲੇ ਨੂੰ ਉਸ ਰੀਪੋਰਟ ਦੇ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਲਈ ਕਹਿ ਸਕਦਾ ਹੈ।

(iii) ਤੀਜਾ ਢੰਗ ਇਹ ਵੀ ਹੋ ਸਕਦਾ ਹੈ ਕਿ ਕਮਿਸ਼ਨ ਸੀ.ਬੀ.ਆਈ. ਦੇ ਡਾਇਰੈਕਟਰ ਨੂੰ ਦੋਸ਼ੀ ਕਰਮਚਾਰੀ ਵਿਰੁੱਧ ਕੇਸ ਦਰਜ ਕਰਕੇ ਜਾਂਚ ਕਰਨ ਲਈ ਵੀ ਆਦੇਸ਼ ਦੇ ਸਕਦਾ ਹੈ। ਦੋਸ਼ ਦੀ ਜਾਂਚ ਪੜਤਾਲ ਕਰਨ ਉਪਰੰਤ ਸੀ.ਬੀ.ਆਈ. ਦਾ ਡਾਇਰੈਕਟਰ ਕਮਿਸ਼ਨ ਨੂੰ ਜਾਂਚ ਪੜਤਾਲ ਸੰਬੰਧੀ ਆਪਣੀ ਪੂਰੀ ਰੀਪੋਰਟ ਪੇਸ਼ ਕਰੇਗਾ ਜਿਸਦੇ ਆਧਾਰ ਤੇ ਦੋਸ਼ੀ ਕਰਮਚਾਰੀ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਇਥੇ ਇਹ ਵਰਣਨਯੋਗ ਹੈ ਕਿ ਕਮਿਸ਼ਨ ਨੇ ਪ੍ਰਸ਼ਾਸਕੀ ਮੰਤਰਾਲਿਆਂ ਅਤੇ ਵਿਭਾਗਾਂ ਦੁਆਰਾ ਕੀਤੀ ਜਾਣ ਵਾਲੀ ਜਾਂਚ ਪੜਤਾਲ ਦੀ ਵਿਧੀ ਨੂੰ ਨਿਰਧਾਰਿਤ ਕੀਤਾ ਹੈ। ਕਮਿਸ਼ਨ ਨੂੰ ਪ੍ਰਸ਼ਾਸਨ ਵਿਚ ਦਿਆਨਤਦਾਰੀ ਨਾਲ ਸੰਬੰਧਤ ਸਾਰੇ ਮਾਮਲਿਆਂ ਬਾਰੇ ਮੰਤਰੀਆਂ ਅਤੇ ਵਿਭਾਗਾਂ ਨੂੰ ਸਲਾਹ ਦੇਣ ਦਾ ਅਧਿਕਾਰ ਹੈ। ਕਮਿਸ਼ਨ ਨੂੰ ਇਹ ਅਧਿਕਾਰ ਵੀ ਪ੍ਰਾਪਤ ਹੈ ਕਿ ਉਹ ਮੰਤਰਾਲਿਆਂ ਤੋਂ ਰੀਪੋਰਟਾਂ ਅਤੇ ਹੋਰ ਵੇਰਵੇ ਪ੍ਰਾਪਤ ਕਰ ਸਕਦਾ ਹੈ। ਇਸ ਤਰੀਕੇ ਨਾਲ ਕਮਿਸ਼ਨ ਨੂੰ ਚੌਕਸੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਕਾਰਜਾਂ ਉੱਤੇ ਨਿਗਰਾਨੀ ਕਰਨ ਦਾ ਮੌਕਾ ਮਿਲ ਜਾਂਦਾ ਹੈ। ਇਸ ਤੋਂ ਇਲਾਵਾ ਕਮਿਸ਼ਨ ਕਿਸੇ ਵੀ ਸ਼ਿਕਾਇਤ ਜਾਂ ਕੇਸ ਦੀ ਸੁਣਵਾਈ ਸਿੱਧੇ ਆਪਣੇ ਕੰਟਰੋਲ ਅਧੀਨ ਲੈ ਸਕਦਾ ਹੈ ਅਤੇ ਉਸ ਉੱਤੇ ਯੋਗ ਕਾਰਵਾਈ ਵੀ ਕਰ ਸਕਦਾ ਹੈ। ਅੰਤ ਵਿਚ ਕਮਿਸ਼ਨ ਆਪਣੇ ਕਾਰਜਾਂ ਸਬੰਧੀ ਸਾਲਾਨਾ ਰੀਪੋਰਟ ਤਿਆਰ ਕਰਕੇ ਗ੍ਰਹਿ ਮੰਤਰਾਲੇ ਦੇ ਸਪੁਰਦ ਕਰ ਦਿੰਦਾ ਹੈ। ਇਥੇ ਹੀ ਬੱਸ ਨਹੀਂ ਸਗੋਂ ਕਮਿਸ਼ਨ ਮੰਤਰਾਲੇ ਦਾ ਧਿਆਨ ਆਪਣੀ ਰੀਪੋਰਟ ਵਿਚ ਕੀਤੀਆਂ ਸਿਫ਼ਾਰਸ਼ਾਂ ਵਲ ਵੀ ਦਿਵਾਂਦਾ ਹੈ ਕਿ ਉਹਨਾਂ ਵਿਚੋਂ ਕਿਹੜੀਆਂ ਸਿਫ਼ਾਰਸ਼ਾਂ ਪ੍ਰਵਾਨ ਹੋ ਗਈਆਂ ਹਨ ਅਤੇ ਕਿਹੜੀਆਂ ਸਿਫ਼ਾਰਸ਼ਾਂ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਇਸ ਤਰ੍ਹਾਂ ਗ੍ਰਹਿ ਮੰਤਰੀ ਅਗੇ ਇਸ ਰੀਪੋਰਟ ਨੂੰ ਸੰਸਦ ਸਾਹਮਣੇ ਪੇਸ਼ ਕਰਦਾ ਹੈ।

ਇਥੇ ਇਹ ਦਸਣਾ ਜ਼ਰੂਰੀ ਹੈ ਕਿ ਕੇਂਦਰੀ ਕਮਿਸ਼ਨ ਦੀ ਸਹਾਇਤਾ ਲਈ ਹਰ ਮੰਤਰਾਲੇ/ਵਿਭਾਗ ਵਿਚ ਮੁੱਖ ਚੌਕਸੀ ਅਫ਼ਸਰਾਂ (Chief Vigilance Officers) ਦੀ ਨਿਯੁਕਤੀ ਕੀਤੀ ਜਾਂਦੀ ਹੈ। ਯਾਦ ਰਹੇ ਕਿ ਅਜਿਹੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਬਾਰੇ ਸਨਥਾਨਮ ਕਮੇਟੀ (Santhanam Committee) ਨੇ ਕੇਂਦਰੀ ਸਰਕਾਰ ਨੂੰ ਸਿਫ਼ਾਰਸ ਕੀਤੀ ਸੀ ਜੋ ਕਿ ਸਰਕਾਰ ਨੇ ਪ੍ਰਵਾਨ ਕਰ ਲਈ ਸੀ। ਕੇਂਦਰੀ ਚੌਕਸੀ ਕਮਿਸ਼ਨ ਅਤੇ ਮੰਤਰਾਲਿਆਂ/ਵਿਭਾਗਾਂ ਵਿਚ ਸੰਪਰਕ ਬਣਾਈ ਰਖਣ ਲਈ ਅਜਿਹੇ

ਅਫ਼ਸਰ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇਸ ਤੋਂ ਇਲਾਵਾ ਸਹਾਇਕ ਅਤੇ ਅਧੀਨ ਦਫ਼ਤਰਾਂ ਵਿਚ ਵੀ ਚੌਕਸੀ ਅਫ਼ਸਰਾਂ (Vigilance Officers) ਦੀ ਨਿਯੁਕਤੀ ਕੀਤੀ ਜਾਂਦੀ ਹੈ। ਮੁੱਖ ਚੌਕਸੀ ਅਫਸਰ ਦੀ ਨਿਯੁਕਤੀ ਕਰਨ ਸਮੇਂ ਕੇਂਦਰੀ ਚੌਕਸੀ ਕਮਿਸ਼ਨ ਦੀ ਸਲਾਹ ਲਈ ਜਾਂਦੀ ਹੈ ਅਤੇ ਸਹਾਇਕ ਜਾਂ ਅਧੀਨ ਦਫਤਰ ਵਿਚ ਚੌਕਸੀ ਅਫ਼ਸਰ ਦੀ ਨਿਯੁਕਤੀ ਕਰਨ ਸਮੇਂ ਮੁੱਖ ਚੌਕਸੀ ਅਫ਼ਸਰ ਦੀ ਸਲਾਹ ਲਈ ਜਾਂਦੀ ਹੈ। ਮੁੱਖ ਚੌਕਸੀ ਅਫਸਰ ਡਿਪਟੀ ਸਕੱਤਰ (Deputy Secretary) ਦੇ ਅਹੁਦੇ ਦਾ ਅਧਿਕਾਰੀ ਹੁੰਦਾ ਹੈ ਅਤੇ ਇਸੇ ਤਰ੍ਹਾਂ ਚੌਕਸੀ ਅਫ਼ਸਰ ਅਧੀਨ ਸਕੱਤਰ (Under Secretary) ਦੇ ਅਹੁਦੇ ਦੇ ਅਧਿਕਾਰੀ ਹੁੰਦੇ ਹਨ।

ਕੇਂਦਰੀ ਚੌਕਸੀ ਕਮਿਸ਼ਨ ਦੇ ਆਧਾਰ ਤੇ ਰਾਜ ਪੱਧਰ ਤੇ ਵੀ ਚੌਕਸੀ ਮਸ਼ੀਨਰੀ ਦੀ ਵਿਵਸਥਾ ਕੀਤੀ ਗਈ ਹੈ। 1964 ਤੋਂ ਹਰ ਰਾਜ ਵਿਚ ਚੌਕਸੀ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਹੈ। ਕੇਂਦਰੀ ਚੌਕਸੀ ਕਮਿਸ਼ਨ ਦੀ ਤਰ੍ਹਾਂ ਰਾਜ ਪੱਧਰ ਤੇ ਚੌਕਸੀ ਕਮਿਸ਼ਨ ਦੀ ਸਥਾਪਨਾ ਕਾਰਜਕਾਰੀ ਦੇ ਇਕ ਮਤੇ ਰਾਹੀਂ ਕੀਤੀ ਗਈ ਸੀ।

ਹਰ ਰਾਜ ਚੌਕਸੀ ਕਮਿਸ਼ਨ ਦੇ ਅਧਿਕਾਰ ਖੇਤਰ ਅਧੀਨ ਉਹ ਸਾਰੇ ਮਾਮਲੇ ਆ ਜਾਂਦੇ ਹਨ ਜੋ ਕਿ ਰਾਜ ਦੀ ਕਾਰਜਕਾਰੀ ਸ਼ਕਤੀ ਅਧੀਨ ਆਉਂਦੇ ਹਨ। ਪ੍ਰੰਤੂ ਯਾਦ ਰਹੇ ਕਿ ਰਾਜ ਚੌਕਸੀ ਕਮਿਸ਼ਨ ਰਾਜਨੀਤਿਕ ਭ੍ਰਿਸ਼ਟਾਚਾਰ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਪੜਤਾਲ ਨਹੀਂ ਕਰ ਸਕਦਾ। ਕਮਿਸ਼ਨ ਦਾ ਮੁੱਖ ਅਧਿਕਾਰੀ ਚੌਕਸੀ ਕਮਿਸ਼ਨਰ (Vigilance Commissioner) ਹੁੰਦਾ ਹੈ ਜੋ ਕਿ ਯੋਗਤਾ ਦੇ ਆਧਾਰ ਤੇ ਹਾਈ ਕੋਰਟ ਦਾ ਜਜ ਹੋਵੇ ਜਾਂ ਹਾਈ ਕੋਰਟ ਦਾ ਜਜ ਬਣਨ ਦੀ ਯੋਗਤਾ ਰਖਦਾ ਹੋਵੇ। ਕੇਂਦਰੀ ਚੌਕਸੀ ਕਮਿਸ਼ਨ ਦੀ ਤਰ੍ਹਾਂ ਉਹ ਉਮਰ ਦੀ ਨਿਰਧਾਰਿਤ ਹੱਦ ਤੋਂ ਬਿਨਾਂ 5 ਸਾਲ ਦੇ ਸਮੇਂ ਲਈ ਨਿਯੁਕਤ ਕੀਤਾ ਜਾਂਦਾ ਹੈ ਅਤੇ ਉਸਨੂੰ ਸੇਵਾ ਮੁਕਤ/ਰਿਟਾਇਰ ਹੋਣ ਤੋਂ ਬਾਅਦ ਕੇਂਦਰ ਜਾਂ ਰਾਜ ਸਰਕਾਰ ਅਧੀਨ ਕਿਸੇ ਅਹੁਦੇ ਤੇ ਨਿਯੁਕਤ ਨਹੀਂ ਕੀਤਾ ਜਾ ਸਕਦਾ।

**ਰਾਜ ਚੌਕਸੀ ਕਮਿਸ਼ਨ ਦੇ ਕਾਰਜ** (Functions of State Vigilance Commission) :- ਰਾਜ ਵਿਚ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਰਾਜ ਚੌਕਸੀ ਕਮਿਸ਼ਨ ਨੂੰ ਨਿਮਨਲਿਖਤ ਕਾਰਜ ਸੌਂਪੇ ਗਏ ਹਨ :-

(i) ਕਿਸੇ ਵੀ ਸਰਕਾਰੀ ਕਰਮਚਾਰੀ ਤੇ ਲੈਣ-ਦੇਣ (Transactions) ਜਾਂ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਨ ਦਾ ਦੋਸ਼ ਹੋਵੇ, ਬਾਰੇ ਜਾਂਚ ਪੜਤਾਲ ਕਰ ਸਕਦਾ ਹੈ।

(ii) ਸਰਵ-ਭਾਰਤੀ ਸੇਵਾਵਾਂ ਦੇ ਉਹ ਕਰਮਚਾਰੀ ਜੋ ਕਿਸੇ ਰਾਜ ਸਰਕਾਰ ਦੇ ਅਧੀਨ ਕੰਮ ਕਰਦੇ ਹੋਣ ਅਤੇ ਜਿਨ੍ਹਾਂ ਉੱਤੇ ਭ੍ਰਿਸ਼ਟਾਚਾਰ, ਕੁਚਲਨ (Misconduct), ਇਮਾਨਦਾਰੀ ਦੀ ਘਾਟ (Lack of integrity) ਜਾਂ ਕਿਸੇ ਹੋਰ ਕਿਸਮ ਦੀ ਬਦਚਲਣੀ (Malpractice) ਦਾ ਦੋਸ਼ ਹੋਵੇ, ਦੀ ਜਾਂਚ ਪੜਤਾਲ ਕਰ ਸਕਦਾ ਹੈ।

(iii) ਜੇਕਰ ਕਮਿਸ਼ਨ ਅਜਿਹੇ ਮਾਮਲਿਆਂ ਦੀਆਂ ਸ਼ਿਕਾਇਤਾਂ ਬਾਰੇ ਅਗਲੇਰੀ ਕਾਰਵਾਈ ਕਰਨੀ ਜ਼ਰੂਰੀ ਸਮਝੇ ਤਾਂ ਉਹਨਾਂ ਨੂੰ ਸਿੱਧੇ ਹੀ ਆਪਣੇ ਕੰਟਰੋਲ ਅਧੀਨ ਲੈ ਸਕਦਾ ਹੈ।

(iv) ਪ੍ਰਸ਼ਾਸਨ ਵਿਚ ਇਮਾਨਦਾਰੀ ਕਾਇਮ ਕਰਨ ਲਈ ਕਮਿਸ਼ਨ ਪ੍ਰਸ਼ਾਸਨ ਵਿਚ ਪ੍ਰਚਲਤ ਕਾਰਜਵਿਧੀਆਂ ਨੂੰ ਨਵੇ ਂ ਸਿਰਿਉਂ ਵਿਚਾਰ ਸਕਦਾ ਹੈ।

(v) ਭ੍ਰਿਸ਼ਟਾਚਾਰ ਵਿਰੋਧੀ ਕਾਰਜਾਂ ਨੂੰ ਰੋਕਣ ਲਈ ਲੋੜੀਂਦੇ ਅੰਕੜੇ ਅਤੇ ਜਾਣਕਾਰੀ ਇਕੱਤਰ ਕਰਨਾ।

(vi) ਕਿਸੇ ਅਜਿਹੀ ਸ਼ਿਕਾਇਤ ਤੇ ਛਾਣਬੀਣ ਕਰਨੀ ਜੋ ਕਿ ਜਨਤਕ ਕਰਮਚਾਰੀ ਨੇ ਬੇਕਾਇਦਗੀ ਢੰਗ ਜਾਂ ਭ੍ਰਿਸ਼ਟ ਉਦੇਸ਼ ਦੀ ਪੂਰਤੀ ਲਈ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਹੈ ਜਾਂ ਅਜਿਹੀ ਸ਼ਕਤੀ ਦੀ ਵਰਤੋਂ ਨਹੀਂ ਕੀਤੀ ਜਿਹੜੀ ਕਿ ਕੀਤੀ ਜਾਣੀ ਚਾਹੀਦੀ ਸੀ।

ਉਪਰੋਕਤ ਵੇਰਵੇ ਤੋਂ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਕੇਂਦਰ ਅਤੇ ਰਾਜ ਪੱਧਰ ਤੇ ਚੌਕਸੀ ਮਸ਼ੀਨਰੀ ਦੀ ਸਥਾਪਨਾ ਕਰਨਾ ਸਰਕਾਰ ਦੀ ਨੇਕ ਨੀਤੀ ਦਾ ਸਿੱਟਾ ਹੈ। ਚੌਕਸੀ ਕਮਿਸ਼ਨ ਦੀ ਸਥਾਪਨਾ ਦੇ ਮੌਕੇ ਤੇ ਬੋਲਦਿਆਂ ਹੋਇਆਂ ਉਸ ਸਮੇਂ ਦੇ ਗ੍ਰਹਿ ਮੰਤਰੀ ਨੇ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਇਆ ਸੀ ਕਿ ਇਸ ਕਮਿਸ਼ਨ ਨੂੰ ਬਿਨਾਂ ਕਿਸੇ ਡਰ ਜਾਂ ਪੱਖਪਾਤ ਤੋਂ ਕੰਮ ਕਰਨ ਦੀ ਆਗਿਆ ਦਿਤੀ ਜਾਵੇਗੀ। ਇਸ ਤੱਥ ਦੀ ਪੁਸ਼ਟੀ ਕਮਿਸ਼ਨ ਨੇ ਆਪਣੀ ਪਹਿਲੀ ਰਿਪੋਰਟ ਵਿਚ ਕਰ ਦਿੱਤੀ ਸੀ ਕਿ, "ਕਮਿਸ਼ਨ ਦਾ ਸੁਤੰਤਰ ਅਤੇ ਸਵਾਧੀਨ ਦਰਜਾ, ਇਸ ਦੀਆਂ ਵਿਸ਼ਾਲ ਸ਼ਕਤੀਆਂ ਅਤੇ ਅਧਿਕਾਰ ਖੇਤਰ ਨੂੰ ਦਰਸਾਉਂਦਾ ਹੈ।

## SUGGESTED QUESTIONS

1. ਭਾਰਤ ਵਿਚ ਲੋਕ ਪਾਲ ਦੇ ਅਹੁਦੇ ਦੀ ਲੋੜ ਕਿਉਂ ਮਹਿਸੂਸ ਕੀਤੀ ਗਈ? ਭਾਰਤ ਸਰਕਾਰ ਵਲੋਂ ਲੋਕ ਪਾਲ ਨਾਮੀ ਸੰਸਥਾ ਕਾਇਮ ਕਰਨ ਲਈ ਕੀ ਯਤਨ ਕੀਤੇ ਗਏ ਹਨ?

   (What is the necessity of setting up the office of Lok Pal in India? What steps have been taken by the Government of India for constituting the office of Lok Pal?)

**ਪਾਠ ਨੰ: 2.6**

# ਭਾਰਤ ਵਿਚ ਪਛੜੀਆਂ ਜਾਤਾਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਕਲਿਆਣ ਨੀਤੀਆਂ ਅਤੇ ਕਾਰਜਕ੍ਰਮ

**(Policies and Programmes for Welfare of Scheduled Castes, Scheduled Tribes and Backward Classes)**

ਭਾਰਤ ਇਕ ਕਲਿਆਣਕਾਰੀ ਰਾਜ ਹੈ ਜਿਹੜਾ ਆਮ ਕਰਕੇ ਆਪਣੇ ਸਾਰੇ ਲੋਕਾਂ ਤੇ ਵਿਸ਼ੇਸ਼ ਕਰਕੇ ਕਮਜ਼ੋਰ ਵਰਗ ਦੇ ਵਿਕਾਸ ਅਤੇ ਕਲਿਆਣ ਲਈ ਵਚਨਬੱਧ ਹੈ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ, ਮੌਲਿਕ ਅਧਿਕਾਰ ਅਤੇ ਰਾਜ ਦੀ ਨੀਤੀ ਨਿਰਦੇਸ਼ਕ ਸਿਧਾਂਤਾਂ ਵਿਚ ਦਰਜ ਧਾਰਾਵਾਂ ਰਾਜ ਦੀ ਆਪਣੇ ਲੋਕਾਂ ਪ੍ਰਤਿ ਵਚਨਬੱਧਤਾ ਦੇ ਪ੍ਰਮਾਣ ਚਿੰਨ ਹਨ।

ਕਲਿਆਣ ਭਿੱਖਿਆ ਦੇਣਾ ਨਹੀਂ ਹੈ। ਇਸ ਕਾਰਨ ਜਿਨ੍ਹਾਂ ਵਰਗਾਂ ਲਈ ਵਿਸ਼ੇਸ਼ ਤੌਰ ਤੇ ਕਲਿਆਣਕਾਰੀ ਨੀਤੀਆਂ ਅਤੇ ਕਾਰਜਕ੍ਰਮ ਬਣਾਏ ਗਏ ਹਨ, ਉਨ੍ਹਾਂ ਨੂੰ ਨਿਮਨ ਪੱਧਰ ਦੇ ਨਹੀਂ ਸਮਝਣਾ ਚਾਹੀਦਾ। ਸ਼ੁਰੂ-ਸ਼ੁਰੂ ਵਿਚ ਕਲਿਆਣਕਾਰੀ ਕਾਰਜਕ੍ਰਮ ਕੁਝ ਮੂਲ ਰੱਖਿਆਕ ਅਤੇ ਮੁੜ ਵਸਾਊ ਸੇਵਾਵਾਂ ਦੇ ਸੰਬੰਧ ਵਿਚ ਹੀ ਉਲੀਕੇ ਗਏ ਹਨ। ਪਰ ਸਮਾਂ ਪਾ ਕੇ ਕਲਿਆਣਕਾਰੀ ਕਾਰਜਕ੍ਰਮਾਂ ਦਾ ਟੀਚਾ ਇਹਨਾਂ ਕੁਝ ਕੁ ਸੇਵਾਵਾਂ ਤਕ ਸੀਮਿਤ ਨਾ ਰਹਿ ਕੇ ਪੂਰਣ ਵਿਕਾਸ ਤੇ ਕੇਂਦਰਿਤ ਕਰ ਦਿੱਤਾ ਗਿਆ ਹੈ। ਅਜੋਕੇ ਸਮੇਂ ਅਜਿਹੇ ਕਾਰਜਕ੍ਰਮ ਪਛੜੀਆਂ ਜਾਤਾਂ ਤੇ ਕਬੀਲਿਆਂ ਵਿਚ ਨਿਵਾਰਕ, ਵਿਕਾਸ ਸੰਬੰਧੀ ਅਤੇ ਮੁੜ-ਵਸਾਊ, ਮੌਕੇ ਪ੍ਰਦਾਨ ਕਰਨ ਉਪਰ ਕੇਂਦਰਤ ਹਨ। ਜਾਤ-ਪਾਤ ਅਤੇ ਸਮਾਜਿਕ ਵਿਤਕਰੇ ਦੇ ਸਿੱਟੇ ਵਜੋਂ ਸਾਡੇ ਸਮਾਜ ਵਿਚ ਇਕ ਅਜਿਹਾ ਵਰਗ ਪੈਦਾ ਹੋ ਗਿਆ ਹੈ, ਜੋ ਸਮਾਜ ਦਾ ਸਭ ਤੋਂ ਨੀਵਾਂ ਅਤੇ ਪਛੜਿਆ ਹੋਇਆ ਭਾਗ ਹੈ। ਇਸ ਵਰਗ ਵਿਚ ਅਨੁਸੂਚਿਤ ਕਬੀਲੇ ਅਤੇ ਪਛੜੀਆਂ ਸ਼੍ਰੇਣੀਆਂ ਸ਼ਾਮਲ ਹਨ। ਸਾਡੇ ਦੇਸ਼ ਦੀ ਕੁਲ ਜਨਸੰਖਿਆ ਦਾ 15 ਪ੍ਰਤੀਸ਼ਤ ਭਾਗ ਇਨ੍ਹਾਂ ਸ਼੍ਰੇਣੀਆਂ ਦੇ ਲੋਕ ਹਨ, ਜੋ ਕਾਫੀ ਗਰੀਬ ਹਨ। ਇਹਨਾਂ ਵਿਚੋਂ 48 ਪ੍ਰਤੀਸ਼ਤ ਲੋਕ ਤਾਂ ਗਰੀਬੀ ਦੀ ਸਤਰ ਤੋਂ ਵੀ ਹੇਠਾਂ ਹਨ। ਸਾਡੇ ਸਮਾਜ ਦਾ ਸਭ ਦਾ ਇਕ ਵਰਗ ਪੁਰਾਤਨ ਸਮੇਂ ਤੋਂ ਹੀ ਸਮਾਜਿਕ ਅਤੇ ਆਰਥਿਕ ਤੌਰ ਤੇ ਪਛੜਿਆ ਰਿਹਾ ਹੈ ਅਤੇ ਸਮਾਜ ਦੇ ਦੂਜੇ ਰਗ ਦੁਆਰਾ ਇਸ ਵਰਗ ਦਾ ਹਮੇਸ਼ਾਂ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ। ਇਸ ਵਰਗ ਦੇ ਲੋਕ ਵਿਦਿਅਕ, ਸਮਾਜਿਕ ਅਤੇ ਆਰਥਿਕ ਆਯੋਗਤਾਵਾਂ ਕਾਰਣ ਦੁੱਖੀ ਅਤੇ ਪਛੜਿਆ ਹੋਇਆ ਜੀਵਨ ਬਤੀਤ ਕਰਦੇ ਸਨ। ਪਰ ਸੁਤੰਤਰ ਭਾਰਤ ਵਿਚ ਇਸ ਪਛੜੇ ਵਰਗ ਦੇ ਲੋਕਾਂ ਦੇ ਕਲਿਆਣ ਲਈ ਬਹੁਤ ਯਤਨ ਕੀਤੇ ਗਏ ਹਨ। ਇਸ ਵਰਗ ਦੇ ਲੋਕਾਂ ਨੂੰ ਉੱਨਤੀ ਅਤੇ ਵਿਕਾਸ ਦੇ ਅਵਸਰ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਹਨ, ਤਾਂ ਜੋ ਇਹ ਸਮਾਜ ਵਿਚ ਇਕ ਚੰਗੇਰਾ, ਇੱਜ਼ਤ-ਪੂਰਨ ਅਤੇ ਸੁੱਖੀ ਜੀਵਨ ਬਤੀਤ ਕਰ ਸਕਣ।

ਪਹਿਲੀ ਪੰਜ ਸਾਲਾ ਯੋਜਨਾ ਦੇ ਅਨੁਸਾਰ ਇਸ 'ਸ਼ਬਦ' ਦੀ ਪਰਿਭਾਸ਼ਾ ਕਰਨਾ ਬਹੁਤ ਮੁਸ਼ਕਿਲ ਹੈ। ਪਛੜੇਪਨ ਦਾ ਪ੍ਰਗਟਾਊ ਇਕ ਸਮੂਹ ਅਤੇ ਵਿਅਕਤੀ ਨੂੰ ਆਤਮ ਵਿਕਾਸ ਲਈ ਲੋੜੀਂਦੀ ਅਵਸਥਾ ਦੀ ਘਾਟ ਰਾਹੀਂ ਕੀਤਾ ਜਾਂਦਾ ਹੈ। ਖਾਸ ਕਰਕੇ ਇਹ ਆਰਥਿਕ ਜੀਵਨ ਅਤੇ ਸਿਹਤ, ਮਕਾਨ ਅਤੇ ਸਿੱਖਿਆ ਦੇ ਮਾਮਲਿਆਂ ਵਿਚ ਕੀਤਾ ਜਾਂਦਾ ਹੈ। ਇਸ ਨੂੰ ਆਮਦਨ ਦੇ ਘੱਟ ਪੱਧਰਾਂ, ਅਨਪੜ੍ਹਤਾ ਦੇ ਫੈਲਾਓ ਅਤੇ ਜ਼ਿੰਦਗੀ ਦੇ ਹਾਲਤਾਂ ਦੁਆਰਾ ਪ੍ਰਦਰਸ਼ਿਤ ਕੀਤੇ ਜਾ ਰਹੇ ਨੀਵੇਂ ਪੱਧਰ ਦੇ ਪੈਮਾਨੇ ਰਾਹੀਂ ਮਾਪਿਆ ਜਾ ਸਕਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਅਨੁਸੂਚਿਤ ਜਾਂਤੀਆਂ ਅਤੇ ਪੱਛੜੀਆਂ ਹੋਈਆਂ ਜਾਤੀਆਂ ਉਹ ਹਨ ਜਿਨ੍ਹਾਂ ਨੂੰ ਸਮਾਜ ਦੇ ਦੂਜੇ ਵਰਗਾਂ ਦੇ ਬਰਾਬਰ ਜੀਵਨ ਬਤੀਤ ਕਰਨ ਲਈ ਸਹੂਲਤਾਂ ਅਤੇ ਆਪਣੇ ਵਿਕਾਸ ਲਈ ਅਵਸਰ ਅਤੇ ਸਾਧਨ ਪ੍ਰਾਪਤ ਨਹੀਂ ਹਨ। ਪਛੜੀਆਂ ਸ਼੍ਰੇਣੀਆਂ ਨੂੰ ਮੁੱਖ ਰੂਪ ਵਿਚ ਹੇਠ ਲਿਖੇ ਚਾਰ ਭਾਗਾਂ ਵਿਚ ਵੰਡਿਆਂ ਜਾ ਸਕਦਾ ਹੈ :

1. ਅਨੁਸੂਚਿਤ ਜਾਤੀਆਂ (Scheduled Castes)
2. ਅਨੁਸੂਚਿਤ ਕਬੀਲੇ (Scheduled Tribes)
3. ਉਹ ਗਰੁੱਪ ਜਿਸ ਨੂੰ ਪਹਿਲਾਂ ਜ਼ਰਾਇਮ ਪੇਸ਼ਾ ਕਬੀਲੇ (Criminal Tribes) ਕਿਹਾ ਜਾਂਦਾ

ਸੀ ਪਰ ਹੁਣ ਅਣ-ਅਧਿਸੂਚਿਤ ਕਬੀਲੇ (Denotified Tribes) ਕਿਹਾ ਜਾਂਦਾ ਹੈ।

4. ਸਮਾਜਿਕ ਅਤੇ ਆਰਥਿਕ ਤੌਰ ਤੇ ਪਛੜੀਆਂ ਹੋਈਆਂ ਹੋਰ ਅਜਿਹੀਆਂ ਸ੍ਰੇਣੀਆਂ ਜਿਨ੍ਹਾਂ ਨੂੰ ਕੇਂਦਰੀ ਜਾਂ ਰਾਜ ਸਰਕਾਰਾਂ ਪਛੜੀਆਂ ਹੋਇਆ (Backward Classes) ਕਰਾਰ ਦੇ ਦੇਣ।

**ਅਨੁਸੂਚਿਤ ਜਾਤੀਆਂ**

ਭਾਰਤੀ ਸੰਵਿਧਾਨ ਅਨੁਛੇਦ ਦੇ 341 (1) ਅਨੁਸਾਰ ਕਿਸੇ ਰਾਜ ਜਾਂ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਵਿਚ ਅਤੇ ਜਿਥੇ ਰਾਜ ਹੈ, ਉਸ ਦੇ ਗਵਰਨਰ ਦੀ ਸਲਾਹ ਤੋਂ ਬਾਅਦ ਰਾਸ਼ਟਰਪਤੀ ਅਧਿਸੂਚਨਾ (Public Notification) ਰਾਹੀਂ ਉਨ੍ਹਾਂ ਜਾਤਾਂ, ਨਸਲਾਂ ਜਾਂ ਕਬੀਲਿਆਂ ਜਾਂ ਜਾਤਾਂ ਦੇ ਭਾਗ ਜਾਂ ਉਨ੍ਹਾਂ ਦੇ ਅੰਦਰੂਨੀ ਗਰੁੱਪਾਂ ਨੂੰ ਨਿਸ਼ਚਿਤ ਕਰ ਸਕਦਾ ਹੈ ਕਿ ਇਹ ਨਸਲਾਂ ਅਤੇ ਕਬੀਲੇ ਇਸ ਸੰਵਿਧਾਨ ਦੇ ਉਦੇਸ਼ਾਂ ਅਨੁਸਾਰ ਸੰਬੰਧਿਤ ਰਾਜਾਂ ਜਾਂ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਵਿਚ ਅਨੁਸੂਚਿਤ ਜਾਤਾਂ ਕਹਾਉਣਗੇ। ਰਾਸ਼ਟਰਪਤੀ ਦੁਆਰਾ ਜਾਰੀਂ ਕੀਤੀ ਗਈ ਅਨੁਸੂਚਿਤ ਜਾਤਾਂ ਦੀ ਇਕ ਸੂਚੀ ਤਿਆਰ ਕੀਤੀ ਸੀ, ਜਿਸ ਵਿਚ ਸੰਸਦ ਨੇ ਸੰਨ 1956 ਵਿਚ ਤਰਮੀਮ ਕੀਤੀ। ਇਸ ਮੰਤਵ ਲਈ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਹੁਕਮ (ਤਰਮੀਮ ਐਕਟ) 1956 ਪਾਸ ਕੀਤਾ ਗਿਆ। ਸੰਨ 1991 ਦੀ ਜਨਗਣਨਾ ਅਨੁਸਾਰ ਭਾਰਤ ਵਿੱਚ ਅਨੁਸੂਚਿਤ ਜਾਤਾਂ ਦੇ ਲੋਕਾਂ ਦੀ ਜਨਸੰਖਿਆ 166,635,700 ਸੀ। ਜੋ ਕਿ ਕੁੱਲ ਜਨਸੰਖਿਆ ਦਾ 16.2 ਪ੍ਰਤੀਸ਼ਤ ਹੈ। ਇਸ ਸਮੇਂ ਸਾਡੇ ਦੇਸ਼ ਵਿੱਚ 1208 ਅਨੁਸੁਚਿਤ ਜਾਤੀਆਂ ਹਨ।

**ਅਨੁਸੂਚਿਤ ਕਬੀਲੇ**

ਭਾਰਤ ਦੇ ਇਹ ਕਬੀਲੇ ਜੋ ਪਹਿਲਾ ਪਹਾੜਾਂ ਵਿਚ ਸਭਿਅਤਾ ਤੋਂ ਦੂਰ ਪ੍ਰਾਕ੍ਰਿਤਕ ਜੀਵਨ ਬਤੀਤ ਕਰਦੇ ਸਨ, ਅਨੁਸੂਚਿਤ ਕਬੀਲੇ ਕਹਾਉਂਦੇ ਹਨ। ਇਨ੍ਹਾਂ ਨੂੰ ਕਬਾਇਲੀ ਵੀ ਕਿਹਾ ਜਾਂਦਾ ਹੈ। ਇਹ ਜੰਗਲਾਂ ਅਤੇ ਪਹਾੜਾਂ ਵਿਚ ਰਹਿੰਦੇ ਹਨ। ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਅਤੇ ਜੰਗਲੀ ਫਲ ਆਦਿ ਖਾ ਕੇ ਆਪਣਾ ਪੇਟ ਪਾਲਦੇ ਸਨ। ਕਿਤੇ ਕਿਤੇ ਉਂਝ ਛੋਟੇ ਪੈਮਾਨੇ ਤੇ ਖੇਤੀਬਾੜੀ ਕਰਦੇ ਸਨ। ਇਹ ਅਨੁਸੂਚਿਤ ਜਾਤੀਆਂ ਤੋਂ ਵੀ ਜ਼ਿਆਦਾ ਪਛੜੇ ਹੋਏ ਸਨ। ਭਾਰਤੀ ਸੰਵਿਧਾਨ ਦੇ ਅਨੁਛੇਦ 342 (1) ਅਨੁਸਾਰ, ਕਿਸੇ ਰਾਜ ਜਾਂ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਵਿਚ ਅਤੇ ਜਿਥੇ ਰਾਜ ਹੈ ਤਾਂ ਉਸ ਦੇ ਗਵਰਨਰ ਦੀ ਸਲਾਹ ਲੈਣ ਤੋਂ ਬਾਅਦ ਰਾਸ਼ਟਰਪਤੀ ਸਰਬਜਨਕ ਅਧਿਸੂਚਨਾ ਰਾਹੀਂ ਉਨ੍ਹਾਂ ਕਬੀਲਿਆਂ ਜਾਂ ਕਬਾਇਲੀ ਜਾਂ ਕਬਾਇਲੀ ਭਾਈਚਾਰਿਆਂ ਜਾਂ ਕਬੀਲਿਆਂ ਅਤੇ ਕਬਾਇਲੀ ਭਾਈਚਾਰਿਆਂ ਦੇ ਭਾਗ ਜਾਂ ਉਨ੍ਹਾਂ ਦੇ ਅੰਦਰੂਨੀ ਗਰੁੱਪਾਂ ਨੂੰ ਨਿਸ਼ਚਿਤ ਕਬੀਲੇ ਕਹਾਉਣਗੇ। ਰਾਸ਼ਟਰਪਤੀ ਨੇ ਸੰਨ 1950 ਵਿਚ ਅਨੁਸੂਚਿਤ ਕਬੀਲਿਆਂ ਦੀ ਇਕ ਸੂਚੀ ਜਾਰੀ ਕੀਤੀ ਸੀ, ਜਿਸ ਵਿਚ ਸੰਸਦ ਨੇ ਅਨੁਸੂਚਿਤ ਜਾਤੀਆਂ ਕਬੀਲਿਆਂ ਦੇ ਹੁਕਮ (ਤਰਮੀਮ) ਐਕਟ 1956 ਦੇ ਦੁਆਰਾ ਤਰਸੀਮ ਕੀਤੀ। ਸੰਨ 1991 ਦੀ ਜਨਗਣਨਾ ਅਨੁਸਾਰ ਭਾਰਤ ਵਿਚ ਅਨੁਸੂਚਿਤ ਕਬੀਲਿਆਂ ਦੀ ਜਨਸੰਖਿਆ 84,326,240 ਸੀ। ਜੋ ਕਿ ਭਾਰਤ ਦੀ ਕੁਲ ਜਨਸੰਖਿਆ ਦਾ 8.02 ਪ੍ਰਤੀਸ਼ਤ ਹੈ।

**ਅਣ-ਅਧਿਸੂਚਿਤ ਕਬੀਲੇ (Denotified Tribes)**

ਅਣ-ਅਧਿਸੂਚਿਤ ਕਬੀਲਿਆਂ ਵਿਚ ਕਈ ਗਰੁੱਪ ਆਉਂਦੇ ਹਨ, ਜਿਨ੍ਹਾਂ ਨੂੰ ਮੁੱਖ ਰੂਪ ਵਿਚ ਦੋ ਭਾਗਾਂ ਵਿਚ ਵੰਡਿਆਂ ਜਾ ਸਕਦਾ ਹੈ, ਖਾਨਾਬਦੋਸ਼ ਕਬੀਲੇ ਅਤੇ ਅਬਾਦ ਕਬੀਲੇ। ਖਾਨਾਬਦੋਸ਼ ਗਰੁੱਪ ਵਿਚ ਫਿਰਤੂ ਕਿਸਮ ਦੇ ਲੋਕ ਹੁੰਦੇ ਹਨ, ਜੋ ਇਕ ਥਾਂ ਤੇ ਅਸਥਾਈ ਰੂਪ ਵਿਚ ਰਹਿੰਦੇ, ਇੰਜ ਆਪਣਾ ਪੇਟ ਪਾਲਣ ਲਈ ਛੋਟੇ ਮੋਟੇ ਧੰਦੇ ਕਰਦੇ ਹਨ। ਥਾਂ ਥਾਂ ਫਿਰ ਕੇ ਆਪਣੀ ਰੋਜ਼ੀ ਕਮਾਉਂਦੇ ਅਤੇ ਜੀਵਨ ਬਤੀਤ ਕਰਦੇ ਹਨ। ਇਨ੍ਹਾਂ ਦਾ ਮੁੱਖ ਧੰਦਾ ਲੋਹੇ ਦੀਆਂ ਚੀਜ਼ਾਂ ਬਣਾਉਣਾ ਹੈ। ਆਬਾਦ ਅਤੇ ਅਰਧ ਆਬਾਦ ਗਰੁੱਪਾ ਵਿਚ ਅਨਿਯਮਿਤ ਵਿਅਕਤੀ ਆ ਜਾਂਦੇ ਹਨ, ਜੋ ਕਾਫੀ ਸਮਾਂ ਪਹਿਲਾਂ ਹਲਿਆਂ ਜਾ ਰਾਜਸੀ ਪਰਿਵਰਤਨਾਂ ਕਾਰਣ ਆਪਣੇ ਮੂਲ ਘਰਾਂ ਤੋਂ ਉਜੜ ਗਏ। ਦਲੇਰੀ, ਬਹੁਤ ਜ਼ਿਆਦਾ ਗਰੀਬੀ, ਚੰਗੇਰੇ ਆਰਥਿਕ ਸਥਿਤੀ ਲਈ ਨਵੇਂ ਰਾਹੀ ਦੀ ਘਾਟ ਅਤੇ ਹੋਰ ਮਨੋਵਿਗਿਆਨਕ ਹਕੀਕਤਾਂ ਉਨ੍ਹਾਂ ਨੂੰ ਆਪਣੇ ਬਜ਼ੁਰਗਾਂ ਕੋਲ ਵਿਰਸੇ ਵਿਚ ਪ੍ਰਾਪਤ ਹੋਈਆਂ ਸਨ। ਇਨ੍ਹਾਂ ਸਭ ਨੇ ਮਿਲਕੇ ਉਨ੍ਹਾਂ ਨੂੰ ਮੁਰਜਮਾਨਾ ਕੰਮਾਂ ਵੱਲ ਲਾ ਦਿੱਤਾ। ਜ਼ਰਾਇਮ ਪੇਸ਼ਾ ਕਬੀਲੇ ਐਕਟ 1942 (The Criminal Tribes Act, 1942) ਅਨੁਸਾਰ ਲੱਗਭਗ 137 ਗਰੁੱਪਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ, ਇਨ੍ਹਾਂ ਕਬੀਲਿਆਂ ਨੂੰ ਬਸਤੀਆਂ ਵਿਚ ਰਖਿਆ ਜਾਂਦਾ ਸੀ, ਜਿਨ੍ਹਾਂ ਦੇ ਆਲੇ ਦੁਆਲੇ ਕੰਡਿਆਲੀ ਤਾਰ ਲਾ ਦਿੱਤੀ ਜਾਂਦੀ ਸੀ। ਇਨ੍ਹਾਂ ਬਸਤੀਆਂ ਤੇ ਪੁਲਸ ਦੀ ਸਖਤ ਨਿਗਰਾਨੀ ਰੱਖੀ ਜਾਂਦੀ ਸੀ। ਸੁਤੰਤਰਤਾ ਤੋਂ ਬਾਅਦ ਭਾਰਤ ਸਰਕਾਰ

ਨੇ ਸੰਨ 1949 ਵਿਚ ਇਕ ਜਰਾਇਮ ਪੇਸ਼ਾ ਕਬੀਲਾ ਜਾਂਚ ਪੜਤਾਲ ਕਮੇਟੀ ਕਾਇਮ ਕੀਤੀ। ਇਸ ਕਮੇਟੀ ਦੀਆਂ ਸਿਫਾਰਸ਼ਾਂ ਤੇ 31 ਅਗਸਤ, 1952 ਨੂੰ ਜਰਾਇਮ ਪੇਸ਼ਾ ਐਕਟ ਮਨਸੂਖ ਕਰ ਦਿੱਤਾ ਗਿਆ ਅਤੇ ਇਨ੍ਹਾਂ ਲੋਕਾਂ ਤੇ ਲਾਈਆਂ ਗਈਆਂ ਪਾਬੰਦੀਆਂ ਹਟਾ ਲਈਆਂ ਗਈਆਂ। ਇਨ੍ਹਾਂ ਕਬੀਲਿਆਂ ਦਾ ਨਾਉਂ ਅਣ-ਅਧਿਸੂਚਿਤ ਕਬੀਲੇ ਰਖਿਆ ਗਿਆ। ਇਸ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਹੀ ਸਰਕਾਰ ਨੇ ਇਨ੍ਹਾਂ ਕਬੀਲਿਆਂ ਦੇ ਲੋਕਾਂ ਨੂੰ ਸਿੱਖਿਆ, ਸਿਖਲਾਈ ਅਤੇ ਨੌਕਰੀਆਂ ਦੇਣ ਲਈ ਪ੍ਰਬੰਧ ਕੀਤੇ। ਸੰਨ 1971 ਦੀ ਜਨਗਣਨਾ ਅਨੁਸਾਰ ਇਨ੍ਹਾਂ ਕਬੀਲਿਆਂ ਦੀ ਆਬਾਦੀ 25.64 ਲੱਖ ਸੀ ਪਰ ਹੁਣ 1991 ਵਿਚ ਵੱਧ ਗਈ ਹੈ।

**ਹੋਰ ਪੱਛੜੀਆਂ ਸ਼੍ਰੇਣੀਆਂ (Other Backward Classes)**

ਉਪਰੋਕਤ ਜਾਤੀਆਂ ਅਤੇ ਕਬੀਲਿਆਂ ਤੋਂ ਇਲਾਵਾ ਸਾਡੇ ਸਮਾਜ ਵਿਚ ਕਈ ਅਜਿਹੀਆਂ ਸ਼੍ਰੇਣੀਆਂ ਹਨ ਜੋ ਸਮਾਜਿਕ ਅਤੇ ਆਰਥਿਕ ਤੌਰ ਤੇ ਪਛੜੀਆਂ ਹੋਈਆਂ ਹਨ। ਸੰਨ 1961 ਵਿਚ ਭਾਰਤ ਸਰਕਾਰ ਨੇ ਪਛੜੀਆਂ ਅਤੇ ਅਨੁਸੂਚਿਤ ਕਬੀਲਿਆਂ ਦੀਆਂ ਜੋ ਸੂਚੀਆਂ ਬਣਾਈਆਂ ਗਈਆਂ ਹਨ, ਉਨ੍ਹਾਂ ਤੋਂ ਇਲਾਵਾ ਹਰ ਪਛੜੀਆਂ ਸ਼੍ਰੇਣੀਆਂ ਦੀ ਕੋਈ ਸੂਚੀ ਨਾ ਬਣਾਈ ਜਾਵੇ ਪਰ ਉਸ ਨੇ ਰਾਜ ਸਰਾਕਰਾਂ ਨੂੰ ਇਹ ਖੁੱਲ ਦੇ ਦਿੱਤੀ ਕਿ ਉਹ ਆਪਣੇ ਦੁਆਰਾ ਨਿਰਧਾਰਿਕਤ ਕੀਤੇ ਗਏ ਮਿਆਰ ਤੇ ਪਛੜੀਆਂ ਸ਼੍ਰੇਣੀਆਂ ਦੀਆ ਸੂਚੀਆਂ ਬਣਾ ਸਕਦੀਆਂ ਹਨ। ਇਸ ਲਈ ਰਾਜ ਸਰਕਾਰਾਂ ਨੇ ਭਿੰਨ ਭਿੰਨ ਆਧਾਰਾਂ ਅਨੁਸਾਰ ਆਪਣੇ ਰਾਜ ਵਿਚ ਪਛੜੀਆਂ ਸ਼੍ਰੇਣੀਆਂ ਦੀਆਂ ਸੂਚੀਆਂ ਬਣਾਈਆਂ ਹਨ। ਇਨ੍ਹਾਂ ਵਿਚੋਂ ਕੁਝ ਰਾਜਾਂ ਵਿਚ ਇਸ ਮੰਤਵ ਲਈ ਮਿਥੇ ਗਏ ਮਿਆਰ ਇਸ ਪ੍ਰਕਾਰ ਹਨ। ਪੰਜਾਬ ਵਿਚ ਜਿਨ੍ਹਾਂ ਲੋਕਾਂ ਦੀ ਸਲਾਨਾ ਆਮਦਨੀ ਇਕ ਹਜ਼ਾਰ ਰੁਪਏ ਤੋਂ ਘੱਟ ਹੈ, ਉਨ੍ਹਾਂ ਨੂੰ ਹੋਰ ਪਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਦਰਜ਼ ਕੀਤਾ ਗਿਆ ਹੈ। ਤਾਮਿਲਨਾਡੂ ਵਿਚ ਉਹ ਪਰਿਵਾਰ ਜਿਨ੍ਹਾਂ ਦੀ ਸਲਾਨਾ ਆਮਦਨੀ 1500 ਰੁਪਏ ਤੋਂ ਘੱਟ ਹੈ, ਉਨ੍ਹਾਂ ਨੂੰ ਹੋਰ ਪਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਰਖਿਆ ਗਿਆ ਜ਼ਿਨ੍ਹਾਂ ਸ਼੍ਰੇਣੀਆਂ ਦੀ ਸੂਚੀ ਵਿਚ ਰਖਿਆ ਗਿਆ ਜਿਨ੍ਹਾਂ ਸ਼੍ਰੇਣੀਆਂ ਦੇ ਲੋਕਾਂ ਨੂੰ ਅਨੁਸੂਚਿਤ ਜਾਤੀਆਂ ਦੇ ਲੋਕਾਂ ਵਾਂਗ ਸਿੱਖਿਆ ਅਤੇ ਨੌਕਰੀ ਆਦਿ ਖਾਸ ਰਿਆਇਤਾਂ ਦਿੱਤੀਆਂ ਗਈਆਂ ਹਨ। ਉੱਤਰ ਪ੍ਰਦੇਸ਼ ਵਿਚ ਸਰਕਾਰ ਨੇ ਹੋਰ ਪਛੜੀਆਂ ਸ਼੍ਰੇਣੀਆਂ ਦੀ ਇਕ ਸੂਚੀ ਬਣਾਈ ਹੋਈ ਹੈ ਜਿਸ ਵਿਚ 58 ਜਾਤੀਆਂ ਹਨ, ਉਹ ਇਸ ਮੰਤਵ ਲਈ ਕੋਈ ਹੋਰ ਮਿਆਰ ਮਿੱਥਣ ਦੇ ਹੱਕ ਵਿਚ ਨਹੀਂ ਹੈ।

## ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪਿਛੜੀਆਂ ਸ਼੍ਰੇਣੀਆਂ ਦੇ ਹਿੱਤਾਂ ਦੀ ਸੁਰੱਖਿਆ ਅਤੇ ਕਲਿਆਣ ਲਈ ਸੰਵਿਧਾਨਕ ਉਪਬੰਧ

## (Constitutional Provisions to Safeguard the Interests and Welfare of the Scheduled Castes, Scheduled Tribes and Other Backward Classes)

ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਭਾਰਤੀ ਸਰਕਾਰ ਸਮਾਜ ਦੇ ਇਸ ਪਛੜੇ ਅਤੇ ਦਬੇ ਹੋਏ ਵਰਗ ਨੂੰ ਉਚਾ ਉਠਾਉਣਾ ਚਾਹੁੰਦੀ ਸੀ। ਇਸ ਲਈ ਭਾਰਤੀ ਸੰਵਿਧਾਨ ਵਿਚ ਬਹੁਤ ਸਾਰੇ ਅਜਿਹੇ ਉਪਬੰਧ ਦਰਜ ਕੀਤੇ ਗਏ ਜਿਨ੍ਹਾਂ ਦੀ ਲੋੜ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਹਿੱਤਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਕਲਿਆਣ ਲਈ ਬਹੁਤ ਚਿਰ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਭਾਰਤੀ ਸੰਵਿਧਾਨ ਨੇ ਅਨਸੂਚਿਤ ਜਾਤੀਆਂ, ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੀ ਰੱਖਿਆ ਲਈ ਸੰਵਿਧਾਨ ਵਿਚ ਵਿਸਤਾਰਪੂਰਵਕ ਵਰਣਨ ਕੀਤਾ ਹੈ ਤਾਂ ਕਿ ਉਨ੍ਹਾਂ ਦਾ ਆਰਥਿਕ ਅਤੇ ਵਿਦਿਅਕ ਖੇਤਰਾਂ ਵਿਚ ਵਿਕਾਸ ਕੀਤਾ ਜਾ ਸਕੇ ਅਤੇ ਉਨ੍ਹਾਂ ਦੀਆਂ ਸਮਾਜਿਕ ਅਯੋਗਤਾਵਾਂ ਨੂੰ ਦੂਰ ਕੀਤਾ ਜਾ ਸਕੇ। ਇਸ ਸੰਬੰਧ ਵਿਚ ਭਾਰਤੀ ਸੰਵਿਧਾਨ ਵਿਚ ਕੀਤੇ ਗਏ ਮੁੱਖ ਉਪਬੰਧਾਂ ਦਾ ਵਰਨਣ ਹੇਠਾ ਕੀਤਾ ਜਾਂਦਾ ਹੈ:

1. ਛੂਤਛਾਤ ਦਾ ਖਾਤਮਾ ਅਤੇ ਇਸ ਦੀ ਕਿਸੇ ਰੂਪ ਵਿਚ ਅਮਲ ਦੀ ਮਨਾਹੀ ।(ਅਨੁਛੇਦ 17)
2. ਉਨ੍ਹਾਂ ਦੇ ਵਿਦਿਅਕ, ਅਤੇ ਆਰਥਿਕ ਹਿੱਤਾਂ ਨੂੰ ਉੱਨਤ ਕਰਨਾ ਅਤੇ ਸਮਾਜਿਕ ਅਨਿਆਂ ਅਤੇ ਹੋਰ ਕਿਸਮ ਦੇ ਸ਼ੋਸ਼ਣ ਤੋਂ ਰੱਖਿਆ । (ਅਨੁਛੇਦ 46)
3. ਜਨਤਾ ਦੀਆਂ ਸਾਰੀਆਂ ਹਿੰਦੂ ਧਾਰਮਿਕ ਸੰਸਥਾਵਾਂ ਨੂੰ ਕਾਨੂੰਨ ਰਾਹੀਂ ਹਿੰਦੂਆਂ ਦੀਆਂ ਸਭ ਸ਼੍ਰੇਣੀਆਂ ਅਤੇ ਭਾਗਾਂ ਲਈ ਖੋਲਣਾ। (ਅਨੁਛੇਦ 25)
4. ਦੁਕਾਨਾਂ, ਸਰਬਜਨਕ ਰੈਸਟੋਰੈਂਟਾਂ, ਹੋਟਲਾਂ ਅਤੇ ਲੋਕ ਮਨੋਰੰਜਨ ਦੇ ਸਥਾਨਾਂ ਤੇ ਜਾਣ ਸੰਬੰਧੀ ਖੂਹਾਂ

ਤਲਾਵਾਂ, ਇਸ਼ਨਾਨ ਘਰਾਂ, ਸੜਕਾਂ ਅਤੇ ਪੂਰਣ ਰੂਪ ਵਿਚ ਜਾਂ ਆਂਸ਼ਿਕ ਤੌਰ ਤੇ ਰਾਜ ਦੇ ਫੰਡਾਂ ਦੁਆਰਾ ਚਲਾਏ ਜਾਂਦੇ ਜਾਂ ਆਮ ਜਨਤਾ ਦੀ ਵਰਤੋਂ ਲਈ ਸਮਰਪਣ ਕੀਤੇ ਲੋਕ ਠਹਿਰ ਦੇ ਸਥਾਨਾਂ ਦੀ ਵਰਤੋਂ ਸੰਬੰਧੀ ਕਿਸੇ ਅਯੋਗਤਾ, ਦੇਣਦਾਰੀ ਪਾਬੰਦੀ ਜਾਂ ਸ਼ਰਤਾਂ ਨੂੰ ਖਤਮ ਕਰਨਾ। (ਅਨੁਛੇਦ 15)

5. ਕਿਸੇ ਵੀ ਅਨੁਸੂਚਿਤ ਕਬੀਲੇ ਦੇ ਹਿੱਤਾਂ ਦੀ ਸੁਰੱਖਿਆ ਵਜੋਂ ਸਭ ਨਾਗਰਿਕਾਂ ਦੇ ਆਜ਼ਾਦੀ ਨਾਲ ਘੁੰਮਣ ਫਿਰਣ, ਆਬਾਦ ਹੋਣ ਅਤੇ ਸੰਪਤੀ ਪ੍ਰਾਪਤ ਕਰਨ ਦੇ ਆਮ ਅਧਿਕਾਰ ਨੂੰ ਸੀਮਿਤ ਕਰਨ ਦੀ ਸ਼ਕਤੀ ਰਾਜ ਸਰਕਾਰ ਨੂੰ ਪ੍ਰਾਪਤ ਹੈ। (ਅਨੁਛੇਦ 19 (5)
6. ਰਾਜ ਦੁਆਰਾ ਚਲਾਈਆਂ ਜਾਂਦੀਆਂ ਜਾਂ ਰਾਜ ਦੇ ਫੰਡ ਵਿਚੋਂ ਸਹਾਇਤਾ ਪ੍ਰਾਪਤ ਕਰਦੀਆਂ ਸਿੱਖਿਆ ਸੰਸਥਾਵਾਂ ਵਿਚ ਦਾਖਲੇ ਤੋਂ ਇਨਕਾਰ ਜਾਂ ਰੋਕ ਨੂੰ ਖਤਮ ਕਰਨਾ। (ਅਨੁਛੇਦ 29 (2)
7. ਸਰਕਾਰੀ ਨੌਕਰੀਆਂ ਵਿਚ ਨਿਯੁਕਤੀਆਂ ਕਰਨ ਲਗਿਆਂ, ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਲਈ ਕੁਝ ਥਾਵਾਂ ਰਾਖਵੀਆਂ ਰੱਖਣ ਦੀ ਵੀ ਜ਼ਿੰਮੇਵਾਰੀ ਸਰਕਾਰ ਨੂੰ ਸੌਪਣਾ। ਜੇਕਰ ਸਰਕਾਰੀ ਨੌਕਰੀਆਂ ਵਿਚ ਉਨ੍ਹਾਂ ਦੀ ਪ੍ਰਤੀਨਿਧਤਾ ਕਾਫੀ ਨਾ ਹੋਵੇ ਤਾਂ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਦੀਆਂ ਮੰਗਾਂ ਤੇ ਵਿਚਾਰ ਕਰਨ ਅਤੇ ਉਨ੍ਹਾਂ ਲਈ ਸਰਕਾਰੀ ਨੌਕਰੀਆਂ ਵਿਚ ਅਸਾਮੀਆਂ ਰਾਖਵੀਆਂ ਰੱਖਣ ਲਈ ਰਾਜ ਜ਼ਿੰਮੇਵਾਰ ਹੋਵੇਗਾ। (ਅਨੁਛੇਦ 16 ਅਤੇ ਅਨੁਛੇਦ 335)
8. ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਨੂੰ ਸੰਸਦ ਅਤੇ ਰਾਜ ਵਿਧਾਨ ਮੰਡਲਾਂ ਵਿਚ 25 ਜਨਵਰੀ, 1990 ਤੱਕ ਵਿਸ਼ੇਸ਼ ਪ੍ਰਤੀਨਿਧਤਾ ਦੇਣ। ਸੰਵਿਧਾਨਕ ਸੋਧ ਰਾਹੀਂ ਇਸ ਮਿਆਦ ਨੂੰ 10 ਸਾਲਾਂ ਲਈ ਹੋਰ ਵਧਾ ਦਿੱਤਾ ਗਿਆ ਹੈ। (ਪੰਜਵੀਂ ਅਨੁਸੂਚੀ, ਅਤੇ 338)
9. ਰਾਜਾਂ ਵਿਚ ਸਲਾਹਕਾਰ ਕੌਸਲਾਂ ਅਤੇ ਵੱਖਰੇ ਵਿਭਾਗ ਕਾਇਮ ਕਰਨਾ ਅਤੇ ਉਨ੍ਹਾਂ ਦੀ ਭਲਾਈ ਦੇ ਕਾਰਜਾਂ ਨੂੰ ਉੱਨਤ ਕਰਨ ਅਤੇ ਉਨ੍ਹਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਕੇਂਦਰ ਵਿਚ ਵਿਸ਼ੇਸ਼ ਅਫਸਰ ਨਿਯੁਕਤ ਕਰਨਾ। (ਅਨੁਛੇਦ 330, 332, ਅਤੇ ਅਨੁਛੇਦ 244)
10. ਅਨੁਸੂਚਿਤ ਅਤੇ ਕਬਾਇਲੀ ਇਲਾਕਿਆਂ ਦੇ ਪ੍ਰਸ਼ਾਸਨ ਅਤੇ ਕੰਟਰੋਲ ਲਈ ਵਿਸ਼ੇਸ਼ ਉਪਬੰਧ ਕਰਨਾ। (ਪੰਜਵੀਂ ਅਤੇ ਛੇਵੀਂ ਅਨੁਸੂਚੀ ਅਤੇ ਅਨੁਛੇਦ 244)

## ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਕਲਿਆਣ ਲਈ ਸਰਕਾਰ ਦੀ ਨੀਤੀ ਅਤੇ ਪ੍ਰੋਗਰਾਮ

ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਕਲਿਆਣ ਲਈ ਸਰਕਾਰੀ ਨੀਤੀ ਦੀ ਝਲਕ ਸਾਨੂੰ ਉਪਰ ਦੱਸੇ ਗਏ ਸੰਵਿਧਾਨਿਕ ਉਪਬੰਧਾਂ ਵਿਚ ਪੂਰਣ ਰੂਪ ਨਾਲ ਸਿਖਾਈ ਦਿੰਦੀ ਹੈ। ਸਰਕਾਰ ਨੇ ਇਨ੍ਹਾਂ ਸੰਵਿਧਾਨਿਕ ਉਪਬੰਧਾਂ ਦੇ ਆਧਾਰ ਤੇ ਹੀ ਇਸ ਪਛੜੇ ਵਰਗਾਂ ਦੇ ਲੋਕਾਂ ਦੇ ਕਲਿਆਣ ਲਈ ਆਪਣੀਆਂ ਨੀਤੀਆਂ ਬਣਾਈਆਂ ਅਤੇ ਉਨ੍ਹਾਂ ਨੂੰ ਲਾਗੂ ਕੀਤਾ ਹੈ।

ਅਨੁਸੂਚਿਤ ਜਾਤੀਆ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਦਾ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਵਿਕਾਸ ਕਰਨਾ, ਉਹਨਾਂ ਦੇ ਸਮਾਜ ਦੇ ਵਰਗਾਂ ਦੇ ਬਰਾਬਰ ਦਰਜਾ ਦਿਵਾਉਣਾ, ਉਹਨਾਂ ਦਾ ਵਿਦਿਅਕ ਵਿਕਾਸ ਕਰਨਾ, ਉਹਨਾਂ ਨੂੰ ਰੁਜ਼ਗਾਰ ਦੇ ਬੇਹਤਰ ਮੌਕੇ ਅਤੇ ਸਹੂਲਤ ਪ੍ਰਦਾਨ ਕਰਨਾ, ਉਹਨਾਂ ਦਾ ਜੀਵਨ ਪੱਧਰ ਬੇਹਤਰ ਬਣਾਉਣਾ ਉਹਨਾਂ ਨੂੰ ਸਮਾਜਿਕ ਅਤੇ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨਾ ਆਦਿ ਸਰਕਾਰ ਦੇ ਕੁਝ ਮਹੱਤਵਪੂਰਨ ਉਦੇਸ਼ ਹਨ।

### ਪ੍ਰਸ਼ਾਸ਼ਨਿਕ ਪ੍ਰਬੰਧ

ਕਮਜ਼ੋਰ ਅਤੇ ਪਛੜੇ ਵਰਗਾਂ ਦੀ ਭਲਾਈ ਦਾ ਕਾਰਜ ਵੱਖ-ਵੱਖ ਮੰਤਰਾਲਿਆਂ/ਵਿਭਾਗਾਂ ਨੂੰ ਸੌਂਪਿਆਂ ਗਿਆ ਹੈ। ਸਮਾਜ ਵਿਚ ਇਹਨਾਂ ਦੇ ਪੂਰਨ ਵਿਕਾਸ ਲਈ ਵੱਖ-ਵੱਖ ਕਾਰਜਾਂ ਨੂੰ ਸਾਲਮ ਰੂਪ ਦੇਣ ਲਈ ਇਕ ਨਵਾਂ ਕਲਿਆਣ ਮੰਤਰਾਲਾ ਬਣਾਇਆ ਗਿਆ ਜਿਸ ਵਿਚ ਬਜ਼ੁਰਗਾਂ ਤੇ ਅਪਾਹਿਜਾਂ ਸੰਬੰਧੀ ਕਲਿਆਣਕਾਰੀ ਕਾਰਜਕ੍ਰਮ, ਸਮਾਜਿਕ ਸੁਰੱਖਿਆ ਦੇ ਕਾਰਜਕ੍ਰਮ ਪੱਛੜੀਆਂ ਜਾਤਾਂ ਅਤੇ ਕਬੀਲੇ, ਹੋਰ ਪੱਛੜੀਆਂ ਸ਼੍ਰੇਣੀਆਂ ਆਦਿ ਸੰਬੰਧਿਤ ਵਿਸ਼ੇ ਸੰਗ੍ਰਹਿਤ ਕੀਤੇ ਗਏ। ਕੇਂਦਰੀ ਮੰਤਰਾਲੇ ਦਾ ਨਾਮ ਹੁਣ ਸਮਾਜਿਕ ਨਿਆਂ ਅਤੇ ਅਧਿਕਾਰ (Social—

Justice and Empowerment) ਹੈ।

ਕਲਿਆਣ ਸੰਬੰਧੀ ਕਾਰਜਕ੍ਰਮਾਂ ਨੂੰ ਲਾਗੂ ਕਰਨ ਦੀ ਜਿੰਮੇਵਾਰੀ ਕੇਂਦਰ ਅਤੇ ਰਾਜ ਸਰਕਾਰਾਂ ਦਰਮਿਆਨ ਵੰਡੀ ਹੋਈ ਹੈ। ਕੇਂਦਰ ਸਰਕਾਰ ਕਲਿਆਣ ਸੰਬੰਧੀ ਨੀਤੀਆਂ ਅਤੇ ਕਾਰਜਕ੍ਰਮਾਂ ਨੂੰ ਉਲੀਕਣ ਲਈ ਜ਼ਿੰਮੇਵਾਰ ਹੈ ਅਤੇ ਨਾਲ ਹੀ ਨਾਲ ਰਾਜ ਸਰਾਕਰ ਨੂੰ ਕਲਿਆਣ ਸੰਬੰਧੀ ਸੇਵਾਵਾਂ ਨੂੰ ਲਾਗੂ ਕਰਨ ਲਈ ਉਤਸ਼ਾਹਿਤ ਕਰਨ ਅਤੇ ਵੱਖ-ਵੱਖ ਰਾਜਾਂ ਦੁਆਰਾ ਲਾਗੂ ਕੀਤੀਆਂ ਗਈਆਂ ਅਜਿਹੀਆਂ ਸੇਵਾਵਾਂ ਵਿਚ ਤਾਲਮੇਲ ਸਥਾਪਿਤ ਕਰਨ ਲਈ ਜ਼ਿਮੇਵਾਰ ਹੈ। ਕਲਿਆਣ ਮੰਤਰਾਲਾ ਦੇ ਕਾਰਜ ਪੰਜ ਬਿਊਰੇ ਰਾਹੀਂ ਕੀਤੇ ਜਾਂਦੇ ਹਨ :

(1) ਅਪਾਹਿਜਾਂ ਦੇ ਕਲਿਆਣ ਸੰਬੰਧੀ ਬਿਊਰੋ
(2) ਸਮਾਜਿਕ ਸੁਰੱਖਿਆ ਬਿਊਰੋ
(3) ਅਲਪ ਸੰਖਿਅਕਾਂ ਲਈ ਬਿਊਰੋ (Minorities)
(4) ਕਬੀਲਾਈ ਵਿਕਾਸ ਬਿਊਰੋ
(5) ਅਨੁਸੂਚਿਤ ਜਾਤਾਂ ਤੇ ਪਛੜੀਆਂ ਸ਼੍ਰੇਣੀਆਂ ਬਿਊਰੋ।

ਭਾਵੇਂ ਅਨੁਸੂਚਿਤ ਅਤੇ ਪਛੜੀਆਂ ਜਾਤਾਂ ਵਿਰੁੱਧ ਅਪਰਾਧਾਂ ਨੂੰ ਰੋਕਣ ਲਈ ਪ੍ਰਬੰਧ ਕੀਤੇ ਗਏ ਪਰ ਫਿਰ ਵੀ ਇਹਨਾਂ ਨੂੰ ਜ਼ੁਲਮ ਦਾ ਸ਼ਿਕਾਰ ਹੋਣ ਤੋਂ ਪੂਰੀ ਤਰ੍ਹਾਂ ਬਚਾਇਆ ਨਹੀਂ ਜਾ ਸਕਿਆ ਹੈ। ਇਹਨਾਂ ਪ੍ਰਤਿ ਹੋਣ ਵਾਲੇ ਅਪਰਾਧਾਂ ਨੂੰ ਰੋਕਣ ਲਈ ਸਰਕਾਰ ਦੁਆਰਾ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲੇ (ਅਪਰਾਧ ਰੋਕ) ਐਕਟ 1989 ਬਣਾਇਆ ਗਿਆ ਜੋ 30 ਜਨਵਰੀ, 1990 ਨੂੰ ਲਾਗੂ ਕੀਤਾ ਗਿਆ ਜੋ ਇਹ ਦਸਦਾ ਹੈ ਕਿਹਾਣੇ ਅਪਰਾਧਾਂ ਨੂੰ ਇਹਨਾਂ ਕਮਜ਼ੋਰ ਵਰਗਾਂ ਦੇ ਖਿਲਾਫ ਕੀਤੇ ਗਏ ਜੁਲਮ ਦਾ ਦਰਜਾ ਦੇਣਾ ਹੈ ਅਤੇ ਢੁੱਕਵੀਂ ਸਜ਼ਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਇਸ ਐਕਟ ਮੁਤਾਬਿਕ ਰਾਜ ਸਰਕਾਰਾਂ ਨੇ ਸਪੈਸ਼ਲ ਕੋਰਟ (Special—l Courts) ਸਥਾਪਿਤ ਕਰਨ ਦੀ ਹਦਾਇਤ ਕੀਤੀ ਗਈ ਹੈ। ਅਜਿਹੇ ਕੋਰਟ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ ਕਰਨਾਟਕ, ਤਾਮਿਲਨਾਡੂ ਆਦਿ ਰਾਜਾਂ ਵਿਚ ਸਥਾਪਿਤ ਕਰ ਦਿੱਤੇ ਗਏ ਹਨ ਅਤੇ ਬਾਕੀ ਰਾਜ ਇਕ ਦਿਸ਼ਾ ਵਿਚ ਉਪਰਾਲਾ ਕਰਨ ਵਿਚ ਲੱਗੇ ਹੋਏ ਹਨ।

ਇਸ ਐਕਟ ਨੂੰ ਲਾਗੂ ਕਰਨ ਸੰਬੰਧੀ ਮਸ਼ੀਨਰੀ ਮਜ਼ਬੂਤ ਕਰਨ ਲਈ ਪੂਰੀ ਲਾਗਤ ਦਾ 50 ਪ੍ਰਤੀਸ਼ਤ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਨੂੰ 100 ਪ੍ਰਤੀਸ਼ਤ ਸਹਾਇਤਾ ਕੇਂਦਰ ਤੋਂ ਪ੍ਰਾਪਤ ਹੈ। ਰਾਜ ਸਰਕਾਰਾਂ ਨੂੰ ਬਾਕੀ 50 ਪ੍ਰਤੀਸ਼ਤ ਆਪ ਖਰਚਣਾ ਹੁੰਦਾ ਹੈ। 2008 ਤਕ ਇਸ ਐਕਟ ਤਹਿਤ 38943 ਕੇਸ ਰਜਿਸਟਰਡ ਕੀਤੇ ਗਏ ਹਨ।

## ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਕਮਿਸ਼ਨਰ

ਸੰਵਿਧਾਨ ਦੇ ਅਨੁਛੇਦ 338 ਦੀ ਪਾਲਣਾ ਕਰਦੇ ਹੋਏ ਰਾਸ਼ਟਰਪਤੀ ਨੇ 1951 ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਕਮਿਸ਼ਨਰ ਦੀ ਨਿਯੁਕਤੀ ਕੀਤੀ। ਇਸ ਅਧਿਕਾਰੀ ਨੂੰ ਇਨ੍ਹਾਂ ਜਾਤੀਆਂ ਅਤੇ ਕਬੀਲਿਆਂ ਦੇ ਲੋਕ ਹਿੱਤਾਂ ਦੀ ਸੁਰੱਖਿਆਂ ਦਾ ਕਾਰਜ ਸੌਂਪਿਆ ਗਿਆ। ਇਨ੍ਹਾਂ ਲੋਕਾਂ ਦੀ ਭਲਾਈ ਲਈ ਕੇਂਦਰੀ ਅਤੇ ਰਾਜ ਸਰਕਾਰਾਂ ਦੁਆਰਾ ਕੀਤੇ ਜਾ ਰਹੇ ਕਾਰਜਾਂ ਦਾ ਜਾਇਜਾ ਲੈਣ ਅਤੇ ਆਪਣੇ ਸੁਝਾਅ ਦੇਣ ਦੀ ਜ਼ਿੰਮੇਵਾਰੀ ਵੀ ਇਸ ਨੂੰ ਸੌਂਪੀ ਗਈ। ਇਸ ਅਹੁਦੇ ਤੇ ਨਿਯੁਕਤ ਹੋਣ ਵਾਲੇ ਅਧਿਕਾਰੀ ਨੇ ਇਸ ਪਛੜੇ। ਵਰਗ ਦੇ ਲੋਕਾਂ ਦੇ ਕਲਿਆਣ ਅਤੇ ਵਿਕਾਸ ਲਈ ਸ਼ਲਾਘਾਪੂਰਣ ਕਾਰਜ ਕੀਤੇ ਹਨ। ਮਾਰਚ 1984 ਵਿਚ ਕਮਿਸ਼ਨ ਦੀ ਰਿਪੋਰਟ ਤੇ ਵਿਚਾਰ ਪ੍ਰਗਟ ਕਰਦਿਆਂ ਲੋਕ ਸਭਾ ਦੇ ਕਈ ਮੈਂਬਰਾਂ ਨੇ ਇਹ ਮੰਗ ਕੀਤੀ ਕਿ ਹਰੀਜਨਾਂ ਦੀ ਭਲਾਈ ਲਈ ਕੇਂਦਰ ਵਿਚ ਇਕ ਵੱਖਰਾ ਮੰਤਰਾਲਾ ਕਾਇਮ ਕੀਤਾ ਜਾਵੇ।

### ਛੂਤਛਾਤ ਅਪਰਾਧ ਕਾਨੂੰਨ 1975

ਸਰਕਾਰ ਨੇ ਦੇਸ਼ ਵਿਚੋਂ ਛੂਤਛਾਤ ਸਮਾਪਤ ਕਰਨ ਲਈ ਛੂਤਛਾਤ ਅਪਰਾਧ ਕਾਨੂੰਨ, 1955 ਬਣਾਇਆ ਅਤੇ ਇਸ ਨੂੰ ਲਾਗੂ ਕੀਤਾ, 1978 ਵਿਚ ਸਰਕਾਰ ਨੇ ਛੂਤਛਾਤ ਵਿਰੁੱਧ ਇਕ ਨਵਾਂ ਕਾਨੂੰਨ ਬਣਾਇਆ ਜਿਸ ਨੂੰ ਨਾਗਰਿਕ ਅਧਿਕਾਰ ਸੁਰੱਖਿਆ (Protection of Civil Rights) ਕਾਨੂੰਨ ਕਿਹਾ ਜਾਂਦਾ ਹੈ। ਇਨ੍ਹਾਂ ਕਾਨੂੰਨ ਦੁਆਰਾ ਸਰਕਾਰ ਨੇ ਛੂਤਛਾਤ ਨੂੰ ਇਕ ਅਪਰਾਧ ਕਰਾਰ ਦੇ ਦਿੱਤਾ ਹੈ। ਜੇਕਰ ਕੋਈ ਵਿਅਕਤੀ ਨੂੰ ਸਰਬਜਨਕ

ਥਾਵਾਂ, ਧਾਰਮਿਕ ਥਾਵਾਂ, ਪਾਣੀ ਭਰਨ ਅਤੇ ਨਹਾਉਣ ਦੀਆਂ ਅਤੇ ਉਥੋਂ ਦੇ ਭਾਂਡਿਆਂ ਦੀ ਵਰਤੋਂ ਕਰਨ ਤੋਂ ਰੋਕੇਗਾ ਜਿਨ੍ਹਾਂ ਦੀ ਵਰਤੋਂ ਦੂਜੇ ਵਿਅਕਤੀ ਬੇਰੋਕ ਟੋਕ ਕਰਦੇ ਹੋਣ ਤਾਂ ਉਸ ਵਿਅਕਤੀ ਨੂੰ ਇਸ ਕਾਨੂੰਨ ਦੇ ਅਧੀਨ 6 ਮਹੀਨੇ ਦੀ ਕੈਦ ਅਤੇ 500 ਰੁਪਏ ਜੁਰਮਾਨਾ ਸਜ਼ਾ ਵਜੋਂ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਹੁਣ ਕੋਈ ਵੀ ਵਿਅਕਤੀ ਕਿਸੇ ਦੂਜੇ ਨਾਲ ਅਜਿਹਾ ਸਲੂਕ ਨਹੀਂ ਕਰ ਸਕਦਾ ਅਤੇ ਸਰਵਜਨਕ ਥਾਵਾਂ ਦੀ ਵਰਤੋਂ ਕਰਨ ਦੀ ਖੁਲ੍ਹ ਸਭ ਨੂੰ ਸਮਾਨ ਰੂਪ ਵਿਚ ਪ੍ਰਾਪਤ ਹੈ। ਇਸ ਤਰ੍ਹਾਂ ਇਸ ਕਾਨੂੰਨ ਰਾਹੀਂ ਭਾਰਤ ਸਰਕਾਰ ਨੇ ਦੇਸ਼ ਵਿਚ ਛੂਤਛਾਤ ਲੋਕਾਂ ਦੀ ਬੁਰਾਈ ਨੂੰ ਖਤਮ ਕਰਕੇ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆ ਸ੍ਰੇਣੀਆਂ ਦੇ ਲੋਕਾਂ ਨੂੰ ਸਮਾਜ ਵਿਚ ਦੂਜੇ ਲੋਕਾਂ ਦੇ ਬਰਾਬਰ ਦਰਜਾ ਪ੍ਰਦਾਨ ਕੀਤਾ ਹੈ।

## ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿਚ ਪ੍ਰਤੀਨਿਧਤਾ

ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਲੋਕਾਂ ਨੂੰ ਲੋਕ ਸਭਾ ਅਤੇ ਰਾਜ ਦੀਆਂ ਵਿਧਾਨ ਸਭਾਵਾਂ ਵਿਚ ਪ੍ਰਤੀਨਿਧਤਾ ਦੇਣ ਲਈ ਉਨ੍ਹਾਂ ਵਾਸਤੇ ਕੁਝ ਸੀਆਂ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਸੁਰੱਖਿਅਤ ਰੱਖੀਆਂ ਗਈਆਂ ਹਨ। ਸ਼ੁਰੂ ਵਿਚ ਇਹ ਸਹੂਲਤ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਸਿਰਫ ਦਸ ਸਾਲ ਲਈ ਦਿੱਤੀ ਗਈ ਸੀ ਪਰ ਬਾਅਦ ਵਿਚ ਕੀਤੀਆਂ ਗਈਆਂ ਤਰਮੀਮਾਂ ਦੇ ਸਿੱਟੇ ਵਜੋਂ ਇਹ ਸਹੂਲਤ ਇਨ੍ਹਾਂ ਜਾਤੀਆਂ ਅਤੇ ਕਬੀਲਿਆਂ ਨੂੰ 20 ਜਨਵਰੀ, 1980 ਤੱਕ ਵਧਾ ਦਿੱਤੀ ਗਈ ਸੀ। 45ਵੇਂ ਸੰਵਿਧਾਨ ਸੋਧ ਰਾਹੀਂ ਇਸ ਮਿਆਦ ਨੂੰ 10 ਸਾਲ ਲਈ ਭਾਵ ਜਨਵਰੀ 1990 ਤੱਕ ਵਧਾ ਦਿੱਤਾ ਗਿਆ ਸੀ। ਰਾਜ ਸਭਾ ਅਤੇ ਰਾਜ ਵਿਧਾਨ ਪਰਿਸ਼ਦਾਂ, ਨਗਰ ਨਿਗਮਾਂ, ਨਗਰ ਪਾਲਿਕਾਵਾਂ, ਪੰਚਾਇਤੀ ਰਾਜ ਵਿਧਾਨ ਪਰਿਸ਼ਦਾਂ, ਨਗਰ ਨਿਗਮਾਂ, ਨਗਰ ਪਾਲਿਕਾਵਾਂ, ਪੰਚਾਇਤੀ ਰਾਜ ਦੀ ਹੋਰ ਸੰਸਥਾਵਾਂ ਵਿਚ ਵੀ ਇਹਨਾਂ ਪ੍ਰਤੀਨਿਧਤਾ ਦੇਣ ਲਈ ਕੁਝ ਸੀਟਾਂ ਇਨ੍ਹਾਂ ਵਾਸਤੇ ਸੁਰੱਖਿਅਤ ਰੱਖੀਆਂ ਜਾਂਦੀਆਂ ਹਨ। ਇਸ ਸਮੇਂ ਭਾਰਤ ਦੀ ਲੋਕ ਸਭਾ ਵਿਚ ਅਨੁਸੂਚਿਤ ਜਾਤਾਂ ਦੇ 78 ਪ੍ਰਤੀਨਿਧ ਅਤੇ ਅਨੁਸੂਚਿਤ ਕਬੀਲਿਆਂ ਦੇ 39 ਪ੍ਰਤੀਨਿਧ ਹਨ। ਰਾਜਾਂ ਦੀ ਕੇਂਦਰੀ ਪ੍ਰਸ਼ਾਸ਼ਿਤ ਪ੍ਰਦੇਸ਼ਾਂ ਦੀਆਂ ਵਿਧਾਨ ਸਭਾਵਾਂ ਵਿਚ ਅਨੁਸੂਚਿਤ ਜਾਤਾਂ ਦੇ 546 ਅਤੇ ਅਨੁਸੂਚਿਤ ਕਬੀਲਿਆਂ ਦੇ 291 ਪ੍ਰਤੀਨਿਧ ਹਨ। ਭਾਵੇਂ ਮੰਤਰੀ ਪ੍ਰੀਸ਼ਦ ਵਿਚ ਉਹਨਾਂ ਲਈ ਸੀਟਾਂ ਸੁਰੱਖਿਅਤ ਰੱਖਣ ਲਈ ਕੋਈ ਸੰਵਿਧਾਨਕ ਉਪਬੰਧ ਨਹੀਂ ਕੀਤਾ ਗਿਆ ਪਰੰਤੂ ਵਿਹਾਰਕ ਰੂਪ ਵਿਚ ਉਹਨਾਂ ਨੂੰ ਕੇਂਦਰੀ ਅਤੇ ਰਾਜਾਂ ਦੇ ਮੰਤਰੀ ਪ੍ਰੀਸ਼ਦਾਂ ਵਿਚ ਯੋਗ ਪ੍ਰਤੀਨਿਧਤਾ ਦਿੱਤੀ ਜਾਂਦੀ ਹੈ।

## ਸਿਵਲ ਸੇਵਾਵਾਂ ਵਿਚ ਸੁਰੱਖਿਅਤਾ

ਸਰਬ ਭਾਰਤੀ ਕੇਂਦਰੀ ਰਾਜ, ਲੋਕ ਨਿਗਮਾਂ ਅਤੇ ਸਥਾਨਿਕ ਸੰਸਥਾਵਾਂ ਦੀਆ ਸੇਵਾਵਾਂ ਵਿਚ ਪ੍ਰਤੀਨਿਧਤਾ ਦੇਣ ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਦੇ ਲੋਕਾਂ ਲਈ ਸਥਾਨ ਸੁਰੱਖਿਅਤ ਰਖੇ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ। ਜਿਨ੍ਹਾਂ ਅਸਾਮੀਆਂ ਦੀ ਭਰਤੀ ਸਰਬ ਖੁਲ੍ਹੀ ਪ੍ਰਤੀਯੋਗਤਾ ਰਾਹੀਂ ਕੀਤੀ ਜਾਂਦੀ ਹੋਵੇ, ਉਹਨਾਂ ਵਿਚ ਅਨੁਸੂਚਿਤ ਜਾਤੀ ਦੇ ਲੋਕਾਂ ਲਈ 15 ਪ੍ਰਤੀਸ਼ਤ ਅਸਾਮੀਆਂ ਰਾਖਵੀਆਂ ਰਖੀਆਂ ਜਾਂਦੀਆਂ ਹਨ ਅਤੇ ਜਿਹਨਾਂ ਅਸਾਮੀਆਂ ਦੀ ਭਰਤੀ ਹੋਰ ਢੰਗਾਂ ਰਾਹੀਂ ਕੀਤੀ ਜਾਵੇ ਉਹਨਾਂ ਵਿਚ 16 ਪ੍ਰਤੀਸ਼ਤ ਅਸਾਮੀਆਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਰਖੀਆਂ ਜਾਂਦੀਆਂ ਹਨ। ਰਾਜ ਸਰਕਾਰ ਅਤੇ ਕੇਂਦਰੀ ਪ੍ਰਸ਼ਾਸਿਤ ਦੀਆਂ ਸਿਵਲ ਸੇਵਾਵਾਂ ਵਿਚ ਵੀ ਇਨ੍ਹਾਂ ਜਾਤੀਆਂ ਅਤੇ ਕਬੀਲਿਆਂ ਦੇ ਲੋਕਾਂ ਲਈ ਅਸਾਮੀਆਂ ਸੁਰੱਖਿਅਤ ਰੱਖੀਆਂ ਜਾਂਦੀਆਂ ਹਨ। ਇਹਨਾਂ ਦੀ ਪ੍ਰਤਿਸਤ ਹਰ ਰਾਜ ਵਿਚ ਭਿੰਨ ਭਿੰਨ ਹੈ। ਰਾਜ ਸਰਕਾਰਾਂ ਸਮੇਂ ਸਮੇਂ ਸਿਰ ਨਿਯਮ ਬਣਾ ਕੇ ਇਨ੍ਹਾਂ ਦੀਆਂ ਸੀਟਾਂ ਵਿਚ ਵਾਧਾ ਕਰਦੀਆਂ ਰਹਿੰਦੀਆਂ ਹਨ। ਸਿਵਲ ਸੇਵਾਵਾਂ ਵਿਚ ਭਰਤੀ ਤੋਂ ਇਲਾਵਾ ਸਰਕਾਰੀ ਕਰਮਚਾਰੀਆਂ ਨੂੰ ਤਰੱਕੀ ਦੇਣ ਲੱਗਿਆ ਵੀ ਇਨ੍ਹਾਂ ਜਾਤਾਂ ਅਤੇ ਕਬੀਲਿਆਂ ਲਈ ਕੁਝ ਪ੍ਰਤੀਸ਼ਤ ਸੀਟਾਂ ਰਾਖਵੀਆਂ ਜਾਂਦੀਆਂ ਹਨ। ਪੰਜਾਬੀ ਯੂਨੀਵਰਸਟੀ, ਪਟਿਆਲਾ ਨੇ ਇਹਨਾਂ ਸ਼੍ਰੇਣੀਆਂ ਦੇ ਲੋਕਾਂ ਲਈ ਸਿਖਲਾਈ ਸਕੂਲ ਖੋਲਿਆ ਹੈ ਜਿਥੇ ਕਿ ਇਹਨਾਂ ਨੂੰ ਮੁਕਾਬਲੇ ਦੇ ਇਮਤਿਹਾਨ ਲਈ ਬਿਨ੍ਹਾਂ ਕਿਸੇ ਫੀਸ ਤੋਂ ਤਿਆਰੀ ਕਰਵਾਈ ਜਾਂਦੀ ਹੈ।

## ਸਿੱਖਿਆ ਲਈ ਸਹੂਲਤਾਂ

ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਸਿੱਖਿਆ ਦੇਣ ਲਈ ਸਰਕਾਰ ਵੱਲੋਂ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਇਨ੍ਹਾਂ ਜਾਤੀਆਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ,

ਵਜੀਫੇ, ਪੁਸਤਕਾਂ ਅਤੇ ਕਾਪੀਆਂ ਅਤੇ ਹੋਰ ਲੋੜੀਦੇ ਸਾਜ ਸਮਾਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਨ੍ਹਾਂ ਨੂੰ ਪਰੀਖਿਆ ਲਈ ਭੇਜੇ ਜਾਣ ਲਈ ਦਾਖਲੇ ਵਿਚ ਵੀ ਰਿਆਇਤ ਦਿੱਤੀ ਜਾਂਦੀ ਹੈ। ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਵਜੀਫੇ ਅਤੇ ਵਿਦੇਸ਼ਾਂ ਵਿਚ ਜਾ ਕੇ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਵੀ ਇਨ੍ਹਾਂ ਨੂੰ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਵਿਦੇਸ਼ਾਂ ਵਿਚ ਜਾ ਕੇ ਪੜ੍ਹਾਈ ਅਤੇ ਖੋਜ ਕਰਨ ਲਈ ਵੀ ਹਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ 11 ਤੋਂ 21 ਤੱਕ, ਅਨੁਸੂਚਿਤ ਕਬੀਲਿਆਂ ਦੇ ਵਿਦਿਆਰਥੀਆਂ ਨੂੰ ਅਣ-ਅਧਿਸੂਚਿਤ ਕਬੀਲਿਆਂ ਦੇ ਵਿਦਿਆਰਥੀਆਂ ਨੂੰ 3 ਵਜੀਫੇ ਦਿੱਤੇ ਜਾਂਦੇ ਹਨ। ਇਨ੍ਹਾਂ ਜਾਤਾਂ ਅਤੇ ਸ੍ਰੇਣੀਆਂ ਦੇ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਦੁੱਧ ਅਤੇ ਦਿਨ ਦਾ ਖਾਣਾ ਆਦਿ ਦੇਣ ਲਈ ਵੀ ਪ੍ਰਬੰਧ ਕੀਤੇ ਜਾਂਦੇ ਹਨ। ਹੋਸਟਲਾਂ ਵਿਚ ਵੀ ਇਨ੍ਹਾਂ ਨੂੰ ਵਿਸ੍ਰੇਸ਼ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਆਮ ਸਿੱਖਿਆ ਅਤੇ ਤਕਨੀਕੀ ਅਤੇ ਪੇਸ਼ਾਵਰਾਨਾ ਸਿੱਖਿਆ ਦੀਆਂ ਸੰਸਥਾਵਾਂ ਵਿਚ ਦਾਖਲੇ ਸਮੇਂ ਇਨ੍ਹਾਂ ਜਾਤੀਆਂ, ਕਬੀਲਿਆਂ ਅਤੇ ਸ੍ਰੇਣੀਆਂ ਦੇ ਬੱਚਿਆਂ ਲਈ ਸੀਟਾਂ ਰਾਖਵੀਆਂ ਜਾਂਦੀਆਂ ਹਨ।

## ਆਰਥਿਕ ਵਿਕਾਸ

ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਵਿਕਾਸ ਲਈ ਇਹਨਾਂ ਨੂੰ ਭੂਮੀ ਅਤੇ ਸਿੰਚਾਈ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਹਨ। ਇਹਨਾਂ ਸ਼੍ਰੇਣੀਆਂ ਦੇ ਲੋਕਾਂ ਕੋਲ ਰੋਜ਼ੀ ਕਮਾਉਣ ਦਾ ਕੋਈ ਵਸੀਲਾ ਨਹੀਂ ਅਤੇ ਨਾਂ ਹੀ ਉਹਨਾਂ ਕੋਲ ਜ਼ਮੀਨ ਜਾਇਦਾਦ ਹੈ, ਤਾਂ ਸਰਕਾਰ ਉਹਨਾਂ ਨੂੰ ਮੁਫਤ ਜਮੀਨ ਦਿੰਦੀ ਹੈ ਤਾਂ ਕਿ ਉਹ ਉਸ ਤੋਂ ਖੇਤੀ ਕਰਕੇ ਆਤਮ ਨਿਰਭਰ ਹੋ ਸਕਣ ਅਤੇ ਆਪਣਾ ਜੀਵਨ ਨਿਰਬਾਹ ਕਰ ਸਕਣ । ਇਨ੍ਹਾਂ ਸ੍ਰੇਣੀਆਂ ਦੇ ਲੋਕਾਂ ਨੂੰ ਜ਼ਮੀਨ ਦੇਣ ਦਾ ਕਾਰਜ ਬਹੁਤ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਇਨ੍ਹਾਂ ਨੂੰ ਬੈਲ, ਖੇਤੀਬਾੜੀ ਔਜਾਰ, ਬੀਜ ਅਤੇ ਖਾਦਾਂ ਵੀ ਦਿੱਤੀਆਂ ਜਾਂਦੀਆਂ ਹਨ। ਉਨ੍ਹਾ ਨੂੰ ਰੋਜ਼ੀ ਕਮਾਉਣ ਲਈ ਘਰੇਲੂ ਅਤੇ ਛੋਟੇ ਪੈਮਾਨੇ ਦੇ ਉਦਯੋਗ ਲਾਉਣ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ। ਸਰਕਾਰ ਇਸ ਮੰਤਵ ਲਈ ਉਨ੍ਹਾਂ ਨੂੰ ਗ੍ਰਾਂਟਾਂ ਅਤੇ ਕਰਜ਼ੇ ਆਦਿ ਵੀ ਦਿੰਦੀ ਹੈ। ਇਨ੍ਹਾਂ ਲੋਕਾਂ ਨੂੰ ਮੁਰਗੀ ਪਾਲਣ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ। ਅਤੇ ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੂੰ ਲੋੜੀਂਦੀ ਸਿਖਲਾਈ ਅਤੇ ਵਿਤੀ ਸਹਾਇਤਾ ਦਿੱਤੀ ਜਾਦੀ ਹੈ। ਇਨ੍ਹਾਂ ਨੂੰ ਸ਼ਾਹੂਕਾਰਾਂ ਦੇ ਸ਼ੋਸਣ ਤੋਂ ਵੀ ਛੁਟਕਾਰਾ ਦਿਵਾਇਆ ਗਿਆ ਹੈ। ਇਸ ਤਰ੍ਹਾਂ ਉਨ੍ਹਾਂ ਦੇ ਆਰਥਿਕ ਵਿਕਾਸ ਲਈ ਸਰਕਾਰ ਯਤਨਸ਼ੀਲ ਹੈ।

## ਸਿਹਤ ਸੇਵਾਵਾਂ

ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਦੀ ਸਿਹਤ ਦੀ ਦੇਖਭਾਲ ਕਰਨ ਲਈ ਵੀ ਸਰਕਾਰ ਨੇ ਪ੍ਰਬੰਧ ਕੀਤੇ ਹਨ। ਉਨ੍ਹਾਂ ਨੂੰ ਡਾਕਟਰੀ ਸਹਾਇਤਾ ਅਤੇ ਦਵਾਦਾਰੂ ਮੁਫਤ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਪ੍ਰਸੂਤੀ ਸਹਾਇਤਾ ਅਤੇ ਪਰਿਵਾਰ ਨਿਯੋਜਨ ਸੰਬੰਧੀ ਜਾਣਕਾਰੀ ਅਤੇ ਸਹਾਇਤਾ ਦੇਣ ਲਈ ਵੀ ਪ੍ਰਬੰਧ ਕੀਤੇ ਗਏ ਹਨ।

## ਰਿਹਾਇਸ਼ ਅਤੇ ਹੋਰ ਸਹੂਲਤਾਂ

ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਦੀ ਰਿਹਾਇਸ਼ ਦਾ ਚੰਗੇਰਾ ਪ੍ਰਬੰਧ ਕਰਨ ਲਈ ਵੀ ਸਰਕਾਰ ਯਤਨਸ਼ੀਲ ਹੈ। ਇਨ੍ਹਾਂ ਸ਼੍ਰੇਣੀਆਂ ਦੇ ਜਿਨ੍ਹਾਂ ਲੋਕਾਂ ਕੋਲ ਰਿਹਾਇਸ਼ ਲਈ ਮਕਾਨ ਨਹੀਂ ਹਨ, ਉਹਨਾਂ ਨੂੰ ਮੁਫਤ ਪਲਾਟ ਦੇਣ ਅਤੇ ਉਸ ਉਤੇ ਉਸਾਰੀ ਕਰਨ ਲਈ ਗ੍ਰਾਂਟਾਂ ਅਤੇ ਕਰਜੇ ਦੇਣ ਲਈ ਵੀ ਪ੍ਰਬੁੱਧ ਕੀਤੇ ਗਏ ਹਨ। ਕਈ ਥਾਵਾਂ ਤੇ ਇਨ੍ਹਾਂ ਲੋਕਾਂ ਲਈ ਸਰਕਾਰ ਨੇ ਰਿਹਾਇਸ਼ੀ ਬਸਤੀਆਂ ਦੀ ਉਸਾਰੀ ਵੀ ਕੀਤੀ ਹੈ ਅਤੇ ਸਸਤੀ ਕੀਮਤ ਅਤੇ ਆਸਾਨ ਕਿਸ਼ਤਾਂ ਤੇ ਉਨ੍ਹਾਂ ਨੂੰ ਮਕਾਨ ਦੇ ਦਿੱਤੇ ਹਨ। ਇਨ੍ਹਾਂ ਨੂੰ ਪੀਣ ਲਈ ਸਾਫ ਸੁਥਰੇ ਪਾਣੀ ਦੀ ਸਪਲਾਈ, ਬਿਜਲੀ ਦੀ ਸਪਲਾਈ ਅਤ ਮਨ ਪ੍ਰਚਾਵੇ ਲਈ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਗਈਆਂ ਹਨ। ਲੋੜ ਸਮੇਂ ਇਹਨਾਂ ਨੂੰ ਸਰਕਾਰ ਵਲੋਂ ਕਾਨੂੰਨੀ ਸਹਾਇਤਾ ਵੀ ਦਿੱਤੀ ਜਾਂਦੀ ਹੈ।

ਪੰਜ ਸਾਲਾ ਯੋਜਨਾਵਾਂ ਦੇ ਦੌਰਾਨ ਅਨੁਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਕਲਿਆਣ ਵੱਲ ਵਿਸ਼ੇਸ਼ ਰੂਪ ਵਿਚ ਸਰਕਾਰ ਨੇ ਧਿਆਨ ਦਿੱਤਾ। ਇਸ ਖੇਤਰ ਦੀਆਂ ਪ੍ਰਾਪਤੀਆਂ ਦਾ ਸੰਖੇਪ ਵਰਨਣ ਹੇਠ ਕੀਤਾ ਜਾਂਦਾ ਹੈ :

## ਪਹਿਲੀ ਪੰਜ ਸਾਲਾ ਯੋਜਨਾ (1951–56)

ਪਹਿਲੀ ਪੰਜ ਸਾਲਾ ਯੋਜਨਾ ਦੇ ਦੌਰਾਨ ਇਨ੍ਹਾਂ ਜਾਤੀਆਂ ਅਤੇ ਸ੍ਰੇਣੀਆਂ ਦੇ ਕਲਿਆਣ ਉੱਤੇ 26 ਕਰੋੜ ਰੁਪਏ ਖਰਚ ਕੀਤੇ ਗਏ। ਰਾਜ ਸਰਕਾਰ ਤੋਂ ਇਲਾਵਾ ਕੇਂਦਰੀ ਸਰਾਕਰ ਨੇ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਅਤੇ ਅਨੁਸੂਚਿਤ ਕਬੀਲਿਆਂ ਦੇ ਬੱਚਿਆਂ ਨੂੰ ਦਸਵੀਂ ਤੱਕ ਵਜੀਫੇ ਦਿੱਤੇ। ਅਨੁਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ੍ਰੇਣੀਆਂ ਦੇ ਲੋਕਾਂ ਨੂੰ ਸਿੱਖਿਆ, ਡਾਕਟਰੀ ਸਹਾਇਤਾ, ਪਾਣੀ ਦੀ ਸਪਲਾਈ, ਖੇਤੀਬਾੜੀ ਅਤੇ ਸਿੰਚਾਈ ਦੀਆਂ ਸਹੂਲਤਾਂ, ਘਰੇਲੂ ਉਦਯੋਗਾਂ ਨੂੰ ਸਥਾਪਤ ਕਰਨ ਅਤੇ ਕਬਾਇਲੀ ਖੇਤਰਾਂ ਵਿਚ ਸੜਕਾਂ ਬਣਾਉਣ ਲਈ ਯਤਨ ਕੀਤੇ ਗਏ। ਅਣ-ਅਧਿਸੂਚਿਤ ਕਬੀਲਿਆਂ ਦੇ ਬੱਚਿਆਂ ਲਈ 291 ਸਕੂਲ ਖੋਲੇ ਗਏ ਅਤੇ 42.065 ਬੱਚਿਆਂ ਨੂੰ ਵਜੀਫੇ ਦਿੱਤੇ ਗਏ। ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ੍ਰੇਣੀਆਂ ਦੇ ਲੋਕਾਂ ਨੂੰ ਡਾਕਟਰੀ ਸਹਾਇਤਾ, ਪਾਣੀ ਦੀ ਸਪਲਾਈ, ਖੇਤੀਬਾੜੀ ਅਤੇ ਸਿੰਚਾਈ ਦੀਆਂ ਸਹੂਲਤਾਂ, ਘਰੇਲੂ ਉਦਯੋਗਾਂ ਨੂੰ ਸਥਾਪਤ ਕਰਨ ਅਤੇ ਕਬਾਇਲੀ ਖੇਤਰਾਂ ਵਿਚ ਸੜਕਾਂ ਬਣਾਉਣ ਲਈ ਯਤਨ ਕੀਤੇ ਗਏ। ਅਣ-ਅਧਿਸੂਚਿਤ ਕਬੀਲਿਆਂ ਦੇ ਲੋਕਾਂ ਨੂੰ ਆਬਾਦ ਕਰਨ ਲਈ 71 ਬਸਤੀਆਂ ਸਥਾਪਿਤ ਕੀਤੀਆਂ ਗਈਆਂ।

## ਦੂਜੀ ਪੰਜ ਸਾਲਾ ਯੋਜਨਾ (1956–61)

ਦੂਜੀ ਪੰਜ ਸਾਲਾ ਯੋਜਨਾ ਦੌਰਾਨ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਅਣ-ਅਧਿਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ੍ਰੇਣੀਆਂ ਦੇ ਕਲਿਆਣ ਉੱਤੇ 78 ਕਰੋੜ ਰੁਪਏ ਖਰਚ ਕੀਤੇ ਗਏ। ਦੂਜੀ ਯੋਜਨਾ ਦੇ ਅੰਤ ਤੱਕ ਅਨੁਸੂਚਿਤ ਜਾਤਾਂ ਦੇ ਲਗਭਗ 9 ਲੱਖ ਬੱਚੇ ਸਰਕਾਰੀ ਵਜੀਫੇ ਪ੍ਰਾਪਤ ਕਰ ਰਹੇ ਹਨ। ਇਨ੍ਹਾਂ ਜਾਤੀਆਂ ਦੇ ਲੋਕਾਂ ਨੂੰ 93,000 ਮਕਾਨ ਅਤੇ ਮਕਾਨਾਂ ਦੇ ਪਲਾਟ ਦਿੱਤੇ ਗਏ। ਇਨ੍ਹਾਂ ਦੀਆਂ 88 ਸਹਿਕਾਰੀ ਮਕਾਨ ਸਭਾਵਾਂ ਸੰਗਠਿਤ ਕੀਤੀਆਂ ਗਈਆਂ। ਕੇਂਦਰੀ ਸਰਕਾਰ ਦੀ ਸਹਾਇਤਾ ਨਾਲ 166 ਸਿਖਲਾਈ ਅਤੇ ਉਤਪਾਦਨ ਕੇਂਦਰਾਂ ਦੀ ਸਥਾਪਨਾ ਕੀਤੀ ਗਈ। 43 ਕਬਾਇਲੀ ਵਿਕਾਸ ਬਾਲਕਾਂ ਦੇ ਬਹੁ-ਉਦੇਸ਼ੀ ਵਿਕਾਸ ਲਈ ਕਾਰਵਾਈਆਂ ਕੀਤੀਆਂ ਗਈਆਂ ਅਨੁਸੂਚਿਤ ਕਬੀਲਿਆਂ ਦੇ ਲੋਕਾਂ ਨੂੰ ਖੇਤਰੀ ਲਈ ਜ਼ਮੀਨ ਅਤੇ ਲੋੜੀਦੀਆਂ ਵਸਤੂਆਂ ਦਿੱਤੀਆਂ ਗਈਆਂ। ਇਨ੍ਹਾਂ ਬੱਚਿਆਂ ਨੂੰ ਦਸਵੀਂ ਉਪਰੰਤ 25,592 ਵਜੀਫੇ ਦਿੱਤੇ ਗਏ। ਕਬਾਇਲੀ ਖੇਤਰਾਂ ਵਿਚ ਵੀ ਪ੍ਰਸੂਤੀ ਅਤੇ ਬਾਲ ਕਲਿਆਣ ਕੇਂਦਰਾਂ ਦੀ ਸਥਾਪਨਾ ਕੀਤੀ ਗਈ। ਅਣ-ਅਧਿਸੂਚਿਤ ਕਬੀਲਿਆਂ ਦੇ 15,246 ਪਰਿਵਾਰਾਂ ਨੂੰ ਆਬਾਦ ਕੀਤਾ ਗਿਆ। ਕੇਂਦਰੀ ਸਰਕਾਰ ਨੇ ਅਪ੍ਰੈਲ 1960 ਵਿਚ ਅਨੁਸੂਚਿਤ ਕਬੀਲੇ ਕਮਿਸ਼ਨ ਨਿਯੁਕਤ ਕੀਤਾ। ਇਸ ਨੇ ਆਪਣੀ ਰਿਪੋਰਟ 1961 ਵਿਚ ਪੇਸ਼ ਕੀਤੀ। ਇਸ ਲਈ ਤੀਜੀ ਯੋਜਨਾ ਵਿਚ ਇਸ ਰਾਹੀਂ ਦਿੱਤੇ ਸੁਝਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਦਮ ਚੁੱਕੇ ਗਏ।

## ਤੀਜੀ ਪੰਜ ਸਾਲਾ ਯੋਜਨਾ (1961–66)

ਤੀਜੀ ਪੰਜ ਸਾਲਾ ਯੋਜਨਾ ਦੇ ਦੌਰਾਨ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਅਣ-ਅਧਿਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ੍ਰੇਣੀਆਂ ਦੇ ਕਲਿਆਣ ਉਤੇ 402 ਕੋਰੜ ਰੁਪਏ ਖਰਚ ਕੀਤੇ ਗਏ। ਇਸ ਵਰਗ ਦੇ ਲੋਕਾਂ ਦਾ ਸਮਾਜਿਕ ਅਤੇ ਆਰਥਿਕ ਵਿਕਾਸ ਜਾਰੀ ਰਖਿਆ ਗਿਆ। ਇਨ੍ਹਾਂ ਨੂੰ ਸਰਕਾਰੀ ਨੌਕਰੀਆਂ ਵਿਚ ਹੋਰ ਪ੍ਰਤਿਨਿਧਤਾ ਦਿੱਤੀ ਗਈ। ਇਨ੍ਹਾਂ ਦੀ ਰਿਹਾਇਸ਼, ਪੀਣ ਲਈ ਪਾਣੀ, ਡਾਕਟਰੀ ਅਤੇ ਪ੍ਰਸੂਤੀ ਸਹਾਇਤਾ ਅਤੇ ਇਨ੍ਹਾਂ ਦੇ ਬੱਚਿਆਂ ਦੇ ਕਲਿਆਣ ਲਈ ਸਹੂਲਤਾਂ ਵਿਚ ਵਾਧਾ ਕੀਤਾ ਗਿਆ। ਛੂਤ – ਛਾਤ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਮੁਹਿੰਮ ਨੂੰ ਤੇਜ਼ ਕੀਤਾ ਗਿਆ। 415 ਕਬਾਇਲੀ ਵਿਕਾਸ ਬਲਾਕਾਂ ਵਿਚ ਅਨੁਸੂਚਿਤ ਕਬੀਲਿਆਂ ਲਈ ਪ੍ਰਗਤੀਸ਼ੀਲ ਕਾਰਵਾਈਆਂ ਕੀਤੀਆਂ ਗਈਆਂ। ਉਨ੍ਹਾਂ ਨੂੰ ਖੇਤੀਬਾੜੀ ਅਤੇ ਘਰੇਲੂ ਉਦਯੋਗ ਦੁਆਰਾ ਆਤਮ-ਨਿਰਭਰ ਬਣਨ ਲਈ ਸਹਾਇਤਾ ਦਿੱਤੀ ਗਈ।

## ਤਿੰਨ ਸਾਲਾ ਯੋਜਨਾਵਾਂ (1966–69)

ਤਿੰਨ ਸਾਲਾਂ ਯੋਜਨਾਵਾਂ ਦੇ ਦੌਰਾਨ ਇਹਨਾਂ ਸ੍ਰੇਣੀਆਂ ਦੇ ਕਲਿਆਣ ਉੱਤੇ ਕਰੋੜਾਂ ਰੁਪਏ ਖਰਚ ਕੀਤੇ ਗਏ। ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਦਸਵੀਂ ਉਪਰੰਤ 27 ਲੱਖ ਵਜੀਫੇ ਦਿੱਤੇ ਗਏ। ਅਨੁਸੂਚਿਤ ਕਬੀਲਿਆਂ ਦੇ ਬੱਚਿਆਂ ਨੂੰ ਦਸਵੀਂ ਉਪਰੰਤ 65.769 ਵਜ਼ੀਫੇ ਦਿੱਤੇ ਗਏ। ਦੇਸ਼ ਵਿਚ ਕਬਾਇਲੀ ਵਿਕਾਸ ਬਲਾਕ ਦੀ ਗਿਣਤੀ 415 ਤੋਂ ਵਧਾ ਕੇ 480 ਕਰ ਦਿੱਤੀ ਗਈ। ਇਨ੍ਹਾਂ ਸ੍ਰੇਣੀਆਂ ਦੇ ਲੋਕਾਂ ਨੂੰ ਸਿਵਲ ਸੇਵਾਵਾਂ ਵਿਚ ਹੋਰ ਪ੍ਰਤੀਨਿਧਤਾ

ਦਿੱਤੀ ਗਈ। ਇਹਨਾਂ ਦੀ ਸਹਾਇਤਾ ਮਾਰਗ ਦਰਸ਼ਨ ਲਈ, ਦਿੱਲੀ, ਜਬਲਪੁਰ, ਕਾਨਪੁਰ ਅਤੇ ਮਦਰਾਸ ਵਿਖੇ ਸਿਖਲਾਈ ਅਤੇ ਅਗਵਾਈ ਕੇਂਦਰ ਖੋਲ੍ਹੇ ਗਏ।

**ਚੌਥੀ ਪੰਜ ਸਾਲਾ ਯੋਜਨਾ (1969–74)**

ਚੌਥੀ ਪੰਜ ਸਾਲਾ ਯੋਜਨਾ ਦੇ ਦੌਰਾਨ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਅਣ-ਅਧਿਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਕਲਿਆਣ ਅਤੇ ਵਿਕਾਸ ਉੱਤੇ 142.38 ਕਰੋੜ ਰੁਪਏ ਖਰਚ ਕੀਤੇ ਗਏ ਪਹਿਲੀ ਜਨਵਰੀ 1972 ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਅਧਿਕਾਰਾਂ ਦੀ ਗਿਣਤੀ ਭਾਰਤੀ ਪ੍ਰਸ਼ਾਸਨਿਕ ਸੇਵਾ ਵਿਚ 280, ਭਾਰਤੀ ਪੁਲਿਸ ਸੇਵਾ ਵਿਚ 133 ਅਤੇ ਭਾਰਤੀ ਵਿਦੇਸ਼ੀ ਸੇਵਾ ਵਿਚ 49 ਸੀ। ਇਹਨਾਂ ਸ਼੍ਰੇਣੀਆਂ ਵਿਚ ਸਿੱਖਿਆ ਦੇ ਪ੍ਰਸਾਰ ਨੂੰ ਜਾਰੀ ਰਖਿਆ ਗਿਆ। ਇਸ ਯੋਜਨਾ ਦੇ ਅੰਤ ਤਕ ਅਨੁਸੂਚਿਤ ਜਾਤੀਆਂ ਦੇ 30 ਲੱਖ ਅਤੇ ਅਨੁਸੂਚਿਤ ਕਬੀਲਿਆਂ ਦੇ ਇਕ ਲੱਖ ਬੱਚਿਆਂ ਨੂੰ ਦਸਵੀਂ ਤੋਂ ਪਹਿਲਾਂ ਵਜੀਫੇ ਦਿੱਤੇ ਜਾ ਰਹੇ ਸਨ। ਅਨੁਸੂਚਿਤ ਜਾਤੀਆਂ ਦੇ 1,900,000 ਅਤੇ ਅਨੁਸੂਚਿਤ ਕਬੀਲਿਆਂ ਦੇ 35,000 ਬੱਚਿਆਂ ਨੂੰ ਦਸਵੀਂ ਉਪਰੰਤ ਵਜੀਫੇ ਦਿੱਤੇ ਜਾ ਰਹੇ ਸਨ। ਇਹਨਾਂ ਸ੍ਰੇਣੀਆਂ ਦੇ ਵਿਦਿਆਰਥੀਆਂ ਨੂੰ ਨੌਕਰੀਆਂ ਪ੍ਰਾਪਤ ਕਰਨ ਲਈ ਅਗਵਾਈ ਅਤੇ ਸਿਖਲਾਈ ਦੇਣ ਵਾਲੇ ਕੇਂਦਰਾਂ ਦੀ ਗਿਣਤੀ ਵਿਚ ਵੀ ਵਾਧਾ ਕੀਤਾ ਗਿਆ। ਇਸ ਮੰਤਵ 10 ਪੂਰਵ ਪਰੀਖਿਆ ਕੇਂਦਰ ਅਤੇ 4 ਸਿਖਲਾਈ ਅਤੇ ਅਗਵਾਈ ਕੇਂਦਰ ਹੋਰ ਸਥਾਪਤ ਕੀਤੇ ਗਏ। ਇਸ ਯੋਜਨਾ ਦੇ ਅੰਤ ਤੇ 484 ਕਬਾਇਲੀ ਵਿਕਾਸ ਬਲਾਕ ਅਤੇ 20 ਉਪ-ਬਲਾਕਾਂ ਵਿਚ ਵਿਕਾਸਸ਼ੀਲ ਕਾਰਵਾਈਆਂ ਕੀਤੀਆਂ ਜਾ ਰਹੀਆਂ ਸਨ। ਅਣ-ਅਧਿਸੂਚਿਤ ਕਬੀਲਿਆਂ ਨੂੰ ਠੀਕ ਤਰ੍ਹਾਂ ਆਬਾਦ ਕਰਨ ਲਈ 415 ਕਰੋੜ ਰੁਪਏ ਖਰਚ ਕੀਤੇ ਗਏ।

**ਪੰਜਵੀਂ ਪੰਜ ਸਾਲਾ ਯੋਜਨਾ (1974–79)**

ਪੰਜ ਸਾਲਾ ਯੋਜਨਾ ਦੌਰਾਨ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਕਲਿਆਣ ਵਾਸਤੇ 225 ਕਰੋੜ ਖਰਚ ਕੀਤੇ ਜਾਣ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਸੀ। ਇਨ੍ਹਾਂ ਦੇ ਕਲਿਆਣ ਲਈ ਦੋ ਮੁੱਖ ਉਦੇਸ਼ ਨਿਰਧਾਰਿਤ ਕੀਤੇ ਗਏ ਸਨ :

1. ਅਨੁਸੂਚਿਤ ਅਤੇ ਪਛੜੀਆਂ ਸ਼੍ਰੇਣੀਆਂ ਦੇ ਜੀਵਨ ਪੱਧਰ ਨੂੰ ਉਚੇਰਾ ਕਰਨਾ।
2. ਪਛੜੀਆਂ ਸ਼੍ਰੇਣੀਆਂ ਅਤੇ ਆਮ ਜਨਤਾ ਵਿਚਕਾਰ ਮੌਜੂਦ ਫਰਕ ਨੂੰ ਘੱਟ ਕਰਨਾ।

ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਦੇਸ਼ ਵਿਚ ਵਿਕਾਸ ਕੇਂਦਰ ਦੀਆਂ ਕਰਾਵਾਈਆਂ ਨੂੰ ਤੇਜ਼ ਕੀਤਾ ਗਿਆ। ਆਵਾਜਾਈ ਦੀਆਂ ਸਹੂਲਤਾਂ ਵਿਚ ਵਾਧਾ, ਸਕੂਲਾਂ, ਦਿਹਾਤੀ ਸਿਹਤ ਕੇਂਦਰਾਂ ਅਤੇ ਬਿਜਲੀ ਦੀ ਸਪਲਾਈ ਲਈ ਯਤਨ ਕੀਤੇ ਗਏ। ਕਾਨੂੰਨੀ ਅਤੇ ਸੰਸਥਾਪਤ ਢਾਂਚੇ ਨੂੰ ਮਜ਼ਬੂਤ ਕੀਤਾ ਗਿਆ। ਇਹਨਾਂ ਸ਼੍ਰੇਣੀਆਂ ਦੇ ਬੱਚਿਆਂ ਨੂੰ ਸਹੂਲਤਾਂ ਦਿੱਤੀਆਂ ਗਈਆਂ। ਇਹਨਾਂ ਸ਼੍ਰੇਣੀਆਂ ਦੇ ਲੋਕਾਂ ਨੂੰ ਖੇਤੀਬਾੜੀ ਲਈ ਜ਼ਮੀਨ, ਰਿਹਾਇਸ਼ੀ ਲਈ ਪਲਾਟ ਮੁਫਤ ਦਿੱਤੇ ਗਏ। ਮਕਾਨਾਂ ਦੀ ਉਸਾਰੀ ਲਈ ਕਰਜ਼ੇ ਅਤੇ ਗ੍ਰਾਂਟਾਂ ਵੀ ਦਿੱਤੀਆਂ ਗਈਆਂ। ਕਈ ਥਾਵਾਂ ਤੇ ਸਰਕਾਰ ਨੇ ਮਕਾਨ ਬਣਾ ਕੇ ਇਹਨਾਂ ਨੂੰ ਆਸਾਨ ਕਿਸ਼ਤਾਂ ਉੱਤੇ ਦਿੱਤੇ। ਇਹਨਾਂ ਨੂੰ ਵਗਾਰ ਅਤੇ ਸ਼ਾਹੂਕਾਰ ਦੇ ਚੁੰਗਲ ਤੋਂ ਛੁਟਕਾਰਾ ਦਿੱਤਾ ਗਿਆ। ਇੰਜ ਸਰਕਾਰਾਂ ਰਾਹੀਂ ਇਨ੍ਹਾਂ ਸ਼੍ਰੇਣੀਆਂ ਦਾ ਜੀਵਨ ਪੱਧਰ ਚੰਗੇਰਾ ਬਣਾਉਣ ਅਤੇ ਇਹਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਪੂਰੇ ਯਤਨ ਕੀਤੇ ਗਏ।

**ਛੇਵੀਂ ਪੰਜ ਸਾਲਾ ਯੋਜਨਾ (1980–85)**

ਜੋ ਜਨਤਾ ਸਰਕਾਰ ਦੁਆਰਾ ਆਰੰਭ ਕੀਤੀ ਗਈ ਸੀ, ਨੂੰ ਕਾਂਗਰਸ (ਇੰ:) ਸਰਕਾਰ ਨੇ ਰੱਦ ਕਰ ਦਿੱਤਾ ਅਤੇ ਆਪਣੀ ਬਣਾਈ ਯੋਜਨਾ ਵਿਚ ਅਨੁਸੂਚਿਤ ਕਬੀਲਿਆਂ ਦੇ ਜੀਵਨ ਪੱਧਰ ਨੂੰ ਉਚਾ ਕਰਨ ਲਈ 240 ਕਰੋੜ ਰੁਪਏ ਖਰਚ ਕੀਤੇ। ਕੇਂਦਰ ਨੇ ਅਨੁਸੂਚਿਤ ਜਾਤੀਆਂ ਲਈ 550 ਕਰੋੜ ਰੁਪਏ ਅਤੇ ਅਨੁਸੂਚਿਤ ਕਬੀਲਿਆਂ ਲਈ 470 ਕਰੋੜ ਰੁਪਏ ਵਿਸ਼ੇਸ਼ ਸਹਾਇਤਾ ਵਜੋਂ ਦਿੱਤੇ।

**ਸੱਤਵੀ ਪੰਜ ਸਾਲਾ ਯੋਜਨਾ (1985–90)** ਦੇ ਦੌਰਾਨ ਵੀ ਸਰਕਾਰ ਨੇ ਇਹਨਾਂ ਦੇ ਪਛੜੇ ਜੀਵਨ ਨੂੰ ਉੱਚਾ ਉਠਾਉਣ ਲਈ ਕਈ ਸ਼ਲਾਘਾਯੋਗ ਕੰਮ ਕੀਤੇ। ਅੱਠਵੀਂ ਪੰਜ ਸਾਲਾ ਯੋਜਨਾ (1990–95) ਵਿਚ ਵੀ ਸਰਕਾਰ ਦੁਆਰਾ ਧਿਆਨ ਪੂਰਵਕ ਵਿਚਾਰ ਕੀਤਾ ਗਿਆ। ਪਾਠ ਦੇ ਅੰਤ ਵਿੱਚ ਵਿਸਤਾਰ ਵਿੱਚ ਦੱਸਿਆ ਗਿਆ ਹੈ।

## ਸਪੈਸ਼ਲ ਕੇਂਦਰੀ ਸਹਾਇਤਾ

ਇਹਨਾਂ ਵਰਗਾਂ ਦੀ ਆਰਥਿਕ-ਸਮਾਜਿਕ ਵਿਕਾਸ ਲਈ ਕੇਂਦਰ ਦੁਆਰਾ ਸਪੋਂਸ਼ਰਡ ਸਕੀਮ (Centrally Sponsored Scheme) ਇਨ੍ਹਾਂ ਦੀ ਗਰੀਬੀ ਉਨਮੂਲਨ ਸੰਬੰਧੀ ਇਕ ਮਹੱਤਵਪੂਰਨ ਕਾਰਜਕ੍ਰਮ ਹੈ। 1994-95 ਦੌਰਾਨ ਇਸ ਤਹਿਤ 273-85 ਰੂਪਏ ਦਿਤੇ ਗਏ ਸਨ ਅਤੇ 1995-96 ਦੌਰਾਨ 275 ਰੁਪਏ ਦਿੱਤੇ ਗਏ।

## ਆਈ.ਏ.ਐਸ. ਅਤੇ ਅਲਾਈਡ ਸੇਵਾਵਾਂ

ਸੰਬੰਧੀ ਕੋਚਿੰਗ ਮੁਫਤ ਪ੍ਰਦਾਨ ਕਰਨ ਦੇ ਵੀ ਪ੍ਰਬੰਧ ਕੀਤੇ ਗਏ ਹਨ। ਇਹ ਕਾਰਜਕ੍ਰਮ ਰਾਜ ਸਰਕਾਰਾਂ ਦੁਆਰਾ ਚਲਾਏ ਜਾਂਦੇ ਹਨ ਅਤੇ ਖਰਚਾ ਰਾਜ ਅਤੇ ਕੇਂਦਰ ਸਰਕਾਰਾਂ ਵਿਚ ਸਰਕਾਰ 50 : 50 ਦੇ ਆਧਾਰ ਤੇ ਹੁੰਦਾ ਹੈ। 1984-85 ਦੌਰਾਨ ਲਗਭਗ ਦੋ ਕਰੋੜ ਰੁਪਇਆ ਅਤੇ 1995-96 ਦੌਰਾਨ ਲਗਭਗ ਤਿੰਨ ਕਰੋੜ ਖਰਚ ਕੀਤਾ ਗਿਆ। 1997-98 ਦੌਰਾਨ 320.60 ਕਰੋੜ ਰੁਪਏ ਦੀ ਸਹਾਇਤਾ ਦੁਆਰਾ ਲਗਭਗ 30 ਲੱਖ ਅਨੁਸੂਚਿਤ ਜਾਤਾਂ ਦੇ ਲੋਕਾਂ ਨੂੰ ਫਾਇਦਾ ਹੋਇਆ। ਸਾਲ 2001-02 ਵਿਚ ਦੋ ਕਰੋੜ ਰੁਪਏ ਦਿੱਤੇ ਗਏ।

## ਨੈਸ਼ਨਲ ਜਾਤਾਂ ਅਤੇ ਅਨੁਸੂਚਿਤ ਕਬੀਲਾ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ

ਇਸ ਦਾ ਮੁੱਖ ਉਦੇਸ਼ ਇਹਨਾਂ ਵਰਗਾਂ ਦੇ ਆਰਥਿਕ ਵਿਕਾਸ ਵਿਚ ਤੇਜ਼ੀ ਲਿਆਉਣਾ ਅਤੇ ਰਾਜ ਪੱਧਰ ਤੇ ਸਥਾਪਿਤ ਵਿਕਾਸ ਕਾਰਪੋਰੇਸ਼ਨ ਅਤੇ ਹੋਰ ਏਜੰਸੀਆਂ ਦੇ ਕਾਰਜਕ੍ਰਮਾਂ ਨੂੰ ਬੇਹਤਰ ਬਣਾਉਣਾ ਹੈ, ਰੋਜ਼ਗਾਰ ਦੇ ਅਵਸਰ ਪੈਦਾ ਕਰਨੇ ਆਦਿ। 31 ਮਾਰਚ, 1995 ਤੱਕ ਕਾਰਪੋਰੇਸ਼ਨ ਨੇ 761 ਸਕੀਮਾਂ ਨੂੰ ਮਾਨਤਾ ਦਿੱਤੀ ਜਿਸ ਉਪਰ 569.11 ਕਰੋੜ ਰੁਪਏ ਖਰਚਾ ਆਇਆ ਤੇ ਲਗਭਗ 1,85,027 ਐਸ./ਐਸ. ਟੀ ਉਦਮੀਆਂ ਨੂੰ ਲਾਭ ਪਹੁੰਚਿਆ। 1997-98 ਦੌਰਾਨ 96 ਕਰੋੜ ਰੁਪਏ ਦੁਆਰਾ 30,000 ਐਸ. ਸੀ/ਐਸ. ਟੀ ਨੂੰ ਸਹਾਇਤਾ ਦੇਣੀ ਮਿਥੀ ਗਏ। ਅਪ੍ਰੈਲ 2001 ਵਿਚ ਇਸ ਕਾਰਪੋਰੇਸ਼ਨ ਨੂੰ ਭਾਰਤ ਸਰਕਾਰ ਨੇ ਦੋ ਹਿਸਿਆਂ ਵਿਚ ਵੰਡ ਦਿਤਾ : ਹੁਣ ਇਹ ਨੈਸ਼ਨਲ ਅਨੁਸੂਚਿਤ ਜਾਤਾਂ ਵਿਤ ਅਤੇ ਵਿਕਾਸ ਕਾਰਪੋਰੇਸ਼ਨ ਅਤੇ ਨੈਸ਼ਨਲ ਅਨੁਸੂਚਿਤ ਕਬੀਲਿਆਂ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਕਾਰਪੋਰੇਸ਼ਨ ਤਹਿਤ 2002-03 ਸਾਲ ਵਿਚ ਆਦਿਵਾਸੀ ਮਹਿਲਾ ਸਸ਼ਕਤੀਕਰਣ ਯੋਜਨਾ ਚਲਾਈ ਗਈ ਤਾਂ ਜੋ ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਦੀਆਂ ਔਰਤਾਂ ਨੂੰ ਛੋਟੇ ਕੰਮ ਧੰਦਿਆਂ ਵਿਚ ਲਗਾ ਕੇ ਉਹਨਾਂ ਦੀ ਆਮਦਨ ਵਧਾਈ ਜਾਵੇ ਅਤੇ ਉਹਨਾਂ ਦੇ ਪਰਿਵਾਰਾਂ ਦਾ ਬੇਹਤਰ ਗੁਜ਼ਾਰਾ ਹੋ ਸਕੇ।

## ਮੁੰਡਿਆਂ ਅਤੇ ਕੁੜੀਆਂ (ਐਸ.ਸੀ.) ਲਈ ਹੋਸਟਲ

ਕੇਂਦਰੀ ਸਪੋਨਸਰਡ ਸਕੀਮ ਤਹਿਤ ਐਸ. ਸੀ. ਕੁੜੀਆਂ, ਮੁੰਡਿਆਂ ਨੂੰ ਉੱਚ ਪੱਧਰ ਦੀ ਸਿੱਖਿਆ ਗ੍ਰਹਿਣ ਕਰਨ ਲਈ ਸੁਵਿਧਾਵਾਂ ਪ੍ਰਦਾਨ ਦਾ ਇਕ ਯਤਨ ਕੀਤਾ ਗਿਆ ਹੈ। ਇਸ ਸਮੇਂ 2000 ਤੋਂ ਵੀ ਵੱਧ ਹੋਸਟਲ ਬਣਾਏ ਗਏ ਜਿਨ੍ਹਾਂ ਤੋਂ ਲਗਭਗ ਇਕ ਲੱਖ ਅਜਿਹੀਆਂ ਕੁੜੀਆਂ ਨੂੰ ਲਾਭ ਪਹੁੰਚਿਆ ਹੈ। 1994-95 ਦੌਰਾਨ 620 ਕਰੋੜ ਰੁਪਏ 73 ਹੋਸਟਲ ਬਣਾਉਣ ਦੀ ਸਕੀਮ 1989-90 ਵਿਚ ਸ਼ੁਰੂ ਕੀਤੀ ਗਈ। 1994-95 ਵਿਚ ਅਤੇ 1995-96 ਵਿਚ 10 ਕਰੋੜ ਰੁਪਏ ਦਿੱਤੇ ਗਏ। 2001-'02 ਵਿਚ 16.07 ਕਰੋੜ ਰੁਪਏ 43 ਹੋਸਟਲ ਮੁੰਡਿਆਂ ਲਈ ਅਤੇ 68 ਹੋਸਟਲ ਕੁੜੀਆਂ ਲਈ ਬਣਾਉਣ ਲਈ ਦਿੱਤੇ ਗਏ।

ਬੁੱਕ ਬੈਂਕ ਸਕੀਮ : ਮੈਡੀਕਲ, ਇੰਜਨੀਅਰਿੰਗ, ਖੇਤੀਬਾੜੀ, ਪੋਲੀਟੈਕਨੀਕਲ ਆਦਿ ਕੋਰਸਾਂ ਦੇ ਚਾਹਵਾਨ ਐਸ.ਸੀ/ਐਸ.ਟੀ. ਵਿਦਿਆਰਥੀਆਂ ਲਈ 1991-92 ਤੋਂ ਸੰਬੰਧਿਤ ਪੁਸਤਕਾਂ ਮੁਫਤ ਦਿੱਤੇ ਜਾਣ ਦੀ ਸਕੀਮ ਚਲਾਈ ਗਈ। ਇਸ ਸਕੀਮ ਤਹਿਤ ਦੋ-ਦੋ ਵਿਦਿਆਰਥੀਆਂ ਨੂੰ ਇਕ ਸੈਟ ਮੁਫਤ ਦਿੱਤਾ ਜਾਂਦਾ ਹੈ। 1994-95 ਦੇ ਦੌਰਾਨ 350 ਕਰੋੜ ਇਸ ਸਕੀਮ ਤਹਿਤ ਖਰਚ ਕੀਤੇ ਗਏ ਅਤੇ 1995-96 ਵਿਚ 3.60 ਕਰੋੜ ਰੁਪਏ। 2009-10 ਦੌਰਾਨ 100 ਕਰੋੜ ਰੁਪਏ ਦਿੱਤੇ ਗਏ।

## ਪ੍ਰੀ-ਮੈਟ੍ਰਿਕ ਸਕਾਲਰਸ਼ਿਪ

ਬਹੁਤ ਨਿਮਨ ਕਾਰਜਾਂ ਉਪਰ ਲਗੇ ਐਸ. ਸੀ./ਐਸ. ਟੀ. ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਸਕਾਲਰਸ਼ਿਪ ਦੇਣ ਦੀ ਸੁਵਿਧਾ ਕੀਤੀ ਗਈ। ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ 25 ਕਰੋੜ ਰੁਪਏ ਪ੍ਰਤਿ ਮਹੀਨਾ, ਛੇਵੀਂ ਤੋਂ ਸੱਤਵੀਂ ਜਮਾਤ ਵਾਸਤੇ 40 ਰੁਪਏ ਪ੍ਰਤਿ ਮਹੀਨਾ ਅਤੇ ਨੌਵੀ ਦਸਵੀਂ ਦੇ ਵਿਦਿਆਰਥੀਆਂ ਲਈ 50 ਰੁਪਏ ਪ੍ਰਤੀ ਮਹੀਨਾ ਦੇਣ ਸੰਬੰਧੀ ਸਕੀਮ 1991 ਵਿਚ ਚਾਲੂ ਕੀਤੀ ਗਈ। ਨੌਵੀਂ

ਦਸਵੀਂ ਸੰਬੰਧੀ ਸਕਾਲਰਸ਼ਿਪ ਇਕ ਪਰਿਵਾਰ ਦੇ ਕੇਵਲ ਦੋਂ ਬੱਚਿਆਂ ਨੂੰ ਹੀ ਦਿੱਤਾ ਜਾਂਦਾ ਹੈ ਜਦੋਂ ਕਿ ਛੋਟੀਆਂ ਜਮਾਤਾਂ ਵਿਚ ਇਕ ਪਰਿਵਾਰ ਦੇ ਜਿਨ੍ਹੇ ਮਰਜ਼ੀ ਬੱਚੇ ਪੜ੍ਹਨ, ਸਕਾਲਰਸ਼ਿਪ ਦੀ ਸੁਵਿਧਾ ਲੈ ਸਕਦੇ ਹਨ। 1994–95 ਵਿਚ 625 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਪ੍ਰਾਪਤ ਹੋਈ ਅਤੇ 1995–96 ਵਿਚ 7.50 ਕਰੋੜ ਰੁਪਏ। ਕੇਂਦਰ ਨੇ 2009–10 ਵਿੱਚ 750 ਕਰੋੜ ਰੁਪਏ ਵਿੱਤੀ ਸਹਾਇਤੀ ਦਿੱਤੀ ਗਈ।

## ਰਾਜ ਅਨੁਸੂਚਿਤ ਜਾਤਾਂ ਵਿਕਾਸ ਨਿਗਮ

ਐਸ.ਸੀ./ਐਸ.ਟੀ ਲੋਕਾਂ ਨੂੰ ਗਰੀਬੀ ਰੇਖਾ ਤੋਂ ਉਪਰ ਉਠਾਉਣਾ ਇਸ ਦਾ ਮੁੱਖ ਉਦੇਸ਼ ਹੈ। 1994–95 ਦੌਰਾਨ 22 ਕਰੋੜ ਰੁਪਏ ਨਿਗਮ ਨੂੰ ਦਿੱਤੇ ਗਏ ਜਿਸ ਤੋਂ 5.40 ਲੱਖ ਐਸ./ਐਸ. ਟੀ. ਨੇ ਲਾਭ ਉਠਾਇਆ। ਇਸ ਨਿਗਮ ਤਹਿਤ ਕੋਈ ਵੀ ਸਕੀਮ ਲਈ 49% ਕੇਂਦਰੀ ਸਰਕਾਰ ਅਤੇ 51% ਰਾਜ ਸਰਕਾਰ ਵਲੋਂ ਧਨ ਰਾਸ਼ੀ ਦਿਤੀ ਜਾਂਦੀ ਹੈ। ਸਾਲ 2009–10 ਦੌਰਾਨ ਭਾਰਤ ਸਰਕਾਰ ਨੇ 20 ਕਰੋੜ ਰੁਪਏ ਦਿਤੇ।

## ਐਸ. ਸੀ. ਦੇ ਵਿਕਾਸ ਸੰਬੰਧੀ ਖੋਜ ਅਤੇ ਸਿਖਲਾਈ

ਕੇਂਦਰੀ ਕਲਿਆਣ ਮੰਤਰਾਲਾ ਦੁਆਰਾ ਇਸ ਬੋਰਡ ਦੁਆਰਾ ਸਪੋਨਸਰਡ ਸਕੀਮ ਤਹਿਤ ਵਿਸ਼ਵ–ਵਿਦਿਆਲਿਆਂ ਅਤੇ ਖੋਜ ਸੰਗਠਨਾਂ ਨੂੰ ਅਨੁਸੂਚਿਤ ਜਾਤਾਂ ਦੇ ਸੰਬੰਧ ਵਿਚ ਸਮੱਸਿਆਵਾਂ ਸੰਬੰਧੀ ਅਧਿਐਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। 1994–95 ਵਿਚ 30 ਲੱਖ ਰੁਪਏ ਸਕੀਮ ਤਹਿਤ ਦਿੱਤੇ ਗਏ।

## ਬਾਬਾ ਸਾਹਿਬ ਡਾ. ਅੰਬੇਦਕਰ ਫਾਊਂਡੇਸ਼ਨ

ਇਹ ਫਾਊਂਡੇਸ਼ਨ 24 ਮਾਰਚ 1992 ਨੂੰ ਰਜਿਸਟਰਡ ਸੋਸਾਇਟੀ ਵਜੋਂ ਸਥਾਤਿ ਕੀਤੀ ਗਈ ਤਾਂ ਜੋ ਚਾਰ ਸਕੀਮਾਂ ਨੂੰ ਲਾਗੂ ਕੀਤਾ ਜਾ ਸਕੇ। ਇਹ ਚਾਰ ਸਕੀਮਾਂ ਨਿਮਨ ਲਿਖਤ ਹਨ : 1. ਡਾ. ਅੰਬੇਦਕਰ ਨੈਸ਼ਨਲ ਪਬਲਿਕ ਲਾਇਬਰੇਰੀ। 2. ਡਾ. ਅੰਬੇਦਕਰ ਨੈਸ਼ਨਲ ਅਵਾਰਡ 3. ਅੰਬੇਦਕਰ ਉਵਰਸੀਜ਼ ਫੈਲੋਸ਼ਿਪ। 4. ਵਿਸ਼ਵ–ਵਿਦਿਆਲਿਆ ਵਿਚ ਡਾ: ਅੰਬੇਦਕਰ ਚੇਅਰਜ਼ ਦੀ ਸਥਾਪਨਾ।

ਇਸ ਫਾਊਂਡੇਸ਼ਨ ਦਾ ਵਿਸ਼ੇ ਖੇਤਰ ਇਤਨਾ ਵਿਸ਼ਾਲ ਕਰ ਦਿੱਤਾ ਗਿਆ ਹੈ ਤਾਂ ਜੋ ਡਾ. ਅੰਬੇਦਕਰ ਦੀ ਜਿੰਦਗੀ ਅਤੇ ਮਕਸਦ ਸੰਬੰਧੀ ਹੋਰ ਕ੍ਰਿਆਵਾਂ ਵੀ ਇਸ ਵਿਚ ਸ਼ਾਮਿਲ ਕੀਤੀਆਂ ਜਾ ਸਕਣ ਜਿਵੇਂ ਕਿਤਾਬਾਂ ਛਾਪਣਾ, ਖੋਜ ਕਰਵਾਉਣਾ, ਇਨਾਮ ਵੰਡਣੇ ਆਦਿ।

## ਅਨੁਸੂਚਿਤ ਕਬੀਲਿਆਂ ਦਾ ਵਿਕਾਸ

1991 ਜਨਗਣਨਾ ਮੁਤਾਬਿਕ ਅਨੁਸੂਚਿਤ ਕਬੀਲਿਆਂ ਦੀ ਸਖਅਰਤਾ ਦਰ 29.60 ਪ੍ਰਤੀਸ਼ਤ ਸੀ। ਭਾਰਤੀ ਪੰਜ ਵਰਸ਼ੀ ਯੋਜਨਾ (ਪੰਜਵੀ) ਵਿਚ ਇਹਨਾਂ ਸੰਬੰਧੀ ਦੋ ਮੁੱਖ ਮੁੱਦੇ ਰੱਖੇ ਗਏ ਸਨ। ਇਕ ਕਾਨੂੰਨੀ ਅਤੇ ਪ੍ਰਸ਼ਾਸਨਿਕ ਮਦਦ ਰਾਹੀਂ ਕਬੀਲਿਆਂ ਦੇ ਹਿੱਤਾਂ ਦੀ ਸੁਰੱਖਿਆ। ਦੂਜਾ, ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਉਠਾਉਣ ਲਈ ਯੋਜਨਾਬੰਦੀ ਵਿਕਾਸਵਾਦੀ ਉਪਰਾਲਿਆਂ ਵਿਚ ਵਾਧਾ। 1994–95 ਚ 75 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਸੀ ਜੋ ਲਗਭਗ ਸਾਰਾ ਹੀ ਦੇ ਦਿੱਤਾ ਗਿਆ ਸੀ। ਇਸ ਸਮੇਂ 194 ਇੰਟੇਗਰੇਟਿਡ ਟਰਾਈਬਲ ਵਿਕਾਸ ਪ੍ਰੋਜੈਕਟ ਚਲਾਏ ਜਾ ਰਹੇ ਹਨ।

## ਐਸ.ਸੀ. ਕੁੜੀਆਂ ਅਤੇ ਮੁੰਡਿਆਂ ਲਈ ਹੋਸਟਲ

2009–10 ਵਿੱਚ 100 ਕਰੋੜ ਰੁਪਏ ਖਰਚ ਕੀਤੇ ਗਏ ਜਿਸ ਦੁਆਰਾ ਕੁੜੀਆਂ ਲਈ 187 ਅਤੇ ਮੁੰਡਿਆਂ ਲਈ 114 ਹੋਸਟਲ ਬਣਾਏ ਗਏ। 18 ਆਸ਼ਰਮ ਸਕੂਲ ਲਗਭਗ 2.50 ਕਰੋੜ ਰੁਪਏ ਦੀ ਲਾਗਤ, ਜੋ ਕੇਂਦਰ 50 : 50 ਦੇ ਆਧਾਰ ਤੇ ਦਿੱਤੀ ਗਈ ਨਾਲ ਬਣਾਏ ਗਏ।

## ਵੋਕੇਸ਼ਨਲ ਟਰੇਨਿੰਗ ਸੈਂਟਰ ਸਕੀਮ

ਇਸ ਤਹਿਤ 2009–10 ਦੌਰਾਨ 8.00 ਕਰੋੜ ਕਰੋੜ ਰੁਪਏ ਖਰਚ ਕੀਤੇ ਗਏ ਅਤੇ 19 ਅਜਿਹੇ ਸੈਂਟਰ ਸਥਾਪਿਤ ਕੀਤੇ ਗਏ। ਇਸ ਦਾ ਮੁੱਖ ਉਦੇਸ਼ ਕਬੀਲੇ ਦੇ ਨੌਜਵਾਨਾਂ ਨੂੰ ਬੁਰੇ ਕੰਮਾਂ ਜਿਵੇਂ ਮਾਰਧਾੜ, ਚੋਰੀਆਂ ਅਤੇ ਲੁੱਟ-ਖਸੁੱਟ ਤੋਂ ਦੂਰ ਰੱਖਣਾ ਅਤੇ ਚੰਗੇ ਕਾਰਜਾਂ ਵੱਲ ਪ੍ਰੇਰਿਤ ਕਰਨਾ ਹੈ ਇਹਨਾਂ ਕੋਰਸਾਂ ਰਾਹੀਂ ਉਹਨਾਂ ਲਈ ਰੁਜ਼ਗਾਰ ਦੇ ਅਵਸਰ ਵਧਣਗੇ ਅਤੇ ਉਹਨਾਂ ਦੀ ਉੱਨਤੀ ਵੀ ਹੋਵੇਗੀ। 2001–02 ਵਿਚ 32 ਅਜਿਹੇ ਸੈਂਟਰ ਖੋਲਣ ਲਈ 3 ਕਰੋੜ ਰੁਪਏ ਦਿਤੇ ਗਏ।

## ਕਬੀਲਾਈ ਖੋਜ ਕੇਂਦਰ

ਇਹਨਾਂ ਕੇਂਦਰਾਂ ਨੂੰ ਸਥਾਪਿਤ ਕਰਨ ਦਾ ਮੁੱਖ ਉਦੇਸ਼ ਕਬੀਲਿਆਂ ਦੀਆਂ ਸਮੱਸਿਆਵਾਂ ਸੰਬੰਧੀ ਉਚਿਤ ਯੋਜਨਾ ਬੰਦੀ ਕਰਨਾ ਹੈ ਜੋ ਤਦ ਹੀ ਸੰਭਵ ਹੈ ਜੇਕਰ ਵੱਖ ਵੱਖ ਸਮੱਸਿਆਂ ਦੇ ਉਪਰ ਖੋਜ ਕੀਤੀ ਜਾਵੇ, ਆਂਕੜੇ ਇਕੱਠੇ ਕੀਤੇ ਜਾਣ, ਸਿੱਖਿਆ ਸਿਖਲਾਈ ਸੈਮੀਨਾਰ, ਵਰਕਸ਼ਾਪ ਆਦਿ ਆਯੋਜਿਤ ਕੀਤੇ ਜਾਣ। 1994-95 ਵਿਚ 1.30 ਰੁਪਏ ਇਸ ਵਾਸਤੇ ਖਰਚ ਕੀਤੇ ਗਏ।

## ਕਬੀਲਾਈ ਕੋਆਪਰੇਟਿਵ ਮਾਰਕਟਿੰਗ ਵਿਕਾਸ ਫੈਡਰੇਸ਼ਨ

**(Tribal Cooperative Marketing Development Fedration)**

ਇਸ ਨੂੰ ਅਗਸਤ 1987 ਵਿਚ ਸਥਾਪਿਤ ਕੀਤਾ ਗਿਆ ਤਾਂ ਜੋ ਕਬੀਲੇ ਦੇ ਲੋਕਾਂ ਦੀ ਜੰਗਲ ਅਤੇ ਖੇਤੀਬਾੜੀ ਤੋਂ ਆਉਣ ਵਾਲੀ ਉਪਜ ਨੂੰ ਨਿਜੀ ਵਪਾਰੀ ਸਸਤੇ ਦਰਾਂ ਤੇ ਲੁੱਟ ਨਾ ਲੈ ਜਾਣ। ਨਿੱਜੀ ਵਾਪਰੀਆਂ ਤੋਂ ਇਹਨਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਸਰਕਾਰ ਇਸ ਉਪਜ ਨੂੰ ਬਜ਼ਾਰ ਦੇ ਰੇਟ ਤੋਂ ਕੁਝ ਵੱਧ ਰੁਪਏ ਤੋਂ ਖਰੀਦ ਲੈਂਦੀ ਹੈ।

## ਪਛੜੀਆਂ ਜਾਤਾਂ ਦੇ ਕਲਿਆਣ ਸੰਬੰਧੀ

1993 ਵਿਚ 'ਕਰੀਮੀ ਲੇਅਰ' (Creamy layer) ਨੂੰ ਛੱਡ ਕੇ ਸਿੱਧੀ ਭਰਤੀ ਵਿਚ 27 ਪ੍ਰਤੀਸ਼ਤ ਸਿਵਲ ਪੋਸਟਾਂ ਅਤੇ ਸੇਵਾਵਾਂ ਇਹਨਾਂ ਲਈ ਰਾਖਵੀਆਂ ਹਨ। 'ਕਰੀਮੀ ਲੇਅਰ' ਤੋਂ ਭਾਵ ਇਸ ਜਾਤੀ ਦੇ ਉਹਨਾਂ ਲੋਕਾਂ ਨਾਲ ਹੈ ਜੋ ਕਿਸੇ ਉਚ ਅਹੁਦੇ ਤੇ ਲੱਗੇ ਹੋਣ ਜਿਵੇਂ ਭਾਰਤ ਦਾ ਰਾਸ਼ਟਰਪਤੀ, ਕਰੋਟ ਜਾਂ ਹਾਈਕੋਰਟ ਦੇ ਜੱਜ ਆਦਿ ਜਾਂ ਕਲਾਸ 1 ਜਾ 11 ਅਫਸਰ ਲਗੇ ਹੋਣ ਜਾਂ ਜਿਨ੍ਹਾਂ ਕੋਲ ਸਲਾਨਾ ਆਮਦਨ ਇਕ ਲੱਖ ਰੁਪਏ ਜਾਂ ਉਪਰ ਹੋਵੇ ਜਾਂ 85 ਪ੍ਰਤੀਸ਼ਤ ਦੀ ਦਰ ਤੋਂ ਜ਼ਿਆਦਾ ਭੂਮੀ ਹੋਵੇ, ਉਹਨਾਂ ਦੇ ਬੱਚਿਆਂ ਨੂੰ ਅਜਿਹੀ ਸੁਵਿਧਾ ਨਹੀਂ ਹੋਵੇਗੀ ਨੈਸ਼ਨਲ ਕਮਿਸ਼ਨ ਫਾਰ ਬੈਕਵਰਡ ਕਲਾਸ, 1993 ਐਕਟ ਤਹਿਤ ਸਥਾਪਿਤ ਕੀਤਾ ਗਿਆ।

## ਅਨੁਸੂਚਿਤ ਜਾਤਾਂ/ਕਬੀਲਿਆਂ ਸੰਬੰਧੀ ਕੇਂਦਰੀ ਆਯੋਗ

ਕੇਂਦਰੀ ਸਰਕਾਰ ਨੇ 1906, 1971, 1973 ਵਿਚ ਸੰਸਦੀ ਕਮੇਟੀਆਂ ਬਣਾਈਆਂ ਤਾਂ ਜੋ ਇਹਨਾਂ ਜਾਤਾਂ ਕਬੀਲਿਆਂ ਸੰਬੰਧੀ ਵਿਕਾਸ ਕਾਰਜਕ੍ਰਮਾਂ ਦਾ ਨਿਰੀਖਣ ਕੀਤਾ ਜਾ ਸਕੇ। ਸੰਵਿਧਾਨ ਦੀ 65ਵੀਂ ਸੋਧ, 1990 ਰਾਹੀਂ ਸਪੈਸ਼ਲ ਅਫਸਰ ਦਾ ਅਹੁਦਾ (ਧਾਰਾ 338) ਹਟਾ ਕੇ ਕੇਂਦਰੀ ਆਯੋਗ ਸਥਾਪਿਤ ਕੀਤਾ ਗਿਆ।

### ਬਣਤਰ

ਕਮਿਸ਼ਨ ਦਾ ਇਕ ਚੇਅਰਮੈਨ, ਉਪ-ਚੇਅਰਮੈਨ ਅਤੇ ਪੰਜ ਸਦੱਸਯ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ।

### ਸ਼ਕਤੀਆਂ

ਆਯੋਗ ਜਾਂ ਕਮਿਸ਼ਨ ਕੋਲ ਸਿਵਲ ਅਦਾਲਤ ਵਾਲੀਆਂ ਸ਼ਕਤੀਆਂ ਹਨ।

### ਕਾਰਜ

1. ਜੋ ਵੀ ਕਾਨੂੰਨ ਐਸ. ਸੀ./ਐਸ. ਟੀ. ਦੇ ਸੰਬੰਧ ਵਿਚ ਬਣਾਏ ਗਏ ਹਨ ਉਹਨਾਂ ਦਾ ਮੁਆਇਨਾ ਕਰਨਾ ਅਤੇ ਉਹਨਾਂ ਸੰਬੰਧੀ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਦਾ ਮੁਲਾਂਕਣ ਕਰਨਾ।
2. ਐਸ. ਸੀ./ਐਸ. ਟੀ ਸੰਬੰਧੀ ਅਧਿਕਾਰਾਂ ਦੀ ਉਲੰਘਣਾ ਆਦਿ ਦੇ ਮਾਮਲਿਆਂ ਦੀ ਸੁਣਵਾਈ ਕਰਨਾ।
3. ਐਸ. ਸੀ./ਐਸ. ਟੀ ਸੰਬੰਧੀ ਯੋਜਨਾਵਾਂ ਨੂੰ ਬਣਾਉਣ ਵਿਚ ਹਿੱਸਾ ਪਾਣਾ ਅਤੇ ਸਲਾਹ ਦੇਣਾ ਅਤੇ ਇਹਨਾਂ ਨੂੰ ਲਾਗੂ ਹੋਣ ਦੇ ਕਾਰਜ ਨੂੰ ਮੁਲਾਂਕਣਾ ।
4. ਭਾਰਤ ਦੇ ਰਾਸ਼ਟਰਪਤੀ ਨੂੰ ਸਾਰੇ ਕਾਰਜਾਂ ਸਮੇਤ ਆਪਣੇ ਸੁਝਾਵਾਂ ਦੇ ਸਲਾਨਾ ਰਿਪੋਰਟ ਭੇਜਣੀ।
5. ਕੋਈ ਵੀ ਅਜਿਹਾ ਕਾਰਜ, ਜੋ ਐਸ. ਸੀ/ ਐਸ. ਟੀ. ਦੀ ਭਲਾਈ ਜਾ ਵਿਕਾਸ ਨਾਲ ਸੰਬੰਧਤ ਹੋਵੇ, ਨੂੰ ਕਰਨਾ।
6. ਜਦੋਂ ਕੋਈ ਵੀ ਨੀਤੀ ਐਸ. ਸੀ./ ਐਸ. ਟੀ. ਦੇ ਸੰਬੰਧ ਵਿਚ ਬਣਾਈ ਜਾਵੇ ਤਾਂ ਕੇਂਦਰ ਜਾਂ ਰਾਜ

ਸਰਕਾਰ ਆਯੋਗ ਦੀ ਸਲਾਹ ਅਵੱਸ਼ ਲੈਂਦੀ ਹੈ।

**ਸਾਲਾਨਾ ਰਿਪੋਰਟ :**

ਆਯੋਗ ਆਪਣੀ ਕਾਰਵਾਈ ਦੀ ਸਾਲਾਨਾ ਰਿਪੋਰਟ ਰਾਸ਼ਟਰਪਤੀ ਨੂੰ ਭੇਜਦਾ ਹੈ। ਇਹ ਰਿਪੋਰਟ ਰਾਸ਼ਟਰਪਤੀ ਸੰਸਦ ਸਾਹਮਣੇ ਪੇਸ਼ ਕਰਵਾਉਂਦਾ ਹੈ। ਇਸ ਰਿਪੋਰਟ ਵਿਚ ਆਯੋਗ ਦੀਆਂ ਕਾਰਵਾਈਆਂ, ਸੁਝਾਉ ਅਤੇ ਜਿਹੜੇ ਸੁਝਾਉ ਸਰਕਾਰ ਦੁਆਰਾ ਨਹੀਂ ਮੰਨੇ ਗਏ, ਉਹਨਾਂ ਨੂੰ ਨਾ ਮੰਨਣ ਦੀ ਵਜਹ ਵੀ ਵਿਸਤਾਰ ਵਿਚ ਅਤੇ ਸਪਸ਼ਟ ਤੌਰ ਤੇ ਦਸੀ ਜਾਂਦੀ ਹੈ।

**ਇਸੇ ਤਰ੍ਹਾਂ ਰਾਸ਼ਟਰੀ ਜਾਤਾਂ ਵਿੱਤ ਅਤੇ ਵਿਕਾਸ ਨਿਗਮ**

ਸਥਾਪਿਤ ਕੀਤਾ ਗਿਆ ਤਾਂ ਜੋ ਸਮਾਜਿਕ ਅਤੇ ਸਿੱਖਿਆ ਖੇਤਰ ਵਿਚ ਪਛੜੀਆਂ ਹੋਈਆਂ ਜਾਤਾਂ ਦੇ ਵਿਕਾਸ ਲਈ ਵੱਖ-ਵੱਖ ਕਿਸਮਾਂ ਲਾਗੂ ਕਰਨ ਲਈ ਅਤੀਰਿਕਤ ਵਿਤੀ ਸਹਾਇਤਾ ਪ੍ਰਦਾਨ ਕੀਤਾ ਜਾ ਸਕੇ ਅਤੇ ਨਾਲ ਹੀ ਉਹਨਾਂ ਦੇ ਤਕਨੀਕੀ ਅਤੇ ਉੱਦਮ ਸੰਬੰਧੀ ਕਾਰਜਕੁਸ਼ਲਤਾ ਦਾ ਵਿਕਾਸ ਕੀਤਾ ਜਾ ਸਕੇ। ਨਿਗਮ ਨੂੰ ਉਪਰੋਕਤ ਟੀਚੇ ਸਿਰੇ ਚੜ੍ਹਾਉਣ ਲਈ 1994-95 ਵਿਚ 35.9 ਕਰੋੜ ਰੁਪਏ ਦਿੱਤੇ ਗਏ।

ਗੈਰ ਕਾਨੂੰਨੀ ਸੰਗਠਨ ਜੇਕਰ ਕੋਈ ਪ੍ਰੋਗਰਾਮ ਜਾਂ ਪ੍ਰਾਜੈਕਟ ਐਸ. ਸੀ./ਐਸ. ਟੀ. ਦੇ ਵਿਕਾਸ ਲਈ ਚਲਾਉਂਦੇ ਹਨ ਜਿਵੇਂ ਸਿੱਖਿਆ ਦਾ ਪ੍ਰਸਾਰ, ਸਿਹਤ, ਪ੍ਰਸੂਤੀ ਸਹਾਇਤਾ ਕੇਂਦਰ ਆਦਿ ਤਾਂ ਉਹਨਾਂ ਨੂੰ 90 ਪ੍ਰਤੀਸ਼ਤ ਵਿੱਤੀ ਸਹਾਇਤਾ ਕੇਂਦਰ ਵਲੋਂ ਪ੍ਰਦਾਨ ਕੀਤੀ ਜਾਏਗੀ। ਕੇਂਦਰ ਕਲਿਆਣ ਮੰਤਰਾਲੇ ਦੁਆਰਾ 1996-97 ਦੌਰਾਨ ਐਸ. ਸੀ./ਐਸ. ਟੀ. ਬੀ. ਸੀ. ਆਦਿ ਦੇ ਕਲਿਆਣ ਲਈ 105.99 ਕਰੋੜ ਦੀ ਯੋਜਨਾ ਤਿਆਰ ਕੀਤੀ ਅਤੇ 1997-98 ਦੌਰਾਨ ਲਗਭਗ 268-99 ਕਰੋੜ ਰੁਪਏ ਇਸ ਬਾਬਤ ਖਰਚ ਕੀਤੇ ਜਾਣੇ ਤਜਵੀਜ਼ ਕੀਤੇ।

ਇਸ ਤਰ੍ਹਾਂ ਪੰਜਾਬ ਸਰਕਾਰ ਦੁਆਰਾ ਕੀਤੇ ਗਏ ਪ੍ਰਬੰਧ ਦਾ ਵੇਰਵਾ ਹੇਠ ਅਨੁਸਾਰ ਹੈ –

**ਅੱਠਵੀਂ ਯੋਜਨਾ** ਵਿਚ ਸਾਂਝੇ ਤੌਰ ਤੇ 18452.18 ਕਰੋੜ ਜੋ ਕੁਲ ਖਰਚੇ ਦਾ 2.96 ਪ੍ਰਤੀਸ਼ਤ ਹੈ, ਤਜਵੀਜ਼ ਕੀਤਾ ਗਿਆ ਅਤੇ ਇਸ ਨੂੰ ਸਾਲਾਨਾ ਯੋਜਨਾ ਵਿਚ ਤਬਦੀਲ ਕੀਤਾ ਗਿਆ ਜਿਵੇ :

1994 ਵਿਚ 4150.18 ਕਰੋੜ ਜੋ ਕੁਲ ਖਰਚੇ ਦਾ 2.92 ਪ੍ਰਤੀਸ਼ਤ ਹੈ

1995-96 ਵਿਚ 3313.84 ਕਰੋੜ ਜੋ ਕੁਲ ਖਰਚੇ ਦਾ 2.09 ਪ੍ਰਤੀਸ਼ਤ ਹੈ,

1996-97 ਵਿਚ 5629.19 ਕਰੋੜ ਜੋ ਕੁਲ ਖਰਚੇ ਦਾ 4.50 ਪ੍ਰਤੀਸ਼ਤ ਹੈ ਅਤੇ

1997-98 ਵਿਚ 11,108,00 ਕਰੋੜ ਜੋ ਕੁਲ ਖਰਚੇ ਦਾ 5.29 ਪ੍ਰਤੀਸ਼ਤ ਹੈ।

ਇਹ ਠੀਕ ਹੈ ਕਿ ਸਰਕਾਰ ਨੇ ਇਸ ਪਛੜੇ ਵਰਗ ਦੇ ਜੀਵਨ ਪੱਧਰ ਨੂੰ ਬੇਹਤਰ ਬਨਾਉਣ ਲਈ ਕਈ ਸ਼ਲਾਘਾਪੂਰਣ ਕਦਮ ਚੁੱਕੇ ਹਨ। ਪਰ ਅਜੇ ਵੀ ਉਹ ਆਪਣੇ ਉਦੇਸ਼ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੀ। ਅਜੇ ਵੀ ਅਸੀਂ ਵੇਖਦੇ ਹਾਂ ਕਿ ਸਮਾਜ ਦੇ ਦੂਜੇ ਵਰਗਾਂ ਅਤੇ ਪਛੜੇ ਵਰਗ ਵਿਚਕਾਰ ਖੱਪਾ ਮੌਜੂਦ ਹੈ। ਅਜੇ ਵੀ ਉਹ ਅਨਪੜ੍ਹਤਾ, ਬਿਮਾਰੀ, ਬੇਕਾਰੀ ਅਤੇ ਗਰੀਬੀ ਦੇ ਸ਼ਿਕਾਰ ਹਨ। ਇਸ ਲਈ ਉਹਨਾਂ ਦੇ ਪੂਰਣ ਵਿਕਾਸ ਲਈ ਸਰਕਾਰ ਨੂੰ ਬਹੁਤ ਕੁਝ ਹੋਰ ਕਰਨਾ ਪਵੇਗਾ ਵਰਤਮਾਨ ਕੇਂਦਰ ਅਤੇ ਰਾਜ ਸਰਕਾਰਾਂ ਇਹਨਾਂ ਸ਼੍ਰੇਣੀਆਂ ਦੀ ਭਲਾਈ ਕੰਮ ਕਰਨ ਲਈ ਦ੍ਰਿੜ੍ਹ ਹਨ ਅਤੇ ਇਹੋ ਕਾਰਨ ਹੈ ਕਿ 20 ਨੁਕਜਾਤੀ ਪ੍ਰੋਗਰਾਮ ਨੂੰ ਸੁਰਜੀਤ ਕੀਤਾ ਗਿਆ ਹੈ। ਰਾਸ਼ਟਰੀ ਕੌਮੀ ਮੋਰਚਾ ਸਰਕਾਰ ਨੇ ਮੰਡਲ ਕਮਿਸ਼ਨ ਰਾਹੀਂ ਪਛੜੀਆਂ ਜਾਤੀਆਂ ਲਈ ਰਾਖਵਾਂਕਰਨ ਦਾ ਘੇਰਾ 15 ਪ੍ਰਤੀਸ਼ਤ ਤੋਂ ਵਧਾ ਕੇ 27 ਪ੍ਰਤੀਸ਼ਤ ਕਰ ਦਿੱਤਾ।

**ਨੌਂਵੀ ਯੋਜਨਾ (1997-2002)**

ਸਪੈਸ਼ਲ ਕੰਪੋਨੈਂਟ ਯੋਜਨਾ ਤਹਿਤ 10.63 ਪ੍ਰਤੀਸ਼ਤ ਕੇਂਦਰ ਦੁਆਰਾ ਅਤੇ 12.20 ਪ੍ਰਤੀਸ਼ਤ ਰਾਜਾਂ ਦੁਆਰਾ ਇਹਨਾਂ ਲੋਕਾਂ ਦੀ ਭਲਾਈ ਲਈ ਖਰਚਿਆ ਗਿਆ।

**ਦਸਵੀਂ ਯੋਜਨਾ (2002-2007)**

ਸਪੈਸ਼ਲ ਕੰਪੋਨੈਂਟ ਯੋਜਨਾ ਦੇ ਤਹਿਤ 2313.40 ਕਰੋੜ ਰੁਪਏ ਖਰਚ ਕੀਤੇ ਗਏ।

## ਮੁੱਖ ਨੁਕਤੇ

**(Main Points)**

ਪਛੜੀ ਸ਼੍ਰੇਣੀ ਦੇ ਅਰਥ : ਪਛੜੇਪਣ ਦਾ ਪ੍ਰਗਟਾਉ ਵਿਅਕਤੀ ਨੂੰ ਆਮ ਵਿਕਾਸ ਲਈ ਲੋੜੀਦੀ ਅਵਸਰਾਂ

ਦੀ ਘਾਟ ਰਾਹੀਂ ਕੀਤਾ ਜਾਂਦਾ ਹੈ, ਖਾਸ ਕਰਕੇ ਇਹ ਆਰਥਿਕ ਜੀਵਨ ਅਤੇ ਸਿਹਤ, ਮਕਾਨ ਅਤੇ ਸਿੱਖਿਆ ਦੇ ਮਾਮਲਿਆਂ ਵਿਚ ਕੀਤਾ ਜਾਂਦਾ ਹੈ। ਇਸ ਨੂੰ ਆਮਦਨ ਦੇ ਘੱਟ ਪੱਧਰਾਂ, ਅਨਪੜ੍ਹਤਾ ਦੇ ਫੈਲਾਊ ਅਤੇ ਜ਼ਿੰਦਗੀ ਦੇ ਹਾਲਤਾਂ ਦੁਆਰਾ ਪ੍ਰਦਰਸ਼ਿਤ ਕੀਤੇ ਜਾ ਰਹੇ ਨੀਵੇਂ ਪੱਧਰ ਦੇ ਪੈਮਾਨੇ ਰਾਹੀਂ ਮਾਪਿਆ ਜਾ ਸਕਦਾ ਹੈ।

ਸਰਕਾਰ ਦੀ ਨੀਤੀ : ਸਰਾਕਰ ਦੀ ਨੀਤੀ ਸਮਾਜ ਦੇ ਇਸ ਪਛੜੇ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਉਠਾਉਣਾ ਹੈ ਤਾਂ ਜੋ ਇਹ ਆਤਮ-ਨਿਰਭਰ ਬਣ ਸਕੇ ਅਤੇ ਚੰਗੇਰੀ ਅਤੇ ਖੁਸ਼ਹਾਲ ਜ਼ਿੰਦਗੀ ਬਿਤਾ ਸਕੇ।

1. ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਕਮਿਸ਼ਨ ਦੀ ਨਿਯੁਕਤੀ।
2. ਛੂਤਛਾਤ (ਅਪਰਾਧ) ਕਾਨੂੰਨ 1955 ਨੂੰ ਖਾਸ ਕਰਕੇ ਦੇਸ਼ ਵਿਚੋਂ ਛੂਤਛਾਤ ਦਾ ਖਾਤਮਾ ਕਰਨਾ।
3. ਲੋਕ ਸਭਾ, ਰਾਜ ਵਿਧਾਨ ਸਭਾਵਾਂ ਅਤੇ ਸਥਾਨਕ ਸੰਸਥਾਵਾਂ ਵਿਚ ਪ੍ਰਤੀਨਿਧਤਾ।
4. ਸਿਵਲ ਸੇਵਾਵਾਂ ਵਿਚ ਸੀਟਾਂ ਰਾਖਵੀਆਂ ਰੱਖਣਾ, ਭਾਰਤੀ ਸਮੇਂ ਅਤੇ ਤਰੱਕੀ ਸਮੇਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਲਈ ਕੁਝ ਸੀਟਾਂ ਰਾਖਵੀਆਂ ਰੱਖਣੀਆਂ। ਸਾਲ 1989–90 ਵਿਚ ਇਹਨਾਂ ਸ਼੍ਰੇਣੀਆਂ ਦੀ ਆਰਥਿਕ ਉੱਨਤੀ ਲਈ 100 ਕਰੋੜ ਰੁਪਏ ਖਰਚ ਕੀਤੇ ਗਏ।
5. 1994–95 ਦੌਰਾਨ 273.85 ਕਰੋੜ ਰੁਪਏ ਅਤੇ 1995–96 ਵਿਚ 275 ਰੁਪਏ ਮੁਕੱਰਰ ਕੀਤੇ ਗਏ। ਸਿੱਖਿਆ ਲਈ ਸਹੂਲਤਾਂ ਮੁਫਤ ਸਿੱਖਿਆ, ਵਜੀਫੇ, ਮੁਫਤ ਕਿਤਾਬਾਂ ਅਤੇ ਸਿੱਖਿਆ ਸੰਸਥਾਵਾਂ ਵਿਚ ਦਾਖਲੇ ਸਮੇਂ ਇਹਨਾਂ ਲਈ ਸੀਟਾਂ ਰਾਖਵੀਆਂ ਰੱਖਣਾ।
6. ਆਰਥਿਕ ਵਿਕਾਸ ਤਾਂ ਜੋ ਇਨ੍ਹਾਂ ਦਾ ਜੀਵਨ ਪੱਧਰ ਉਚੇਰਾ ਬਣਾਇਆ ਜਾ ਸਕੇ ਅਤੇ ਇਨ੍ਹਾਂ ਨੂੰ ਸਮਾਜ ਵਿਚ ਬੇਹਤਰ ਦਰਜਾ ਪ੍ਰਾਪਤ ਹੋ ਸਕੇ। ਇਸ ਲਈ ਬੇਜ਼ਮੀਨੇ ਲੋਕਾਂ ਨੂੰ ਜ਼ਮੀਨ ਦੇਣਾ, ਘਰੇਲੂ ਅਤੇ ਛੋਟੇ ਪੈਮਾਨੇ ਦੇ ਉਦਯੋਗ ਲਗਾਉਣ ਵਿਚ ਸਹਾਇਤਾ ਖੇਤੀਬਾੜੀ ਮਜ਼ਦੂਰਾਂ ਦੀਆਂ ਉਜਰਤਾਂ ਵਿਚ ਵਾਧਾ, ਬਗਾਰ ਅਤੇ ਸਾਹੂਕਾਰਾਂ ਦੇ ਚੰਗਲ ਤੋਂ ਛੁਟਕਾਰਾ ਕਰਜ਼ੇ ਅਤੇ ਗ੍ਰਾਂਟਾਂ ਦੀਆਂ ਸਹੂਲਤਾਂ।
7. ਸਿਹਤ ਸੇਵਾਵਾਂ-ਪ੍ਰਸੂਤੀ ਅਤੇ ਡਾਕਟਰੀ ਸਹਾਇਤਾ ਅਤੇ ਪਰਿਵਾਰ ਨਿਯੋਜਨ ਸੰਬੰਧੀ ਸਹੂਲਤਾਂ।
8. ਰਿਹਾਇਸ਼ੀ ਅਤੇ ਹੋਰ ਸਹੂਲਤਾਂ-ਮੁਫਤ ਪਲਾਟ ਅਤੇ ਬਣੇ ਬਣਾਏ ਮਕਾਨ ਕਿਸ਼ਤਾਂ ਤੇ ਦੇਣਾ ਪੀਣ ਵਾਲੇ ਪਾਣੀ ਅਤੇ ਬਿਜਲੀ ਦੀ ਸਪਲਾਈ।
9. ਕਬਾਇਲੀ ਵਿਕਾਸ ਬਲਾਕ।

ਗਿਆਰਵੀਂ ਯੋਜਨਾ ਦੋਰਾਨ ਕੁਲ 8,228,.67 ਕਰੋੜ ਰੁਪਏ ਐਸ.ਸੀ. ਦੀ ਭਲਾਈ ਲਈ ਭਾਵ Post Matric Scholarship, Pre-matric Scholoarship, National Overseas Scholarship, Rajiv Gandhi National Fellowship, Scheme for free coaching ਆਦਿ ਉਪਰ ਖਰਚਿਆ ਗਿਆ।